ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK sadelok.com

25 ਫਰਵਰੀ ਤੋਂ 3 ਮਾਰਚ 2026

ਸਾਲ 17ਵਾਂ - ਅੰਕ 9

email : info@sadelok.com

Ph. : 510-706-1300

Fax : 925-373-1300

## ਕੈਲੀਫੋਰਨੀਆ ਗਵਰਨਰ ਦੀ ਚੋਣ: ਅਮਰੀਕਾ ਦੇ ਪ੍ਰਮੁੱਖ ਬਿਜ਼ਨਸ ਟਾਈਕੂਨ ਸ. ਰਾਜ ਧਾਮੀ ਦੇ ਗ੍ਰਹਿ ਵਿਖੇ ਕਾਂਗਰਸਮੈਨ ਐਰਿਕ ਸਵਾਲਵੈਲ ਲਈ ਜੁੜਿਆ ਸਿਆਸੀ ਸੈਲਾਬ



(ਦੇਖੋ ਸਫ਼ਾ 32-33 'ਤੇ)

## ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦੀਆਂ ਹੈੱਡ ਗ੍ਰੰਥੀ ਵਜੋਂ ਸੇਵਾਵਾਂ ਖਤਮ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਰਘਬੀਰ ਸਿੰਘ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ। ਇਸ ਤੋਂ ਪਹਿਲਾਂ ਕਾਫੀ ਦੇਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਹੰਗਾਮੀ ਇਕੱਤਰਤਾ ਇੱਥੇ ਮੁੱਖ ਦਫਤਰ ਵਿਖੇ ਜਾਰੀ (ਦੇਖੋ ਸਫ਼ਾ 34 'ਤੇ)

## ਅਮਰੀਕਾ 'ਚ ਆਏ ਬਰਫ਼ੀਲੇ ਤੂਫ਼ਾਨ ਕਾਰਨ 11,000 ਤੋਂ ਵੱਧ ਉਡਾਣਾਂ ਰੱਦ

### ਸੜਕਾਂ 'ਤੇ ਬਰਫ਼ 'ਚ ਫਸੀਆਂ ਕਾਰਾਂ ਨੂੰ ਬਾਹਰ ਕੱਢਣ 'ਚ ਆ ਰਹੀ ਮੁਸ਼ਕਿਲ



ਨਿਊਯਾਰਕ, (ਸਾਡੇ ਲੋਕ) : ਨਿਊਯਾਰਕ ਸਿਟੀ ਵਿੱਚ ਕੁਦਰਤ ਨੇ ਆਪਣਾ ਰੌਦਰ ਰੂਪ ਦਿਖਾਇਆ ਹੈ। ਭਾਰੀ ਬਰਫ਼ਬਾਰੀ ਅਤੇ ਬਰਫ਼ੀਲੇ ਤੂਫ਼ਾਨ ਨੇ ਪੂਰੇ ਸ਼ਹਿਰ ਦੀ ਰਫ਼ਤਾਰ (ਦੇਖੋ ਸਫ਼ਾ 28 'ਤੇ)

## ਟਰੇਸੀ ਅਗਵਾ ਕਾਂਡ: 'ਕਿਸੇ ਹੋਰ ਅਪਰਾਧੀ ਦਾ ਗੁਨਾਹ ਸਜ਼ਾ ਕਿਸੇ ਹੋਰ ਨਿਰਦੋਸ਼ ਨੂੰ ਮਿਲ ਗਈ

### 'ਗਲਤ ਪਛਾਣ' ਨੇ ਖੋਹ ਲਈ ਪਰਿਵਾਰ ਦੀ ਖੁਸ਼ੀ; 23 ਸਾਲ ਸੇਵਾ ਕਰਨ ਵਾਲੇ ਭਾਈ ਅਵਤਾਰ ਸਿੰਘ ਦੀ ਮੌਤ ਨਾਲ ਸਿੱਖ ਜਗਤ ਸਦਮੇ 'ਚ

ਟਰੇਸੀ (ਕੈਲੀਫੋਰਨੀਆ) : ਟਰੇਸੀ ਦੇ ਸ਼ਾਂਤ ਮਾਹੌਲ ਵਿੱਚ ਇੱਕ ਅਜਿਹੀ ਖ਼ੌਫ਼ਨਾਕ ਘਟਨਾ ਵਾਪਰੀ, ਜਿਸ ਨੇ ਨਾ ਸਿਰਫ਼ ਸਥਾਨਕ ਭਾਈਚਾਰੇ ਨੂੰ ਸਗੋਂ ਪੂਰੀ ਦੁਨੀਆ ਵਿੱਚ ਵਸਦੇ ਪੰਜਾਬੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਗੁਰਦੁਆਰਾ ਸਾਹਿਬ ਵਿੱਚ ਪਿਛਲੇ 23 ਸਾਲਾਂ ਤੋਂ ਲੰਗਰ ਦੀ ਸੇਵਾ ਨਿਭਾ ਰਹੇ 57 ਸਾਲਾ ਅਵਤਾਰ ਸਿੰਘ ਦੀ ਅਗਵਾ ਤੋਂ ਬਾਅਦ ਹੋਈ ਮੌਤ ਨੇ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਅਵਤਾਰ ਸਿੰਘ ਕਿਸੇ ਦੁਸ਼ਮਣੀ ਦਾ ਨਹੀਂ, ਸਗੋਂ 'ਗਲਤ ਪਛਾਣ' (Mistaken Identity) ਦਾ ਸ਼ਿਕਾਰ ਹੋਏ।

ਸੇਵਾ ਦਾ ਪੁੰਜ: ਗੁਰੂ ਘਰ ਦਾ ਉਹ ਰਸੋਈਆ ਜੋ ਸਭ ਦਾ ਪਿਆਰਾ ਸੀ

ਅਵਤਾਰ ਸਿੰਘ ਸਿਰਫ਼ ਇੱਕ ਹੈੱਡ ਕੁੱਕ (ਮੁੱਖ ਲੰਗਰੀ) ਨਹੀਂ ਸਨ, ਬਲਕਿ ਸੰਗਤ ਲਈ ਇੱਕ ਭਰੋਸੇਮੰਦ ਸਤੰਭ ਸਨ। ਉਹ ਰੋਜ਼ਾਨਾ ਤੜਕਸਾਰ ਉੱਠ ਕੇ ਲੰਗਰ ਤਿਆਰ ਕਰਦੇ ਅਤੇ ਹਰ ਆਉਣ-ਜਾਣ ਵਾਲੇ ਦਾ ਹਾਲ-ਚਾਲ ਪੁੱਛਦੇ। ਨੌਜਵਾਨ ਸੇਵਾਦਾਰਾਂ ਨੂੰ ਉਹ ਪਿਆਰ ਨਾਲ ਵਿਰਾਸਤੀ ਪਕਵਾਨਾਂ ਦੀਆਂ ਬਾਰੀਕੀਆਂ ਸਿਖਾਉਂਦੇ ਸਨ।

ਘਰ ਵਿੱਚ ਖੁਸ਼ੀਆਂ ਦਾ ਆਗਮਨ: ਤਿੰਨ ਨਵਜੰਮੇ ਬੱਚਿਆਂ ਦੇ ਸਿਰ ਤੋਂ ਉੱਠਿਆ ਪਿਤਾ ਦਾ ਸਾਇਆ : ਅਵਤਾਰ ਸਿੰਘ ਦੇ ਨਿੱਜੀ (ਦੇਖੋ ਸਫ਼ਾ 34 'ਤੇ)



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

## ਵਰਲਡ ਸਿੱਖ ਪਾਰਲੀਮੈਂਟ ਦਾ ਸਾਲਾਨਾ 6ਵਾਂ ਇਜਲਾਸ ਆਸਟ੍ਰੇਲੀਆ 'ਚ ਸਫਲਤਾਪੂਰਵਕ ਸੰਪੰਨ

### ਵਿਸ਼ਵ ਪੱਧਰ 'ਤੇ ਸਿੱਖਾਂ ਦੀ ਸੁਰੱਖਿਆ ਅਤੇ ਸਿਆਸੀ ਅਵਾਜ਼ ਨੂੰ ਮਜ਼ਬੂਤ ਕਰਨ ਲਈ ਲਏ ਵੱਡੇ ਫੈਸਲੇ



ਮੈਲਬੌਰਨ/ਅਸਟਰੇਲੀਆ : ਵਰਲਡ ਸਿੱਖ ਪਾਰਲੀਮੈਂਟ ਦਾ 2025-26 ਦਾ 6ਵਾਂ ਇਤਿਹਾਸਕ ਇਜਲਾਸ ਆਸਟ੍ਰੇਲੀਆ ਵਿਖੇ ਸਫਲਤਾਪੂਰਵਕ ਸੰਪੰਨ ਹੋਇਆ। ਇਸ ਇਕੱਤਰਤਾ ਵਿੱਚ ਆਸਟ੍ਰੇਲੀਆ, ਨਿਊਜ਼ੀਲੈਂਡ, ਬਰਤਾਨੀਆ, ਅਮਰੀਕਾ, ਕੈਨੇਡਾ ਅਤੇ ਯੂਰਪ ਤੋਂ 125 ਤੋਂ ਵੱਧ ਡੈਲੀਗੇਟਾਂ ਅਤੇ 25 ਤੋਂ ਵੱਧ ਪੰਥਕ ਸੰਸਥਾਵਾਂ ਦੇ (ਦੇਖੋ ਸਫ਼ਾ 30-31 'ਤੇ)

## ਅਮਰੀਕੀ ਸੁਪਰੀਮ ਕੋਰਟ 'ਚ ਸਰਬਲੋਹ 'ਕੜੇ' ਦੇ ਜਲੌਅ ਨੇ ਰਚਿਆ ਇਤਿਹਾਸ

### ਕੜਾ ਮੇਰੀ ਆਤਮਿਕ ਅਤੇ ਮਾਨਸਿਕ ਸ਼ਕਤੀ ਦਾ ਪ੍ਰਤੀਕ : ਸ਼੍ਰੀ ਨੀਲ ਕਟਿਆਲ

ਵਾਸ਼ਿੰਗਟਨ ਡੀ.ਸੀ. (ਸਾਡੇ ਲੋਕ) : ਅਮਰੀਕੀ ਲੋਕਤੰਤਰ ਦੇ ਇਤਿਹਾਸ ਵਿੱਚ 21 ਫਰਵਰੀ 2026 ਦਾ ਦਿਨ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਅਮਰੀਕਾ ਦੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ



ਵਿਵਾਦਤ ਟੈਰਿਫ ਫੈਸਲਿਆਂ ਨੂੰ 6-3 ਦੇ ਬਹੁਮਤ ਨਾਲ ਰੱਦ ਕਰਦਿਆਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕਾਨੂੰਨ ਦੀ ਕਲਮ ਕਿਸੇ ਵੀ ਸ਼ਕਤੀਸ਼ਾਲੀ ਆਗੂ ਦੇ ਹੁਕਮ ਨਾਲੋਂ ਵੱਡੀ ਹੁੰਦੀ ਹੈ। ਪਰ ਇਸ ਕਾਨੂੰਨੀ ਜੰਗ ਦੇ ਕੇਂਦਰ ਵਿੱਚ ਇੱਕ ਅਜਿਹੀ ਤਸਵੀਰ ਸਾਹਮਣੇ ਆਈ ਹੈ ਜਿਸ ਨੇ ਸਮੁੱਚੇ ਭਾਰਤੀ ਭਾਈਚਾਰੇ ਦੇ ਦਿਲਾਂ ਨੂੰ ਟੁੰਬ ਲਿਆ ਹੈ—ਇਹ ਤਸਵੀਰ ਸੀ (ਦੇਖੋ ਸਫ਼ਾ 35 'ਤੇ)

> ਰਾਸ਼ਟਰਪਤੀ ਤਾਕਤਵਰ ਹੋ ਸਕਦੇ ਹਨ, ਪਰ ਸਾਡਾ ਸੰਵਿਧਾਨ ਸਭ ਤੋਂ ਮਹਾਨ ਹੈ

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਤੋਂ ਪੁੱਜੇ ਸਿੱਖ ਵਫ਼ਦ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ : ਅਮਰੀਕਾ ਦੀਆਂ ਸਿੱਖ ਸੰਗਤਾਂ ਦੇ ਇਕ ਵਫ਼ਦ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਕੈਲੇਫੋਰਨੀਆ ਦੇ ਯੂਬਾਸਿਟੀ ਅੰਦਰ ਧਰਮ ਪ੍ਰਚਾਰ ਕੇਂਦਰ ਜਲਦ ਸਥਾਪਤ ਕਰਨ ਦੀ ਅਪੀਲ ਕੀਤੀ ਹੈ। ਇਹ ਵਫ਼ਦ ਸ. ਦਲਬੀਰ ਸਿੰਘ ਗਿੱਲ ਦੀ ਅਗਵਾਈ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਪੁੱਜਿਆ ਹੈ, ਜਿਸ ਵਿਚ ਸ. ਗੁਰਮੁੱਖ ਸਿੰਘ ਧਨੋਆ, ਬੀਬੀ ਲਖਵਿੰਦਰ ਕੌਰ, ਬੀਬੀ ਜਿੰਦਰਜੀਤ ਕੌਰ ਗਿੱਲ, ਬੀਬੀ ਚਰਨਜੀਤ ਕੌਰ ਗਿੱਲ ਅਤੇ ਬੀਬੀ ਕੁਲਦੀਪ ਕੌਰ ਧਨੋਆ ਆਦਿ ਸ਼ਾਮਲ ਸਨ।



ਇਸ ਮੌਕੇ ਸ. ਦਲਬੀਰ ਸਿੰਘ ਗਿੱਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀ ਸਭ ਤੋਂ ਵੱਡੀ ਸੰਵਿਧਾਨਕ ਸੰਸਥਾ ਹੈ, ਜੋ ਦੇਸ਼ ਦੁਨੀਆ ਅੰਦਰ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਨਿਰੰਤਰ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨਿਵਾਸੀ ਸਿੱਖ ਸ. ਦੀਦਾਰ ਸਿੰਘ ਬੈਂਸ ਅਤੇ ਪਰਿਵਾਰ ਵੱਲੋਂ ਯੂਬਾਸਿਟੀ ਵਿਖੇ ਬੀਤੇ ਸਮੇਂ ਵਿਚ ਸ਼੍ਰੋਮਣੀ ਕਮੇਟੀ ਨੂੰ ਜ਼ਮੀਨ ਦਿੱਤੀ ਗਈ ਸੀ, ਜਿਸ 'ਤੇ ਧਰਮ ਦੇ ਪ੍ਰਚਾਰ ਪ੍ਰਸਾਰ ਨੂੰ ਹੋਰ ਪ੍ਰਫੁਲਤ ਕਰਨ ਲਈ ਕੇਂਦਰ ਸਥਾਪਤ ਕਰਨ ਲਈ ਸਿੱਖ ਸੰਗਤਾਂ ਅੰਦਰ ਵੱਡੀ ਉਤਸੁਕਤਾ ਹੈ। ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਵੱਡੀ ਲੋੜ ਵੀ ਹੈ, ਜਿਸ ਵਿਚ ਅਮਰੀਕਾ ਦੀਆਂ ਸਿੱਖ ਸੰਗਤਾਂ ਸ਼੍ਰੋਮਣੀ ਕਮੇਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣਗੀਆਂ।

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਕਾਰਜ ਕਰਨ ਲਈ ਹਮੇਸ਼ਾ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਿੱਖੀ ਪ੍ਰਚਾਰ ਨੂੰ ਹੋਰ ਪ੍ਰਚੰਡ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਯੂਬਾਸਿਟੀ ਅੰਦਰ ਸ. ਦੀਦਾਰ ਸਿੰਘ ਬੈਂਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਜ਼ਮੀਨ 'ਤੇ ਕੇਂਦਰ ਸਥਾਪਤ ਕਰਨਾ ਏਜੰਡੇ 'ਤੇ ਹੈ ਅਤੇ ਜਲਦ ਹੀ ਇਸ 'ਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅਮਰੀਕਾ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਕਾਰਜ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਸਹਿਯੋਗ ਦੇਣ ਲਈ ਅੱਗੇ ਆਉਣ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ. ਦਲਬੀਰ ਸਿੰਘ ਗਿੱਲ ਦੀ ਅਗਵਾਈ 'ਚ ਪੁੱਜੇ ਵਫ਼ਦ ਨੂੰ ਸਨਮਾਨਿਤ ਵੀ ਕੀਤਾ।







# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ
ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

### ਅਮਰੀਕਾ ’ਚ ਖ਼ੌਫ਼ਨਾਕ ਵਾਰਦਾਤ !

# ਅਗਵਾ ਕੀਤੇ ਸਿੱਖ ਵਿਅਕਤੀ ਦੀ ਮਿਲੀ ਲਾਸ਼, ਇਲਾਕੇ ’ਚ ਫੈਲੀ ਸਨਸਨੀ



ਕੈਲੀਫੋਰਨੀਆ : ਅਮਰੀਕਾ ਤੋਂ ਇਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆ ਰਹੀ ਹੈ, ਕੈਲੀਫੋਰਨੀਆ ਦੇ ਟਰੇਸੀ ਇਲਾਕੇ ’ਚ ਸਥਿਤ ਗੁਰੂਘਰ ਨੇੜਿਓਂ ਬੀਤੇ ਦਿਨੀਂ ਅਗਵਾ ਕੀਤੇ ਗਏ ਇਕ 57 ਸਾਲਾ ਸਿੱਖ ਵਿਅਕਤੀ ਦੀ ਮੌਤ ਹੋ ਗਈ ਹੈ। ਇਸ ਸਨਸਨੀਖੇਜ਼ ਖ਼ਬਰ ਨੇ ਹਰ ਕਿਸੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੁਲਿਸ ਨੂੰ ਜਾਂਚ ਦੌਰਾਨ ਉਸ ਦੀ ਲਾਸ਼ ਇੱਕ ਸੁੰਨਸਾਨ ਇਲਾਕੇ ਵਿੱਚੋਂ ਬਰਾਮਦ ਹੋਈ ਹੈ। ਇਸ ਘਟਨਾ ਨੇ ਵਿਦੇਸ਼ਾਂ ਵਿੱਚ ਰਹਿ ਰਹੇ ਸਿੱਖਾਂ ਦੀ ਸੁਰੱਖਿਆ ’ਤੇ ਇੱਕ ਵਾਰ ਫਿਰ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। 57 ਸਾਲਾ ਸ. ਅਵਤਾਰ ਸਿੰਘ ਨੂੰ ਕੁਝ ਦਿਨ ਪਹਿਲਾਂ ਅਣਪਛਾਤੇ ਹਮਲਾਵਰਾਂ ਵੱਲੋਂ ਅਗਵਾ ਕਰ ਲਿਆ ਗਿਆ ਸੀ। ਉਸ ਸਮੇਂ ਉਹ ਆਪਣੇ ਕੰਮ ’ਤੇ ਸੀ ਜਦੋਂ ਅਣਪਛਾਤੇ ਨੌਜਵਾਨ ਉਨ੍ਹਾਂ ਨੂੰ ਅਗਵਾ ਕਰ ਕੇ ਲੈ ਗਏ। ਪਰਿਵਾਰ ਨੇ ਤੁਰੰਤ ਸਥਾਨਕ ਪੁਲਿਸ ਨੂੰ ਸੂਚਿਤ ਕੀਤਾ ਅਤੇ ਸੋਸ਼ਲ ਮੀਡੀਆ ਰਾਹੀਂ ਵੀ ਮਦਦ ਦੀ ਗੁਹਾਰ ਲਗਾਈ ਸੀ। ਕੈਲੀਫੋਰਨੀਆ ਪੁਲਿਸ ਨੇ ਇਸ ਮਾਮਲੇ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਕਈ ਟੀਮਾਂ ਗਠਿਤ ਕੀਤੀਆਂ ਸਨ। ਪੁਲਿਸ ਨੂੰ ਸ਼ੱਕ ਸੀ ਕਿ ਇਹ ‘ਹੇਟ ਕ੍ਰਾਈਮ’ (ਨਫ਼ਰਤੀ ਅਪਰਾਧ) ਦਾ ਮਾਮਲਾ ਹੋ ਸਕਦਾ ਹੈ।

ਤਲਾਸ਼ੀ ਮੁਹਿੰਮ ਦੌਰਾਨ ਪੁਲਿਸ ਨੂੰ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ। ਹਾਲਾਂਕਿ ਪੁਲਿਸ ਨੇ ਅਜੇ ਤੱਕ ਮੌਤ ਦੇ ਸਹੀ ਕਾਰਨਾਂ ਅਤੇ ਕਾਤਲਾਂ ਦੀ ਪਛਾਣ ਬਾਰੇ ਅਧਿਕਾਰਤ ਖੁਲਾਸਾ ਨਹੀਂ ਕੀਤਾ ਹੈ, ਪਰ ਮੁਢਲੀ ਜਾਂਚ ਵਿੱਚ ਇਸ ਨੂੰ ਇੱਕ ਯੋਜਨਾਬੱਧ ਕਤਲ ਵਜੋਂ ਦੇਖਿਆ ਜਾ ਰਿਹਾ ਹੈ।

ਮ੍ਰਿਤਕ ਦੇ ਪਰਿਵਾਰਕ ਮੈਂਬਰ, ਜੋ ਪੰਜਾਬ ਨਾਲ ਸਬੰਧ ਰੱਖਦੇ ਹਨ, ਉਸ ਦੀ ਮੌਤ ਤੋਂ ਬਾਅਦ ਬੁਰੀ ਤਰ੍ਹਾਂ ਸਦਮੇ ਵਿੱਚ ਹਨ। ਅਮਰੀਕਾ ਵਿੱਚ ਸਿੱਖ ਜਥੇਬੰਦੀਆਂ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਅਮਰੀਕੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ। ਪੰਜਾਬ ਵਿੱਚ ਰਹਿ ਰਹੇ ਮ੍ਰਿਤਕ ਦੇ ਰਿਸ਼ਤੇਦਾਰਾਂ ਨੇ ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕੀ ਸਰਕਾਰ ਨਾਲ ਗੱਲਬਾਤ ਕਰਨ ਤਾਂ ਜੋ ਪਰਿਵਾਰ ਨੂੰ ਇਨਸਾਫ਼ ਮਿਲ ਸਕੇ ਅਤੇ ਮ੍ਰਿਤਕ ਦੇਹ ਨੂੰ ਪੰਜਾਬ ਲਿਆਉਣ ਵਿੱਚ ਮਦਦ ਕੀਤੀ ਜਾ ਸਕੇ।

# ਡੋਨਾਲਡ ਟਰੰਪ ’ਤੇ ਹਮਲੇ ਦੀ ਸਾਜ਼ਿਸ਼ ! ਫਲੋਰੀਡਾ ਰਿਜ਼ੌਰਟ ’ਚ ਹਥਿਆਰਬੰਦ ਹਮਲਾਵਰ ਢੇਰ



ਫਲੋਰੀਡਾ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਵਾਰ ਫਿਰ ਅੱਤਵਾਦੀ ਸਾਜ਼ਿਸ਼ ਦਾ ਨਿਸ਼ਾਨਾ ਬਣਨ ਤੋਂ ਵਾਲ-ਵਾਲ ਬਚ ਗਏ ਹਨ। ਫਲੋਰੀਡਾ ਦੇ ਪਾਮ ਬੀਚ ਸਥਿਤ ਉਨ੍ਹਾਂ ਦੇ ਮਸ਼ਹੂਰ ‘ਮਾਰ-ਏ-ਲਾਗੋ’ ਰਿਜ਼ੌਰਟ ਦੇ ਸੁਰੱਖਿਆ ਘੇਰੇ ਵਿੱਚ ਇੱਕ ਹਥਿਆਰਬੰਦ ਵਿਅਕਤੀ ਦਾਖਲ ਹੋ ਗਿਆ। ਹਾਲਾਂਕਿ, ਸੁਰੱਖਿਆ ਏਜੰਟਾਂ ਨੇ ਮੁਸਤੈਦੀ ਦਿਖਾਉਂਦੇ ਹੋਏ ਹਮਲਾਵਰ ਨੂੰ ਮੌਕੇ ’ਤੇ ਹੀ ਮਾਰ ਮੁਕਾਇਆ।

**ਘਟਨਾ ਦੇ ਸਮੇਂ ਵ੍ਹਾਈਟ ਹਾਊਸ ’ਚ ਸਨ ਟਰੰਪ**

ਅਮਰੀਕੀ ਖੁਫੀਆ ਵਿਭਾਗ ਦੇ ਅਧਿਕਾਰੀਆਂ ਨੇ ਐਤਵਾਰ ਨੂੰ ਜਾਣਕਾਰੀ ਦਿੱਤੀ ਕਿ ਇਹ ਘਟਨਾ ਸ਼ਨੀਵਾਰ ਰਾਤ ਨੂੰ ਵਾਪਰੀ। ਰਾਹਤ ਦੀ ਗੱਲ ਇਹ ਰਹੀ ਕਿ ਘਟਨਾ ਦੇ ਸਮੇਂ ਰਾਸ਼ਟਰਪਤੀ ਟਰੰਪ ਅਤੇ ਫਸਟ ਲੇਡੀ ਮੇਲਾਨੀਆ ਟਰੰਪ ਰਿਜ਼ੌਰਟ ਵਿੱਚ ਮੌਜੂਦ ਨਹੀਂ ਸਨ, ਬਲਕਿ ਉਹ ਵ ?ਹਾਈਟ ਹਾਊਸ ਵਿੱਚ ਸਨ। ਆਮ ਤੌਰ ’ਤੇ ਟਰੰਪ ਆਪਣੇ ਵੀਕੈਂਡ ਇਸ ਰਿਜ਼ੌਰਟ ਵਿੱਚ ਗੁਜ਼ਾਰਦੇ ਹਨ।

**ਸ਼ਾਟਗਨ ਅਤੇ ਬਾਲਣ ਦੀ ਕੇਨ ਨਾਲ ਲੈਸ ਸੀ ਹਮਲਾਵਰ**

ਖੁਫੀਆ ਵਿਭਾਗ ਮੁਤਾਬਕ ਹਮਲਾਵਰ ਰਿਜ਼ੌਰਟ ਦੇ ਉੱਤਰੀ ਗੇਟ ਰਾਹੀਂ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਕੋਲ ਇੱਕ ਸ਼ਾਟਗਨ ਅਤੇ ਬਾਲਣ (Fuel) ਦੀ ਕੇਨ ਸੀ। ਗੇਟ ’ਤੇ ਤਾਇਨਾਤ ਸੀਕਰੇਟ ਸਰਵਿਸ ਦੇ ਏਜੰਟਾਂ ਅਤੇ ਪਾਮ ਬੀਚ ਕਾਉਂਟੀ ਦੇ ਸ਼ੈਰਿਫ ਦੇ ਡਿਪਟੀ ਨੇ ਖਤਰਾ ਦੇਖਦੇ ਹੋਏ ਤੁਰੰਤ ਗੋਲੀਬਾਰੀ ਕੀਤੀ ਅਤੇ ਹਮਲਾਵਰ ਨੂੰ ਢੇਰ ਕਰ ਦਿੱਤਾ। ਫਿਲਹਾਲ ਮਾਰੇ ਗਏ ਵਿਅਕਤੀ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਹੈ।

**ਪਹਿਲਾਂ ਵੀ ਹੋ ਚੁੱਕੇ ਹਨ ਕਈ ਜਾਨਲੇਵਾ ਹਮਲੇ**

ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਟਰੰਪ ’ਤੇ ਹਮਲੇ ਦੀ ਕੋਸ਼ਿਸ਼ ਹੋਈ ਹੋਵੇ। ਇਸ ਤੋਂ ਪਹਿਲਾਂ 13 ਜੁਲਾਈ 2024 ਨੂੰ ਪੈਨਸਿਲਵੇਨੀਆ ਦੀ ਇੱਕ ਚੋਣ ਰੈਲੀ ਦੌਰਾਨ ਉਨ੍ਹਾਂ ’ਤੇ ਗੋਲੀ ਚਲਾਈ ਗਈ ਸੀ, ਜਿਸ ਵਿੱਚ ਉਹ ਜ਼ਖਮੀ ਹੋ ਗਏ ਸਨ। ਇਸ ਤੋਂ ਬਾਅਦ 15 ਸਤੰਬਰ 2024 ਨੂੰ ਵੀ ਵੈਸਟ ਪਾਮ ਬੀਚ ਸਥਿਤ ਉਨ੍ਹਾਂ ਦੇ ਗੋਲਫ ਕੋਰਸ ਨੇੜੇ ਇੱਕ ਰਾਈਫਲਧਾਰੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਨੂੰ ਹਾਲ ਹੀ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

### ਰਾਸ਼ਟਰਪਤੀ ਟਰੰਪ ਦਾ ਧਮਾਕੇਦਾਰ ਦਾਅਵਾ

# ਮੈਂ ਭਾਰਤ-ਪਾਕਿਸਤਾਬਨ ਦੀ ਜੰਗ ਰੋਕ ਕੇ ਕਰੋੜਾਂ ਲੋਕਾਂ ਦੀ ਜਾਨ ਬਚਾਈ

## ਜੇ ਮੈਂ ਨਾ ਹੁੰਦਾ ਤਾਂ ‘ਆਪ੍ਰੇਸ਼ਨ ਸਿੰਦੂਰ’ ਵਿੱਚ ਮਾਰੇ ਜਾਂਦੇ ਪਾਕਿਸਤਾਨੀ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ !

ਵਾਸ਼ਿੰਗਟਨ/ਨਵੀਂ ਦਿੱਲੀ: (ਸਾਡੇ ਲੋਕ) ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਆਪਣੇ ਬਿਆਨ ਨਾਲ ਪੂਰੀ ਦੁਨੀਆ ਵਿੱਚ ਹਲਚਲ ਮਚਾ ਦਿੱਤੀ ਹੈ। 25 ਫਰਵਰੀ 2026 ਨੂੰ ‘ਸਟੇਟ ਆਫ ਦਿ ਯੂਨੀਅਨ’ (SOTU) ਸੰਬੋਧਨ ਦੌਰਾਨ ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਨਾ ਸਿਰਫ਼ ਭਾਰਤ ਅਤੇ ਪਾਕਿਸਤਾਨ ਵਿਚਾਲੇ ਪ੍ਰਮਾਣੂ ਜੰਗ ਨੂੰ ਰੋਕਿਆ, ਸਗੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਜਾਨ ਵੀ ਬਚਾਈ।



**ਮੌਤ ਦੇ ਮੂੰਹ ’ਚੋਂ ਕੱਢਿਆ:** ਟਰੰਪ ਨੇ ਕਿਹਾ ਕਿ ਭਾਰਤ ਦੇ ‘ਆਪ੍ਰੇਸ਼ਨ ਸਿੰਦੂਰ’ ਦੌਰਾਨ ਹਾਲਾਤ ਇੰਨੇ ਖ਼ਤਰਨਾਕ ਸਨ ਕਿ ਸ਼ਾਹਬਾਜ਼ ਸ਼ਰੀਫ਼ ਦੀ ਮੌਤ ਤੈਅ ਸੀ। ਟਰੰਪ ਮੁਤਾਬਕ, ‘ਮੈਂ ਦਖਲ ਦਿੱਤਾ ਅਤੇ ਉਨ੍ਹਾਂ ਨੂੰ ਬਚਾਇਆ।’

**200% ਟੈਰਿਫ ਦੀ ਧਮਕੀ:** ਰਾਸ਼ਟਰਪਤੀ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਦੋਵਾਂ ਦੇਸ਼ਾਂ ਨੂੰ ਧਮਕੀ ਦਿੱਤੀ ਸੀ ਕਿ ਜੇਕਰ ਜੰਗਬੰਦੀ ਨਾ ਹੋਈ, ਤਾਂ ਅਮਰੀਕਾ ਭਾਰਤ ਅਤੇ ਪਾਕਿਸਤਾਨ ’ਤੇ 200% ਵਪਾਰਕ ਟੈਰਿਫ (Tariffs) ਲਗਾ ਦੇਵੇਗਾ।

**3.5 ਕਰੋੜ ਲੋਕਾਂ ਦੀ ਜਾਨ:** ਟਰੰਪ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਸਖ਼ਤ ਡਿਪਲੋਮੇਸੀ ਕਾਰਨ ਦੱਖਣੀ ਏਸ਼ੀਆ ਵਿੱਚ ਲਗਭਗ 35 ਮਿਲੀਅਨ ਲੋਕਾਂ ਦੀ ਜਾਨ ਬਚ ਗਈ।

**ਪਾਕਿਸਤਾਨ ਵੱਲੋਂ ਤਾਰੀਫ਼:** ਹੈਰਾਨੀ ਦੀ ਗੱਲ ਇਹ ਹੈ ਕਿ ਸ਼ਾਹਬਾਜ਼ ਸ਼ਰੀਫ਼ ਨੇ ਖੁਦ ਟਰੰਪ ਨੂੰ ‘ਸਰਿਅਰ-ਏ-ਆਜ਼ਮ’ (Saviour of South Asia) ਕਿਹਾ ਹੈ ਅਤੇ ਉਨ੍ਹਾਂ ਲਈ ਨੋਬਲ ਸ਼ਾਂਤੀ ਪੁਰਸਕਾਰ ਦੀ ਵਕਾਲਤ ਕੀਤੀ ਹੈ।

**ਭਾਰਤ ਦਾ ਸਖ਼ਤ ਰੁਖ:**

ਦੂਜੇ ਪਾਸੇ, ਭਾਰਤੀ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਭਾਰਤ ਦਾ ਕਹਿਣਾ ਹੈ ਕਿ ਜੰਗਬੰਦੀ (Ceasefire) ਕਿਸੇ ਬਾਹਰੀ ਦਬਾਅ ਹੇਠ ਨਹੀਂ, ਸਗੋਂ ਦੋਵਾਂ ਦੇਸ਼ਾਂ ਦੇ ਮਿਲਟਰੀ ਅਧਿਕਾਰੀਆਂ (DGMOs) ਦੀ ਸਿੱਧੀ ਗੱਲਬਾਤ ਰਾਹੀਂ ਹੋਈ ਸੀ। ਟਰੰਪ ਦੇ ਇਸ ਦਾਅਵੇ ਨੇ ਅੰਤਰਰਾਸ਼ਟਰੀ ਰਾਜਨੀਤੀ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਜਿੱਥੇ ਪਾਕਿਸਤਾਨ ਇਸ ਨੂੰ ਜੀਵਨਦਾਨ ਮੰਨ ਰਿਹਾ ਹੈ, ਉੱਥੇ ਭਾਰਤ ਇਸ ਨੂੰ ਟਰੰਪ ਦਾ ਮਹਿਜ਼ ਇੱਕ ‘ਚੋਣਵੀਂ ਗੱਪ’ ਜਾਂ ਸਿਆਸੀ ਸਟੰਟ ਕਰਾਰ ਦੇ ਰਿਹਾ ਹੈ।




ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

**Manteca-Arizona- San Francisco**

239 West Yosemite Ave Manteca CA 95336

hsrotal.64@gmail.com

369 Pine Street, Suite 420, San Francisco, CA 94104

Enyinwalaw@gmail.com



**All Services Under One Roof**



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111

# ਡੇਟਨ ਓਹਾਇਓ ਗੁਰਦੁਆਰਾ ਸਾਹਿਬ ਵਿਖੇ ਸਜਾਇਆ ਗਿਆ 'ਰਾਗ ਬਸੰਤ ਕੀਰਤਨ ਦਰਬਾਰ'







ਡੇਟਨ, ਓਹਾਇਓ, (ਰਾਜ ਗੋਗਨਾ) : ਗੁਰਦੁਆਰਾ ਸਿੱਖ ਸੋਸਾਇਟੀ ਆਫ ਡੇਟਨ ਵਿਖੇ ਬੀਤੇ ਦਿਨੀਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ 'ਰਾਗ ਬਸੰਤ ਕੀਰਤਨ ਦਰਬਾਰ' ਸਜਾਇਆ ਗਿਆ। ਇਸ ਸਮਾਗਮ ਵਿੱਚ ਡੇਟਨ ਤੋਂ ਇਲਾਵਾ ਕੋਲੰਬਸ ਅਤੇ ਸਿਨਸਿਨੈਟੀ ਦੀਆਂ ਸੰਗਤਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਕੀਰਤਨ ਦਰਬਾਰ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ, ਲਗਭਗ 45 ਕੀਰਤਨੀਆਂ ਨੇ ਲਗਾਤਾਰ 8 ਘੰਟੇ ਰਾਗ ਬਸੰਤ ਵਿੱਚ ਗੁਰਬਾਣੀ ਦਾ ਗਾਇਨ ਕੀਤਾ। ਇਸ ਸਮਾਗਮ ਦਾ ਮੁੱਖ ਮਨੋਰਥ ਸੰਗਤਾਂ ਨੂੰ ਸਾਡੀ ਅਮੀਰ ਕੀਰਤਨ ਪਰੰਪਰਾ ਅਤੇ ਰਾਗਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਸੀ। ਕੋਲੰਬਸ ਗੁਰਦੁਆਰਾ ਸਾਹਿਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਭਾਈ ਕੁਲਵੰਤ ਸਿੰਘ ਜੀ ਨੇ ਸੰਗਤਾਂ ਨਾਲ ਗੁਰਮਤਿ ਸੰਗੀਤ ਦੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਕੇਵਲ ਸਜਾਵਟ ਨਹੀਂ, ਸਗੋਂ ਇੱਕ ਅਨੁਸ਼ਾਸਨ ਹੈ ਜੋ ਮਨ ਨੂੰ ਪਰਮਾਤਮਾ ਨਾਲ ਜੋੜਦਾ ਹੈ। ਉਨ੍ਹਾਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਡੇਟਨ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹੇਮ ਸਿੰਘ ਜੀ ਅਤੇ ਭਾਈ ਪ੍ਰੇਮ ਸਿੰਘ ਜੀ ਨੇ ਵੀ ਕੀਰਤਨ ਦੀ ਹਾਜ਼ਰੀ ਭਰੀ ਅਤੇ ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਸਮਾਗਮ ਨੇ ਆਲੇ-ਦੁਆਲੇ ਦੇ ਸ਼ਹਿਰਾਂ ਦੀਆਂ ਸੰਗਤਾਂ ਨੂੰ ਇੱਕ ਮਾਲਾ ਵਿੱਚ ਪਰੋ ਕੇ ਆਪਸੀ ਪ੍ਰੇਮ ਅਤੇ ਸਾਂਝ ਦਾ ਸੁਨੇਹਾ ਦਿੱਤਾ।

# ਗੁਰਦੁਆਰਾ ਨਾਨਕਸ਼ਰ ਫਰਿਜ਼ਨੋ ਵਿਖੇ ਸਲਾਨਾ ਅਖੰਡ ਪਾਠਾਂ ਦੀ ਲੜੀ ਦੇ ਸਮਾਪਤੀ 'ਤੇ ਮਹਾਨ ਕੀਰਤਨ ਸਮਾਗਮ ਹੋਏ

## ਭਾਰੀ ਗਿਣਤੀ ਵਿੱਚ ਸੰਗਤਾਂ ਹੋਈਆਂ ਨਤਮਸਤਕ





ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਹਰ ਸਾਲ ਦੀ ਤਰ੍ਹਾਂ ਧੰਨ-ਧੰਨ ਬਾਬਾ ਨੰਦ ਸਿੰਘ ਜੀ ਅਤੇ ਧੰਨ-ਧੰਨ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲਿਆਂ ਦੀ ਨਿੱਘੀ ਯਾਦ ਅੰਦਰ ਵਰੋਸਾਏ ਗੁਰਦੁਆਰਾ ਨਾਨਕਸ਼ਰ ਫਰਿਜ਼ਨੋ, ਕੈਲੇਫੋਰਨੀਆਂ ਵਿਖੇ ਲਗਾਤਾਰ ਚਲ ਰਹੀ ਅਖੰਡ ਪਾਠਾ ਦੀ ਲੜੀ ਦੀ ਸਮਾਪਤੀ ਦੌਰਾਨ ਸਲਾਨਾ ਮਹਾਨ ਗੁਰਮਤਿ ਕੀਰਤਨ ਸਮਾਗਮ ਕਰਵਾਏ ਗਏ। ਜਿਸ ਦੌਰਾਨ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਧਰਮ ਪ੍ਰਚਾਰਕ ਬੁੱਧੀ ਜੀਵੀਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾ ਦੀ ਸਾਂਝ ਪਾਈ।

ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾ ਹੋਈਆ। ਇਸ ਸਮੇਂ ਗੁਰੂਘਰ ਦੇ ਹਜ਼ੂਰੀ ਕੀਤਤਨੀ ਜੱਥੇ ਵਿੱਚ ਭਾਈ ਹਰਭਜਨ ਸਿੰਘ ਜੀ ਅਤੇ ਹੋਰ ਕੀਰਤਨੀ ਜੱਥਿਆ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸੇ ਦੌਰਾਨ ਬੱਚਿਆਂ ਦੇ ਦੁਆਰਾ ਸ਼ਬਦ ਗਾਇਨ ਕੀਤੇ ਗਏ।

ਜਦਕਿ ਇਸ ਸਮਾਗਮ ਦੀ ਖਾਸ ਗੱਲ ਇਹ ਵੀ ਰਹੀ ਕਿ ਖਾਸ ਤੌਰ 'ਤੇ ਭਾਈ ਹਰਭਜਨ ਸਿੰਘ ਯੋਗੀ ਦੁਆਰਾ ਵਰੋਸਾਏ ਗੋਰਿਆਂ ਦੇ ਕੀਰਤਨੀ ਜੱਥੇ ਨੇ ਨਿਰੋਲ ਗੁਰਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੰਜਾਬ ਤੋਂ ਪਹੁੰਚੇ ਭਾਈ ਦਵਿੰਦਰ ਸਿੰਘ ਸੋਢੀ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ। ਜਦ ਕਿ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਆਪਣੀ ਹਾਜ਼ਰੀ ਭਰੀ।

ਇਸ ਸਮੇਂ ਦਾ ਮਹੌਲ ਇਕ ਧਾਰਮਿਕ ਸਮਾਗਮ ਦੇ ਨਾਲ-ਨਾਲ ਮੇਲੇ ਵਾਂਗ ਲੱਗ ਰਿਹਾ ਸੀ। ਗੁਰੂ ਦੇ ਸੁਆਦਿਸ਼ਟ ਲੰਗਰਾਂ ਵਿੱਚ ਮਿਠਾਈਆਂ, ਜਲੇਬੀਆਂ, ਸਮੋਸੇ, ਪਕੌੜੇ, ਜੂਸ਼ ਅਤੇ ਸੰਤਰੇ ਦੇ ਤਾਜ਼ੇ ਜੂਸ਼ ਆਦਿਕ ਅਤੁੱਟ ਵਰਤ ਰਹੇ ਸਨ।

ਸਮੁੱਚੇ ਪ੍ਰੋਗਰਾਮ ਦੌਰਾਨ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਘੱਟ ਅਤੇ ਲੰਗਰਾਂ ਦੇ ਵਿੱਚ ਜੁੜੀਆਂ ਵੱਧ ਨਜ਼ਰ ਆ ਰਹੀਆਂ ਸਨ। ਇੱਥੇ ਸਮਾਗਮ ਦੌਰਾਨ ਸੰਗਤਾਂ ਨੇ ਆਪਣੀ-ਆਪਣੀ ਸਰਧਾ ਅਨੁਸਾਰ ਗੁਰਬਾਣੀ, ਗੁਰਮਤਿ ਵਿਚਾਰਾ ਅਤੇ ਚਲ ਰਹੇ ਸ਼ੁਆਦਿਸਟ ਲੰਗਰਾਂ ਦਾ ਅਨੰਦ ਮਾਣਿਆ। ਇਸ ਅਖੰਡਪਾਠਾਂ ਦੀ ਲੜੀ ਵਿੱਚ ਸਮੁੱਚੇ ਇਲਾਕੇ ਦੀਆ ਸੰਗਤਾਂ ਨੇ ਮਨ, ਤਨ ਅਤੇ ਧਨ ਨਾਲ ਸੇਵਾਵਾ ਨਿਭਾਈਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਪਾਠਾਂ ਦੀ ਲੜੀ ਪਿਛਲੇ ਤਿੰਨ ਮਹੀਨਿਆਂ ਤੋਂ ਲਗਾਤਾਰ ਚੱਲ ਰਹੀ ਸੀ। ਜਿਸ ਵਿੱਚ ਰੋਜ਼ਾਨਾ ਸਿੱਖ ਕੌਮ ਦੇ ਮਹਾਨ ਕੀਰਤਨੀਏ ਅਤੇ ਪ੍ਰਚਾਰਕ ਸੰਗਤਾਂ ਨੂੰ ਗੁਰੂ ਅਤੇ ਗੁਰਬਾਣੀ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰਦੇ ਸਨ।

ਸਮੁੱਚੇ ਸਮਾਗਮ ਦੌਰਾਨ ਸੰਗਤਾਂ ਦੇ ਭਾਰੀ ਇਕੱਠ ਨੇ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਹਾਜ਼ਰੀਆਂ ਭਰੀਆਂ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ, ਗੁਰਸਿੱਖੀ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੋਇਆਂ ਇਹ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਯਾਦਗਾਰੀ ਹੋ ਨਿਬੜਿਆ।

# ਵਪਾਰਕ ਸਮਝੌਤਿਆਂ ਨਾਲ 'ਖੇਡਣ' ਵਾਲੇ ਦੇਸ਼ਾਂ 'ਤੇ ਲੱਗੇਗਾ ਭਾਰੀ ਟੈਕਸ: ਟਰੰਪ

## ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਰਾਸ਼ਟਰਪਤੀ ਨੇ ਹੋਰ ਵੀ ਸਖ਼ਤ ਟੈਰਿਫ ਅਤੇ ਲਾਇਸੈਂਸ ਫੀਸਾਂ ਲਗਾਉਣ ਦੀ ਦਿੱਤੀ ਧਮਕੀ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਨ੍ਹਾਂ ਦੇਸ਼ਾਂ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਜੋ ਅਮਰੀਕਾ ਨਾਲ ਹੋਏ ਤਾਜ਼ਾ ਵਪਾਰਕ ਸਮਝੌਤਿਆਂ ਤੋਂ ਪਿੱਛੇ ਹਟਣ ਦੀ ਕੋਸ਼ਿਸ਼ ਕਰ ਰਹੇ ਹਨ। ਸੁਪਰੀਮ ਕੋਰਟ ਵੱਲੋਂ ਉਨ੍ਹਾਂ ਦੇ ਐਮਰਜੈਂਸੀ ਟੈਰਿਫਾਂ ਨੂੰ ਰੱਦ ਕੀਤੇ ਜਾਣ ਤੋਂ ਬਾਅਦ, ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਸਾਫ਼ ਕੀਤਾ ਕਿ ਜਿਹੜੇ ਦੇਸ਼ ਇਸ ਫੈਸਲੇ ਦਾ ਫਾਇਦਾ ਉਠਾ ਕੇ 'ਗੇਮਾਂ ਖੇਡਣਗੇ', ਉਨ੍ਹਾਂ ਨੂੰ ਪਹਿਲਾਂ ਨਾਲੋਂ ਵੀ ਕਿਤੇ ਵੱਧ ਅਤੇ 'ਭਿਆਨਕ' ਟੈਰਿਫਾਂ ਦਾ ਸਾਹਮਣਾ ਕਰਨਾ ਪਵੇਗਾ।

ਉਨ੍ਹਾਂ ਕਿਹਾ ਕਿ ਹਾਲਾਂਕਿ ਅਦਾਲਤ ਨੇ ਇੱਕ ਕਾਨੂੰਨ (IEEPA) ਤਹਿਤ ਟੈਰਿਫ ਰੱਦ ਕੀਤੇ ਹਨ, ਪਰ ਉਹ ਹੋਰ ਕਾਨੂੰਨੀ ਸ਼ਕਤੀਆਂ ਦੀ ਵਰਤੋਂ ਕਰਕੇ ਵਧੇਰੇ ਸਖ਼ਤੀ ਨਾਲ ਟੈਕਸ ਲਗਾਉਣ ਦੀ ਸਮਰੱਥਾ ਰੱਖਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਵਪਾਰਕ ਭਾਈਵਾਲਾਂ 'ਤੇ ਨਵੀਂ ਲਾਇਸੈਂਸ ਫੀਸ ਲਗਾਉਣ ਦਾ ਸੰਕੇਤ ਵੀ ਦਿੱਤਾ ਹੈ। ਇਸ ਦੌਰਾਨ, ਟਰੰਪ ਨੇ ਮੰਗਲਵਾਰ ਤੋਂ ਲਾਗੂ ਹੋਣ ਵਾਲੀ 15% ਦੀ ਨਵੀਂ ਦਰਾਮਦ ਡਿਊਟੀ ਦਾ ਐਲਾਨ ਕੀਤਾ ਹੈ, ਜਿਸ ਕਾਰਨ ਵਿਸ਼ਵ ਬਾਜ਼ਾਰਾਂ ਵਿੱਚ ਹਲਚਲ ਮਚ ਗਈ ਹੈ। ਯੂਰਪੀ ਸੰਘ (EU) ਨੇ ਅਮਰੀਕਾ ਨਾਲ ਹੋਣ ਵਾਲੇ ਆਪਣੇ ਵਪਾਰਕ ਸਮਝੌਤੇ ਦੀ ਵੋਟਿੰਗ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਹੈ, ਜਦੋਂਕਿ ਭਾਰਤ ਅਤੇ ਚੀਨ ਵਰਗੇ ਦੇਸ਼ ਵੀ ਚੌਕਸ ਨਜ਼ਰ ਆ ਰਹੇ ਹਨ। ਅਮਰੀਕੀ ਸ਼ੇਅਰ ਬਾਜ਼ਾਰ ਵਿੱਚ ਵੀ ਇਸ ਅਨਿਸ਼ਚਿਤਤਾ ਕਾਰਨ ਗਿਰਾਵਟ ਦੇਖੀ ਗਈ। ਟਰੰਪ ਨੇ ਅਦਾਲਤ ਦੇ ਜੱਜਾਂ ਦੀ ਵੀ ਨਿਖੇਧੀ ਕੀਤੀ ਅਤੇ ਕਿਹਾ ਕਿ ਉਹ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਵੱਖ-ਵੱਖ ਕਾਨੂੰਨੀ ਤਰੀਕਿਆਂ ਨਾਲ ਨਵੀਆਂ ਜਾਂਚਾਂ ਸ਼ੁਰੂ ਕਰਨਗੇ ਤਾਂ ਜੋ 'ਅਨੁਚਿਤ' ਵਪਾਰਕ ਅਭਿਆਸਾਂ ਨੂੰ ਰੋਕਿਆ ਜਾ ਸਕੇ।

# ਨਿਊਜਰਸੀ ਗਵਰਨਰ ਦੇ ਸਲਾਹਕਾਰ ਅਤੇ ਉੱਘੇ ਵਕੀਲ ਜਸਪ੍ਰੀਤ ਸਿੰਘ ਦੀ ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਨਾਲ ਸਿੱਖ ਮਸਲਿਆਂ ਤੇ ਕੀਤੀ ਇਤਿਹਾਸਕ ਮੁਲਾਕਾਤ



ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਪ੍ਰਮੁੱਖ ਸਿੱਖ ਵਕੀਲ ਅਤੇ ਨਿਊ ਜਰਸੀ ਦੇ ਗਵਰਨਰ ਦੇ ਸਲਾਹਕਾਰ ਜਸਪ੍ਰੀਤ ਸਿੰਘ ਨੇ ਨਿਊਯਾਰਕ ਵਿੱਚ ਸਿੱਖ ਮਸਲਿਆਂ ਨੂੰ ਲੈ ਕੇ ਇੱਕ ਉੱਚ ਪੱਧਰੀ ਮੀਟਿੰਗ ਦਾ ਆਯੋਜਨ ਕੀਤਾ ਇਹ ਬੈਠਕ ਮਨਹਾਟਨ ਸਥਿਤ ਗਵਰਨਰ ਦਫਤਰ ਵਿੱਚ ਕੈਥੀਹੋਚੁਲ ਦੇ ਨਾਲ ਹੋਈ। ਲਗਭਗ ਇਕ ਘੰਟੇ ਚੱਲੀ ਇਸ ਮੀਟਿੰਗ ਵਿੱਚ ਨਿਊਯਾਰਕ ਸਟੇਟ ਦੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ। ਜਿਨ੍ਹਾਂ ਵਿੱਚ ਸਟੇਟ ਪੁਲਿਸ ਡਿਪਾਰਟਮੈਂਟ ਆਫ ਮੋਟਰ ਵਹੀਕਲਜ ਡੀਐਮਵੀ ਡਿਪਾਰਟਮੈਂਟ ਆਫ ਐਜੂਕੇਸ਼ਨ ਅਤੇ ਇੰਟਰਫੇਥ ਅਫੇਰਸ ਦੇ ਨੁਮਾਇੰਦੇ ਸ਼ਾਮਿਲ ਸਨ। ਇਸ ਤੋਂ ਇਲਾਵਾ ਨਿਊਯਾਰਕ ਸਟੇਟ ਦੇ ਏਸ਼ੀਅਨ ਅਮਰੀਕਨ ਅਫੇਅਰਜ ਦੇ ਡਾਇਰੈਕਟਰ ਸਿਬੂ ਨਾਇਰ ਵੀ ਮੌਜੂਦ ਰਹੇ ਜਸਪ੍ਰੀਤ ਸਿੰਘ ਨੇ ਇਸ ਬੈਠਕ ਨੂੰ ਇਤਿਹਾਸਕ ਕਰਾਰ ਦਿੰਦਿਆਂ ਗੁਰਦੁਆਰਾ ਸਿੱਖ ਕਲਚਰ ਸੋਸਾਇਟੀ ਦੀ ਲੀਡਰਸ਼ਿਪ ਵੱਲੋਂ ਤਿਆਰ ਕੀਤਾ ਗਿਆ ਇੱਕ ਵਿਸਥਾਰ ਪੂਰਵਕ ਮੈਮੋਰੈਂਡਮ ਗਵਰਨਰ ਨੂੰ ਪੇਸ਼ ਕੀਤਾ ਇਸ ਮੈਮੋਰੈਂਡਮ ਵਿੱਚ ਨਿਊਯਾਰਕ ਸਟੇਟ ਵਿੱਚ ਵਸਦੇ ਸਿੱਖ ਅਤੇ ਵੱਡੇ ਪੰਜਾਬੀ ਭਾਈਚਾਰੇ ਨਾਲ ਨਾਲ ਪ੍ਰਵਾਸੀਆਂ ਨੂੰ ਦਰਪੇਸ਼ ਮਸਲਿਆਂ ਨਾਂ ਉਠਾਇਆ ਗਿਆ ਅਤੇ ਮੁੱਖ ਮੰਗਾਂ ਵਿੱਚ ਨਿਊਯਾਰਕ ਸਟੇਟ ਵਿੱਚ ਪੰਜਾਬੀ ਭਾਸ਼ਾ ਦੀ ਅਧਿਕਾਰਿਤ ਮਾਨਤਾ ਅਤੇ ਇਸ ਨੂੰ ਸਰਕਾਰੀ ਸਕੂਲਾਂ ਅਤੇ ਰਾਜ ਦੇ ਕਾਲਜਾਂ ਵਿੱਚ ਸ਼ਾਮਿਲ ਕਰਨਾ। ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ, ਨਿਊਯਾਰਕ ਵਿੱਚ ਕਮਿਊਨਿਟੀ ਸੈਂਟਰ ਦੀ ਸਥਾਪਨਾ ਲਈ ਰਾਜ ਪੱਧਰੀ ਸਹਾਇਤਾ ਦਿੱਤੀ ਜਾਵੇ। ਸਿੱਖਾਂ ਅਤੇ ਪੰਜਾਬੀਆਂ ਖਿਲਾਫ ਨਫਰਤੀ ਅਪਰਾਧਾਂ ਦੀ ਰੋਕਥਾਮ ਲਈ ਮਜਬੂਤ ਕਦਮ ਪੁੱਟੇ ਜਾਣ। ਕਮਿਊਨਿਟੀ ਦੀ ਧਾਰਮਿਕ ਅਤੇ ਸੱਭਿਆਚਾਰਕ ਲੋੜਾਂ ਅਨੁਸਾਰ ਇੱਕ ਫਿਊਨਰਲ ਹੋਮ ਦੀ ਸਥਾਪਨਾ ਲਈ ਸਹਿਯੋਗ ਨਿਊਯਾਰਕ ਵਿੱਚ ਪ੍ਰਵਾਸੀਆਂ ਨੂੰ ਦਰਪੇਸ਼ ਕਾਨੂੰਨੀ ਅਤੇ ਪ੍ਰਸ਼ਾਸਕੀ ਸਮੱਸਿਆ ਦੇ ਹੱਲ ਲਈ ਸੰਸਥਾਗਤ ਸਹਾਇਤਾ, ਜਿਸ ਵਿੱਚ ਹਿਰਾਸਤ ਵਿੱਚ ਬੰਦ ਵਿਅਕਤੀਆਂ ਦੀ ਰਿਹਾਈ ਲਈ ਹੈਬੀਅਸ ਕਾਰਪਸ ਪਟੀਸ਼ਨਾਂ ਦੀ ਵਰਤੋਂ ਵੀ ਸ਼ਾਮਿਲ ਹੈ। ਮੀਟਿੰਗ ਦੌਰਾਨ ਜਸਪ੍ਰੀਤ ਸਿੰਘ ਨੇ ਇਮੀਗੈਟ ਡਿਟੇਨੀਆਂ ਨੂੰ ਆ ਰਹੀਆਂ ਕਾਨੂੰਨੀ ਚੁਣੌਤੀਆਂ ਉੱਤੇ ਵੀ ਚਰਚਾ ਕੀਤੀ ਅਤੇ ਹੈਬੀਅਸ ਕਾਰਪਸ ਨੂੰ ਸੰਵਿਧਾਨਿਕ ਸੁਰੱਖਿਆ ਦੇ ਇੱਕ ਮਹੱਤਵਪੂਰਨ ਸਾਧਨ ਵਜੋਂ ਰੋਸ਼ਨ ਕੀਤਾ, ਗਵਰਨਰ ਹੋਚੁਲ ਨੇ ਸਿੱਖ ਭਾਈਚਾਰੇ ਦੀ ਨਿਊਯਾਰਕ ਸਟੇਟ ਅਤੇ ਸੰਯੁਕਤ ਰਾਜ ਅਮਰੀਕਾ ਲਈ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਮੌਜੂਦ ਉੱਚ ਅਧਿਕਾਰੀਆਂ ਨੂੰ ਉਠਾਏ ਗਏ ਮਸਲਿਆਂ ਤੇ ਕਾਰਵਾਈ ਕਰਨ ਲਈ ਨਿਰਦੇਸ਼ਿਤ ਕੀਤਾ। ਮਈ 2026 ਵਿੱਚ ਤਰੱਕੀ ਦੀ ਸਮੀਖਿਆ ਲਈ ਅਗਲੀ ਮੀਟਿੰਗ ਵੀ ਤੈਅ ਕੀਤੀ ਗਈ ਹੈ। ਇਸ ਮੌਕੇ ਗਵਰਨਰ ਨੂੰ 25 ਅਪ੍ਰੈਲ 2026 ਨੂੰ ਮੈਨਹੈਟਨ ਵਿੱਚ ਹੋਣ ਵਾਲੀ ਸਿੱਖ ਡੇ ਪਰੇਡ ਵਿੱਚ ਸ਼ਮੂਲੀਅਤ ਲਈ ਸੱਦਾ ਵੀ ਦਿੱਤਾ ਗਿਆ। ਮੀਟਿੰਗ ਵਿੱਚ ਗੁਰਦੁਆਰਾ ਸਿੱਖ ਕਲਚਰ ਸੋਸਾਇਟੀ ਨਿਊਯਾਰਕ ਦੀ ਲੀਡਰਸ਼ਿਪ ਹਾਜ਼ਰ ਸੀ। ਜਿਨ੍ਹਾਂ ਵਿੱਚ ਗੁਰਦੇਵ ਸਿੰਘ ਕੰਗ, ਜਤਿੰਦਰ ਸਿੰਘ ਬੋਪਾਰਾਏ, ਬਲਾਕਾ ਸਿੰਘ, ਅਮਰੀਕ ਸਿੰਘ, ਰਣਜੀਤ ਸਿੰਘ, ਜਗੀਰ ਸਿੰਘ, ਬੂਟਾ ਸਿੰਘ, ਜੋਗਿੰਦਰ ਸਿੰਘ ਅਤੇ ਮਹਿੰਦਰ ਸਿੰਘ ਗਿਲਜੀਆਂ ਸ਼ਾਮਿਲ ਸਨ। ਇਹ ਬੈਠਕ ਨਿਊਯਾਰਕ ਸਟੇਟ ਸਰਕਾਰ ਅਤੇ ਸਿੱਖ ਭਾਈਚਾਰੇ ਦਰਮਿਆਨ ਸੰਸਥਾਗਤ ਸੰਵਾਦ ਦਾ ਇੱਕ ਮਹੱਤਵਪੂਰਨ ਪੜਾਅ ਮੰਨੀ ਜਾ ਰਹੀ ਹੈ ਜੋ ਸੱਭਿਆਚਾਰ ਮਾਨਤਾ, ਨਾਗਰਿਕ ਅਧਿਕਾਰਾਂ ਦੀ ਰੱਖਿਆ ਅਤੇ ਪ੍ਰਵਾਸੀ ਮਸਲਿਆਂ ਦੇ ਅਗੇਤਰ ਕਦਮਾਂ ਦੀ ਦਿਸ਼ਾ ਵਿੱਚ ਇੱਕ ਨਵਾਂ ਅਧਿਆਇ ਖੋਲਦੀ ਹੈ।

# ਜ਼ਮਾਨਤੀ ਪਟੀਸ਼ਨਾਂ ਦੇ ਸਮੇਂ ਸਿਰ ਨਿਪਟਾਰੇ ਦੀ ਲੋੜ

ਦੇਸ਼ ਦੀਆਂ ਅਦਾਲਤਾਂ ਵਿਚ ਕੇਸਾਂ ਦੀ ਲਗਾਤਾਰ ਵਧ ਰਹੀ ਗਿਣਤੀ ਨੂੰ ਦੇਖ ਕੇ ਇਹ ਵਿਚਾਰ ਪੈਦਾ ਹੋਣਾ ਸੁਭਾਵਿਕ ਹੈ ਕਿ ਇਕ ਆਮ ਆਦਮੀ ਲਈ ਲੋਕਤੰਤਰ ਦੇ ਸਭ ਤੋਂ ਸ਼ਕਤੀਸ਼ਾਲੀ ਥੰਮ੍ਹਾਂ ’ਚੋਂ ਇਕ ਨਿਆਂਪਾਲਿਕਾ ਤੋਂ ਆਸਾਨੀ ਨਾਲ ਨਿਆਂ ਪ੍ਰਾਪਤ ਕਰਨਾ ਕਿੰਨਾ ਮੁਸ਼ਕਿਲ ਹੋ ਗਿਆ ਹੈ। ਜੇ ਨਿਆਂ ਮੁੱਦਈ ਦੀ ਮੌਤ ਤੋਂ ਬਾਅਦ ਮਿਲੇ ਤਾਂ ਉਸ ਦਾ ਕੀ ਫ਼ਾਇਦਾ ਹੈ ? ਜੱਜ ਅਤੇ ਕਾਨੂੰਨੀ ਮਾਹਰਾਂ ਵਲੋਂ ਅਕਸਰ ਕਿਹਾ ਜਾਂਦਾ ਹੈ ਕਿ ਦੇਰੀ ਨਾਲ ਮਿਲਿਆ ਨਿਆਂ ਆਪਣੀ ਮੂਲ ਭਾਵਨਾ ਗੁਆ ਦਿੰਦਾ ਹੈ। ਅਜਿਹਾ ਹੀ ਇਕ ਅਨਿਆਂ ਦੇਸ਼ ਭਰ ਦੀਆਂ ਬਹੁਤੀਆਂ ਵੱਡੀਆਂ-ਛੋਟੀਆਂ ਅਦਾਲਤਾਂ ਵਿਚ ਉਨ੍ਹਾਂ ਅਪਰਾਧੀਆਂ ਨਾਲ ਹੋ ਰਿਹਾ ਹੈ, ਜੋ ਜ਼ਮਾਨਤ ਦੇ ਹੱਕਦਾਰ ਹਨ ਪਰ ਉਨ੍ਹਾਂ ਦੀਆਂ ਜ਼ਮਾਨਤ ਅਰਜ਼ੀਆਂ ਕਈ-ਕਈ ਸਾਲਾਂ ਤੋਂ ਲਟਕ ਰਹੀਆਂ ਹਨ। ਇਸ ਮਾਮਲੇ ਦੀ ਗੰਭੀਰਤਾ ਦਾ ਪਤਾ ਖ਼ੁਦ ਸੁਪਰੀਮ ਕੋਰਟ ਦੁਆਰਾ ਹਾਈ ਕੋਰਟਾਂ ਨੂੰ ਲਿਖੇ ਗਏ ਇਕ ਪੱਤਰ ਤੋਂ ਲੱਗ ਜਾਂਦਾ ਹੈ, ਜਿਸ ਵਿਚ ਉਸ ਨੇ ਪੁੱਛਿਆ ਹੈ ਕਿ ਅਦਾਲਤਾਂ ਆਪਣੇ ਅਧੀਨ ਬਕਾਇਆ ਪਈਆਂ ਜ਼ਮਾਨਤ ਦੀਆਂ ਪਟੀਸ਼ਨਾਂ ਬਾਰੇ ਤੁਰੰਤ ਜਾਣਕਾਰੀ ਦੇਣ। ਸੁਪਰੀਮ ਕੋਰਟ ਨੇ ਇਸ ਮੁੱਦੇ ’ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਅਦਾਲਤਾਂ ’ਚ ਏਨੀ ਵੱਡੀ ਗਿਣਤੀ ਵਿਚ ਤੇ ਏਨੇ ਲੰਬੇ ਸਮੇਂ ਤੋਂ ਜ਼ਮਾਨਤ ਦੀਆਂ ਪਟੀਸ਼ਨਾਂ ਦਾ ਪਏ ਰਹਿਣਾ ਨਿਰਾਸ਼ਾਜਨਕ ਤੇ ਨਿਆਂ ਨੂੰ ਲਟਕਾਉਣ ਦੇ ਬਰਾਬਰ ਹੈ।

ਇਹ ਅਹਿਮ ਮਾਮਲਾ ਉਦੋਂ ਸਾਹਮਣੇ ਆਇਆ, ਜਦੋਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੂਰਿਆਕਾਂਤ, ਜਸਟਿਸ ਜੋਇਮਾਲਿਆ ਬਾਗਚੀ ਤੇ ਜਸਟਿਸ ਵਿਪੁਲ ਐਮ.ਪੰਚੋਲੀ ਦੇ ਬੈਂਚ ਸਾਹਮਣੇ ਇਕ ਪਟੀਸ਼ਨ ਪੇਸ਼ ਕੀਤੀ ਗਈ, ਜਿਸ ’ਚ ਪੰਜਾਬ-ਹਰਿਆਣਾ ਹਾਈ ਕੋਰਟ ਵਿਚ ਇਕ ਜ਼ਮਾਨਤ ਪਟੀਸ਼ਨ ਨੂੰ ਵਾਰ-ਵਾਰ ਮੁਲਤਵੀ ਕਰਨ ਦਾ ਮੁੱਦਾ ਉਠਾਇਆ ਗਿਆ ਸੀ। ਬੈਂਚ ਨੇ ਮਾਮਲੇ ਦਾ ਸਵੈ-ਨੋਟਿਸ ਲੈਂਦਿਆਂ ਕਿਹਾ ਕਿ 1 ਜਨਵਰੀ 2025 ਤੋਂ ਬਾਅਦ ਤੇ ਇਸ ਤੋਂ ਪਹਿਲਾਂ ਦਾਇਰ ਨਿਯਮਤ ਤੇ ਅਗਾਊਂ ਜ਼ਮਾਨਤ ਪਟੀਸ਼ਨਾਂ ਅਤੇ ਉਨ੍ਹਾਂ ਨਾਲ ਸਬੰਧਿਤ ਸੁਣਵਾਈ ਦੇ ਸਾਰੇ ਵੇਰਵੇ ਸੁਪਰੀਮ ਕੋਰਟ ’ਚ ਪੇਸ਼ ਕੀਤੇ ਜਾਣ। ਬੈਂਚ ਨੇ ਇਸ ਸਬੰਧ ਵਿਚ ਦੇਸ਼ ਭਰ ਦੀਆਂ ਹਾਈ ਕੋਰਟਾਂ ਦੇ ਰਜਿਸਟਰਾਰ ਜਨਰਲਾਂ ਨੂੰ ਵੀ ਨਿਰਦੇਸ਼ ਜਾਰੀ ਕੀਤੇ ਹਨ।

ਬੈਂਚ ਦੀਆਂ ਚਿੰਤਾਵਾਂ ਨੂੰ ਜੱਜਾਂ ਦੀ ਇਸ ਟਿੱਪਣੀ ਤੋਂ ਸਮਝਿਆ ਜਾ ਸਕਦਾ ਹੈ ਕਿ ਸੰਭਵ ਹੈ ਕੇਸ ਵੱਧ ਹੋ ਗਏ ਹੋਣ ਪਰ ਮੁਲਜ਼ਮਾਂ ਲਈ ਜ਼ਮਾਨਤ ਪਟੀਸ਼ਨਾਂ ਦੇ ਤੇਜ਼ੀ ਨਾਲ ਨਿਪਟਾਰੇ ਤੋਂ ਅਹਿਮ ਹੋਰ ਕੁਝ ਵੀ ਨਹੀਂ ਹੋ ਸਕਦਾ। ਬੈਂਚ ਨੇ ਇਸ ’ਤੇ ਵੀ ਚਿੰਤਾ ਜ਼ਾਹਿਰ ਕੀਤੀ ਕਿ ਦੇਸ਼ ਦੇ ਇਕ ਵੱਡੇ ਸੂਬੇ ਦੀ ਹਾਈ ਕੋਰਟ ’ਚ ਜ਼ਮਾਨਤ ਦੇ ਮਾਮਲਿਆਂ ਦੀ ਸਹੀ ਢੰਗ ਨਾਲ ਸੁਣਵਾਈ ਨਹੀਂ ਹੋ ਰਹੀ, ਜਿਸ ਕਾਰਨ ਉੱਥੋਂ ਦੇ ਮਾਮਲੇ ਸੁਪਰੀਮ ਕੋਰਟ ਦੇ ਸਾਹਮਣੇ ਆ ਰਹੇ ਹਨ। ਇਹ ਵੀ ਚਿੰਤਾ ਪ੍ਰਗਟ ਕੀਤੀ ਕਿ ਜ਼ਮਾਨਤ ਦੇ ਮਾਮਲਿਆਂ ਦੀ ਵੱਧ ਗਿਣਤੀ ਕਾਰਨ ਲੋਕਾਂ ਨੂੰ ਇਹ ਤੱਕ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੇ ਮਾਮਲੇ ਦੀ ਅਸਲ ਸਥਿਤੀ ਕੀ ਹੈ ? ਮੁਲਜ਼ਮ ਜੇਲ੍ਹਾਂ ’ਚ ਰਹਿੰਦੇ ਹਨ, ਪਰ ਵਕੀਲਾਂ ਤੋਂ ਲੈ ਕੇ ਅਦਾਲਤਾਂ ਤੱਕ ਕੋਈ ਵੀ ਉਨ੍ਹਾਂ ਦੀ ਸਾਰ ਲੈਣ ਵਾਲਾ ਨਹੀਂ ਹੁੰਦਾ। ਸੁਪਰੀਮ ਕੋਰਟ ਦੇ ਇਸ ਬੈਂਚ ਨੇ ਇਹ ਵੀ ਕਿਹਾ ਕਿ ਅਜਿਹੀ ਸਥਿਤੀ ’ਚ ਉਸ ਦਾ ਇਹ ਕਰਤੱਵ ਬਣ ਜਾਂਦਾ ਹੈ ਕਿ ਉਹ ਖ਼ੁਦ ਇਸ ਸਥਿਤੀ ਨੂੰ ਸੁਧਾਰਨ ਲਈ ਕੋਈ ਕਦਮ ਉਠਾਏ।

ਅਸੀਂ ਸਮਝਦੇ ਹਾਂ ਕਿ ਬਿਨਾਂ ਸ਼ੱਕ ਇਹ ਸਥਿਤੀ ਕੋਈ ਬਹੁਤੀ ਚੰਗੀ ਨਹੀਂ ਹੈ। ਬਿਨਾਂ ਜ਼ਮਾਨਤ ਲੋਕਾਂ ਨੂੰ ਸਾਲਾਂ ਤੱਕ ਜੇਲ੍ਹਾਂ ’ਚ ਰੱਖਣਾ ਅਤੇ ਅਦਾਲਤਾਂ ’ਚ ਉਨ੍ਹਾਂ ਦੇ ਮਾਮਲੇ ਲਗਾਤਾਰ ਚਲਦੇ ਰਹਿਣੇ, ਉਨ੍ਹਾਂ ਨੂੰ ਬਿਨਾਂ ਕਾਰਨ ਸਜ਼ਾ ਦੇਣ ਵਾਲੀ ਗੱਲ ਹੈ। ਸ਼ਾਇਦ ਇਸੇ ਲਈ ਸੁਪਰੀਮ ਕੋਰਟ ਦੇ ਬੈਂਚ ਨੇ ਦੇਸ਼ ਦੀਆਂ ਹਾਈ ਕੋਰਟਾਂ ਦੇ ਮੁੱਖ ਜੱਜਾਂ ਨੂੰ ਕਿਹਾ ਹੈ ਕਿ ਉਹ ਆਪਣੀਆਂ ਸੂਚੀਆਂ ’ਤੇ ਮੁੜ ਵਿਚਾਰ ਕਰਨ ਅਤੇ ਜ਼ਮਾਨਤਯੋਗ ਮਾਮਲਿਆਂ ਨੂੰ ਤੁਰੰਤ ਸਾਹਮਣੇ ਲਿਆਉਣ। ਅਸੀਂ ਸਮਝਦੇ ਹਾਂ ਕਿ ਅਜਿਹੇ ਮਾਮਲਿਆਂ ਦੀ ਵੱਡੀ ਗਿਣਤੀ ਅਤੇ ਕਾਨੂੰਨੀ ਮਾਹਰਾਂ ਦੀ ਘਾਟ ਵੀ ਇਸ ਸਮੱਸਿਆ ਦਾ ਵੱਡਾ ਕਾਰਨ ਹੋ ਸਕਦੀ ਹੈ ਪਰ ਸੂਚੀਆਂ ’ਚ ਸੋਧ ਕਰਕੇ ਤਰਕਸੰਗਤ ਢੰਗ ਨਾਲ ਉਚਿਤ ਮਾਮਲਿਆਂ ਨੂੰ ਵੱਖ ਕਰਕੇ ਕੋਈ ਸਰਬ-ਪ੍ਰਵਾਨਤ ਹੱਲ ਲੱਭਿਆ ਜਾ ਸਕਦਾ ਹੈ। ਅਸੀਂ ਇਹ ਵੀ ਸਮਝਦੇ ਹਾਂ ਕਿ ਨਿਆਂ ਹੋਣ ਦੇ ਨਾਲ-ਨਾਲ ਨਿਆਂ ਹੁੰਦਾ ਨਜ਼ਰ ਆਉਣਾ ਵੀ ਜ਼ਖ਼ਮਾਂ ’ਤੇ ਮਲ੍ਹਮ ਵਾਂਗ ਹੁੰਦਾ ਹੈ। ਇਸ ਮਾਮਲੇ ’ਚ ਮੁੱਖ ਜੱਜ ਸੂਰਿਆਕਾਂਤ ਦੀ ਟਿੱਪਣੀ ਨੂੰ ਇਕ ਮਿਸਾਲੀ ਉਦਾਹਰਨ ਵਜੋਂ ਲਿਆ ਜਾ ਸਕਦਾ ਹੈ ਕਿ ਦਇਆ-ਭਾਵਨਾ ਦੇ ਬਿਨਾਂ ਕਾਨੂੰਨ ਅੱਤਿਆਚਾਰੀ ਵਾਂਗ ਹੁੰਦਾ ਹੈ ਅਤੇ ਕਾਨੂੰਨ ਦੇ ਬਿਨਾਂ ਦਇਆ ਅਰਾਜਕਤਾ ਬਣ ਜਾਂਦੀ ਹੈ। ਇਸ ਲਈ ਇਕ ਚੰਗੇ ਨਿਆਂ ਲਈ ਕਾਨੂੰਨ ਤੇ ਰਹਿਮ ਦੋਵੇਂ ਨਾਲ-ਨਾਲ ਚੱਲਦੇ ਦਿਸਣੇ ਚਾਹੀਦੇ ਹਨ।

ਅਸੀਂ ਸਮਝਦੇ ਹਾਂ ਕਿ ਨਿਆਂ ਦੇ ਪੱਖ ਤੋਂ ਇਕ ਬਿਹਤਰ ਸਥਿਤੀ ਲਈ ਨਿਆਇਕ ਪ੍ਰਣਾਲੀ, ਸਰਕਾਰ ਤੇ ਸਮਾਜ ਸਭ ਨੂੰ ਆਪਣੀ ਭੂਮਿਕਾ ਪੂਰੀ ਲਗਨ ਨਾਲ ਨਿਭਾਉਣੀ ਚਾਹੀਦੀ ਹੈ। ਇਸ ਪਹੁੰਚ ਨਾਲ ਹੀ ਦੇਸ਼ ਦੀ ਨਿਆਇਕ ਵਿਵਸਥਾ ਬਿਹਤਰ ਢੰਗ ਨਾਲ ਕੰਮ ਕਰ ਸਕਦੀ ਹੈ।

# ਏ ਆਈ ਸੰਮੇਲਨ ਦੇ ਸੰਦੇਸ਼ ਤੇ ਭਾਰਤ ਦੀ ਸਥਿਤੀ

ਉਦੈਬੀਰ ਐਸ ਦਾਸ

ਇੰਡੀਆ ਏ ਆਈ ਇੰਪੈਕਟ ਸਮਿਟ’ ਦੇ ਇੱਕ ਛਿਣ ਨੇ ਹੀ ਐਲਾਨਨਾਮੇ ਨਾਲੋਂ ਵੱਧ ਗੱਲਾਂ ਸਾਫ਼ ਕਰ ਦਿੱਤੀਆਂ। ਇੱਕ ਯੂਨੀਵਰਸਿਟੀ ਦੇ ਖ਼ੇਮੇ ਵਿਚ ਅਜਿਹਾ ਰੋਬੋਟਿਕ ਸਿਸਟਮ ਪੇਸ਼ ਕੀਤਾ ਗਿਆ ਜਿਸ ਨੂੰ ਉਨ੍ਹਾਂ ਦੇ ਨੁਮਾਇੰਦਿਆਂ ਨੇ ਪਹਿਲਾਂ ‘ਸਵਦੇਸ਼ੀ’ ਦੱਸਿਆ, ਪਰ ਕੁਝ ਹੀ ਘੰਟਿਆਂ ਬਾਅਦ ਪਤਾ ਲੱਗਾ ਕਿ ਇਹ ਵਪਾਰਕ ਤੌਰ ’ਤੇ ਉਪਲਬਧ ਇੱਕ ਚੀਨੀ ਰੋਬੋਟਿਕ ‘ਡੌਗ’ ਹੈ। ਉਨ੍ਹਾਂ ਨੂੰ ਆਪਣੀ ਪ੍ਰਦਰਸ਼ਨੀ ਫ਼ੌਰੀ ਹਟਾਉਣ ਲਈ ਕਿਹਾ ਗਿਆ ਤੇ ਮਗਰੋਂ ਇਸ ਘਟਨਾਕ੍ਰਮ ਲਈ ਮੁਆਫ਼ੀ ਵੀ ਮੰਗੀ ਗਈ। ਇਹ ਘਟਨਾ ਭਾਵੇਂ ਮਾਮੂਲੀ ਸੀ, ਪਰ ਇਸ ਤੋਂ ਮਿਲਿਆ ਸੰਕੇਤ ਨਹੀਂ। ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਵਿੱਚ ਭਾਰਤ ਦੀ ਹਕੂਮਤ ਦਾ ਬਿਰਤਾਂਤ ਅਜੇ ਵੀ ਇੱਕ ਅਜਿਹੇ ‘ਗਲੋਬਲ ਸਟੈਕ’ (ਡਿਜੀਟਲ ਤਕਨੀਕਾਂ ਦਾ ਸੰਗ੍ਰਹਿ) ’ਤੇ ਨਿਰਭਰ ਹੈ ਜਿਸ ’ਤੇ ਉਸ ਦਾ ਕੰਟਰੋਲ ਨਹੀਂ ਹੈ।




ਸੰਮੇਲਨ ਦਾ ‘ਦਿੱਲੀ ਐਲਾਨਨਾਮਾ’ ਇਸ ਗੱਲ ਨੂੰ ਮੰਨਦਾ ਹੈ ਕਿ ਏ ਆਈ ਦੇ ਫ਼ਾਇਦੇ ਸਮੁੱਚੀ ਮਨੁੱਖਤਾ ਨਾਲ ਸਾਂਝੇ ਕੀਤੇ ਜਾਣੇ ਚਾਹੀਦੇ ਹਨ। ਇਹ ਇੱਕ ਬੁਨਿਆਦੀ ਸਿਧਾਂਤ ਹੈ, ਹਾਲਾਂਕਿ ਇਸ ਸਿਧਾਂਤ ’ਤੇ ਅਮਲ ਮਰਜ਼ੀ ’ਤੇ ਨਿਰਭਰ ਕਰਦਾ ਹੈ। ਇਸ ਵਿੱਚ ‘ਤਵੱਜੋ ਦੇਣ’ ਅਤੇ ‘ਸਵੀਕਾਰਨ’ ਵਰਗੇ ਸ਼ਬਦ ਹਨ। ਪਰ ਇਹ ਕਿਸੇ ’ਤੇ ਬੰਧੇਜ ਨਹੀਂ ਹੈ। ਅਰਥ ਸ਼ਾਸਤਰ ਅਤੇ ਕੂਟਨੀਤੀ ਵਿੱਚ ਵਾਅਦੇ ਲਾਗੂ ਹੋਏ ਬਿਨਾਂ ਸਿਰਫ਼ ਲਹਿਜਾ ਤੈਅ ਕਰਦੇ ਹਨ, ਲਾਭ ਨਹੀਂ।

ਕੌਮਾਂਤਰੀ ਏ ਆਈ ਸੰਮੇਲਨਾਂ ਦੀ ਲੜੀ ਵਿੱਚ ਇਹ ਚੌਥਾ ਸੰਮੇਲਨ ਸੀ। ਦਿੱਲੀ ਵਾਲਾ ਸੰਮੇਲਨ ਅਜਿਹਾ ਪਹਿਲਾ ਸੀ ਜਿਸ ਦੀ ਮੇਜ਼ਬਾਨੀ ਕਿਸੇ ‘ਗਲੋਬਲ ਸਾਊਥ’ (ਵਿਕਾਸਸ਼ੀਲ ਮੁਲਕ) ਦੇਸ਼ ਦੁਆਰਾ ਕੀਤੀ ਗਈ ਸੀ। ਪ੍ਰਤੀਕਾਤਮਕ ਤੌਰ ’ਤੇ ਇਹ ਮਹੱਤਵਪੂਰਨ ਸੀ। ਪਰ ਏ ਆਈ ਵਿੱਚ ਦਬਦਬਾ ਇਸ ਗੱਲ ਨਾਲ ਕਾਇਮ ਨਹੀਂ ਹੋਵੇਗਾ ਕਿ ਤੁਸੀਂ ਕ੍ਰਮ ਵਿੱਚ ਕਿਹੜੇ ਨੰਬਰ ’ਤੇ ਹੋ, ਅਜਿਹਾ ਕਰਨ ਲਈ ਵਾਗਡੋਰ ਹੱਥਾਂ ’ਚ ਲੈਣ ਦੀ ਲੋੜ ਹੈ। ਏ ਆਈ ਨਾਲ ਸਬੰਧਿਤ ਜ਼ਿਆਦਾਤਰ ਤਾਲਮੇਲ ਅੱਜ ‘ਸਾਫਟ ਲਾਅ’ ਜਾਂ ਅਰਧ-ਕਾਨੂੰਨੀ ਢੰਗਾਂ, ਮਿਆਰਾਂ, ਮਾਪਦੰਡਾਂ, ਖ਼ਰੀਦ ਨਿਯਮਾਂ ਤੇ ਸਾਖ਼ ਦੇ ਦਬਾਅ ਕਾਰਨ ਹੁੰਦਾ ਹੈ। ਮੁੱਦਾ ਇਹ ਨਹੀਂ ਹੈ ਕਿ ਕੀ ਦਿੱਲੀ ’ਚ ਇਸ ਮੌਕੇ ਕੋਈ ਸੰਧੀ ਹੋਈ ਹੈ, ਸਗੋਂ ਇਹ ਹੈ ਕਿ ਕੀ ਇਸ ਨੇ ਅਜਿਹੇ ਸਾਧਨ ਬਣਾਏ ਹਨ ਜੋ ਰਵੱਈਏ ਨੂੰ ਬਦਲ ਸਕਣ। ਘੋਸ਼ਣਾ ਪੱਤਰ ਨੇ ਪਲੈਟਫਾਰਮ ਅਤੇ ਰੂਪ-ਰੇਖਾ ਤਾਂ ਘੜੀ ਹੈ, ਪਰ ਦੋਵਾਂ ਵਿਚੋਂ ਕਿਸੇ ਲਈ ਵੀ ਇਹ ਜ਼ਰੂਰੀ ਨਹੀਂ ਬਣਾਇਆ ਕਿ ਉਹ ਜਾਣਕਾਰੀ ਉਪਲਬਧ ਕਰਾਉਣ। ਕਿਸੇ ਲਈ ਵੀ ਤਸਦੀਕ ਲਾਜ਼ਮੀ ਨਹੀਂ ਹੈ। ਕਿਸੇ ਵੀ ਸੰਸਥਾ ਨੂੰ ਸਪੱਸ਼ਟ ਤੌਰ ’ਤੇ ਹਦਾਇਤਾਂ ਲਾਗੂ ਕਰਨ ਦਾ ਕੰਮ ਨਹੀਂ ਸੌਂਪਿਆ ਗਿਆ ਹੈ।

?ਇਕ ਡੂੰਘੀ ਵੰਡ ਵੀ ਸੰਮੇਲਨ ਵਿਚ ਉੱਭਰ ਕੇ ਸਾਹਮਣੇ ਆਈ। ਸੰਯੁਕਤ ਰਾਸ਼ਟਰ ਨੇ ਤਾਲਮੇਲ ਵਾਲੀ ਨਿਗਰਾਨੀ ਦੀ ਦਲੀਲ ਦਿੱਤੀ ਅਤੇ ਚਿਤਾਵਨੀ ਦਿੱਤੀ ਕਿ ‘ਕੰਪਿਊਟ’ (ਵਿਸ਼ੇਸ਼ ਹਾਰਡਵੇਅਰ) ਤੱਕ ਸਾਂਝੀ ਪਹੁੰਚ ਤੋਂ ਬਿਨਾਂ, ਵਿਕਾਸਸ਼ੀਲ ਅਰਥਚਾਰਿਆਂ ਦੇ ਪੱਛੜਨ ਦਾ ਖ਼ਤਰਾ ਹੈ। ਇਹ ਅਨੁਮਾਨ ਲਾਇਆ ਗਿਆ ਹੈ ਕਿ ਲਗਭਗ 3 ਅਰਬ ਡਾਲਰ ਵਿਕਾਸਸ਼ੀਲ ਦੇਸ਼ਾਂ ਨੂੰ ‘ਕੰਪਿਊਟ’ ਸਿਸਟਮ ਤੱਕ ਸਾਰਥਕ ਪਹੁੰਚ ਪ੍ਰਦਾਨ ਕਰ ਸਕਦੇ ਹਨ। ਅਮਰੀਕੀ ਵਫ਼ਦ ਨੇ ਆਲਮੀ ਪ੍ਰਬੰਧਕੀ ਢਾਂਚੇ ਦੇ ਵਿਚਾਰ ਨੂੰ ਰੱਦ ਕਰ ਦਿੱਤਾ। ਯੂਰੋਪੀਅਨ ਪ੍ਰਤੀਨਿਧਾਂ ਨੇ ਰੈਗੂਲੇਟਰੀ ਸੁਰੱਖਿਆ ਘੇਰੇ ਨੂੰ ਮਜ਼ਬੂਤ ਕਰਨ ਦੀ ਗੱਲ ਕੀਤੀ। ਚੀਨ, ਜੋ ਕਿ ਏ ਆਈ ਸਮਰੱਥਾ ਅਤੇ ਚਿਪ ਸਪਲਾਈ ਲਈ ਬੇਹੱਦ ਜ਼ਰੂਰੀ ਹੈ, ਦਿੱਲੀ ’ਚੋਂ ਉੱਭਰ ਰਹੇ ਪ੍ਰਸ਼ਾਸਕੀ ਢਾਂਚੇ ਵਿੱਚ ਸੰਸਥਾਗਤ ਤੌਰ ’ਤੇ ਸ਼ਾਮਲ ਨਹੀਂ ਹੋਇਆ। ਭਾਰਤ ਨੇ ਖ਼ੁਦ ਨੂੰ ਵਿਕਸਿਤ ਅਰਥਚਾਰਿਆਂ ਅਤੇ ਵਿਕਾਸਸ਼ੀਲ ਮੁਲਕਾਂ ਵਿਚਕਾਰ ਇੱਕ ਪੁਲ ਦੱਸਿਆ। ਪਰ ਪੁਲ ਨੂੰ ਦੋਵੇਂ ਪਾਸਿਓਂ ਸਥਿਰਤਾ ਦੀ ਲੋੜ ਹੁੰਦੀ ਹੈ।

ਸਭ ਤੋਂ ਵੱਡਾ ਵਿਰੋਧਾਭਾਸ ਭਾਰਤ ਦੇ ਆਪਣੇ ਮੰਚ ’ਤੇ ਹੀ ਉੱਭਰ ਕੇ ਸਾਹਮਣੇ ਆਇਆ। ਪ੍ਰਮੁੱਖ ਏ ਆਈ ਕੰਪਨੀਆਂ ਨੇ ਏਕਾਧਿਕਾਰ ਦੇ ਖ਼ਤਰਿਆਂ ਨੂੰ ਸਵੀਕਾਰ ਕਰਦਿਆਂ ਕੌਮਾਂਤਰੀ ਤਾਲਮੇਲ ਦਾ ਸੱਦਾ ਦਿੱਤਾ। ਜਿਹੜੀਆਂ ਕੰਪਨੀਆਂ ਇਸ ਖੇਤਰ ਵਿੱਚ ਮੋਹਰੀ ਹਨ, ਉਹ ਖ਼ੁਦ ਨਿਗਰਾਨੀ ਦੀ ਮੰਗ ਕਰ ਰਹੀਆਂ ਸਨ, ਜਦੋਂ ਕਿ ਉਨ੍ਹਾਂ ਦੀਆਂ ਸਰਕਾਰਾਂ ਇਸ ਤੋਂ ਇਨਕਾਰ ਕਰ ਰਹੀਆਂ ਹਨ। ਇਹ ਮੱਤਭੇਦ ਕਾਰਪੋਰੇਟ ਜਗਤ ਦੀ ਤਾਲਮੇਲ ਦੀ ਮੰਗ ਅਤੇ ਖ਼ੁਦਮੁਖਤਿਆਰ ਸਰਕਾਰ ਦੇ ਵਿਰੋਧ ਨੂੰ ਦਰਸਾਉਂਦਾ ਹੈ ਕਿ ਸਿਰਫ਼ ਇੱਕ ਮੰਚ ’ਤੇ ਇਕੱਤਰ ਹੋਣ ਅਤੇ ਅਸਲ ਮੁੱਦਿਆਂ ਨੂੰ ਸੰਬੋਧਨ ਕਰਨ ਵਿਚਾਲੇ ਫ਼ਰਕ ਹੁੰਦਾ ਹੈ। ਵੱਖ-ਵੱਖ ਧਿਰਾਂ ਨੂੰ ਇੱਕ ਮੰਚ ’ਤੇ ਲਿਆਉਣ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਦੇ ਉਦੇਸ਼ ਵੀ ਇੱਕੋ ਹੀ ਹੋ ਜਾਣਗੇ।

ਸੰਸਥਾਗਤ ਅਸੰਤੁਲਨ ਏ ਆਈ ਦੇ ਢਾਂਚੇ ਵਿੱਚ ਹੀ ਪਿਆ ਹੋਇਆ ਹੈ। ?ਇਹ ਤਿੰਨ ਪਰਤਾਂ ’ਤੇ ਟਿਕਿਆ ਹੋਇਆ ਹੈਃ ਕੰਪਿਊਟ (ਹਾਰਡਵੇਅਰ), ਮਾਡਲ (ਕੰਪਿਊਟਰ ਪ੍ਰੋਗਰਾਮ) ਤੇ ਐਪਲੀਕੇਸ਼ਨ (ਸਾਫਟਵੇਅਰ ਸਿਸਟਮ)। ਭਾਰਤ ‘ਐਪਲੀਕੇਸ਼ਨ’ ’ਚ ਮਜ਼ਬੂਤ ਹੈ। ਯੂ ਪੀ ਆਈ, ਆਧਾਰ ਤੇ ‘ਭਾਸ਼ਿਨੀ’ ਵਰਗੇ ਬਹੁ-ਭਾਸ਼ਾਈ ਪਲੈਟਫਾਰਮ ਰਾਸ਼ਟਰੀ ਪੱਧਰ ’ਤੇ ਕੰਮ ਕਰ ਰਹੇ ਹਨ। ਇਹ ਸਾਰੇ ਭਰੋਸੇਯੋਗ ਨਮੂਨੇ ਹਨ। ‘ਮਾਡਲ’ ਪੱਧਰ ’ਤੇ ਦੇਸੀ ਕੰਪਨੀਆਂ ਨੇ ਭਾਰਤੀ ਸੰਦਰਭਾਂ ਅਨੁਸਾਰ ਭਾਸ਼ਾ ਮਾਡਲ ਲਾਂਚ ਕਰਨੇ ਸ਼ੁਰੂ ਕਰ ਦਿੱਤੇ ਹਨ।

ਕੰਪਿਊਟ ‘ਸਭ ਤੋਂ ਵੱਡੀ ਰੁਕਾਵਟ’ ਬਣਿਆ ਹੋਇਆ ਹੈ। ਭਾਰਤ ਵੱਲੋਂ ਜੀ ਪੀ ਯੂ ਪੂਲ (ਗਰਾਫਿਕਸ ਪ੍ਰੋਸੈਸਿੰਗ ਯੂਨਿਟ) ਦਾ ਵਿਸਥਾਰ ਇੱਕ ਅਹਿਮ ਨੀਤੀ ਹੈ। ਪਰ ਦੁਨੀਆ ਵਿੱਚ ਹੋਰ ਥਾਵਾਂ ’ਤੇ ‘ਫਰੰਟੀਅਰ ਕਲੱਸਟਰ’ ਜਾਂ ਸੁਪਰਕੰਪਿਊਟਰ ਬਹੁਤ ਵੱਡੇ ਪੱਧਰ ’ਤੇ ਕੰਮ ਕਰ ਰਹੇ ਹਨ। ਕੰਪਿਊਟ ਸਿਰਫ਼ ਹਾਰਡਵੇਅਰ ਨਹੀਂ ਹੈ। ਇਸ ਵਿੱਚ ਸਪਲਾਈ ਚੇਨ, ਬਰਾਮਦ ਨਿਯੰਤਰਨ, ਊਰਜਾ ਸਮਰੱਥਾ, ਕਲਾਊਡ ਤੱਕ ਪਹੁੰਚ ਅਤੇ ਕੀਮਤ ਨਿਰਧਾਰਤ ਕਰਨ ਦੀ ਸਮਰੱਥਾ ਹੈ। ਦੇਸ਼ ਤੋਂ ਬਾਹਰੋਂ ਚਲਾਏ ਜਾ ਰਹੇ ‘ਕੰਪਿਊਟ’ ਉਤੇ ਟਿਕੀ ਹੋਈ ਸਾਡੀ ‘ਐਪਲੀਕੇਸ਼ਨ’ ਦੀ ਤਾਕਤ ਅਸਲ ਵਿੱਚ ਨਿਰਭਰਤਾ ਹੈ।

ਇੱਥੇ ਦੋ ਸਪੱਸ਼ਟ ਸੰਦੇਸ਼ ਹਨਃ ਗਲੋਬਲ ਸਾਊਥ (ਵਿਕਾਸਸ਼ੀਲ ਦੇਸ਼ਾਂ) ਲਈ ਇਹ ਐਲਾਨਨਾਮਾ ਇੱਕ ਸ਼ੁਰੂਆਤ ਹੈ, ਹੱਲ ਨਹੀਂ। ਸ਼ਮੂਲੀਅਤ ਇਸ ਗੱਲ ’ਤੇ ਨਿਰਭਰ ਕਰੇਗੀ ਕਿ ‘ਕੰਪਿਊਟ’ ਤੱਕ ਪਹੁੰਚ ਕਿਸ ਦੀ ਹੈ, ਮੁਲਾਂਕਣ ਦੇ ਮਾਪਦੰਡ ਕੌਣ ਤੈਅ ਕਰਦਾ ਹੈ ਅਤੇ ਖਰੀਦ ਦੇ ਨਿਯਮ ਕੌਣ ਬਣਾਉਂਦਾ ਹੈ। ਭਾਰਤ ਦੇ ਸਰਕਾਰੀ ਡਿਜੀਟਲ ਢਾਂਚੇ ਦੀ ਦੂਜੇ ਮੁਲਕਾਂ ਵਿਚ ਨਕਲ ਕੀਤੀ ਜਾ ਸਕਦੀ ਹੈ, ਪਰ ਇਸ ਦੇ ਲਈ ਉਨ੍ਹਾਂ ਸਰੋਤਾਂ ਦੀ ਲੋੜ ਹੈ ਜੋ ਫਿਲਹਾਲ ਬਹੁਤ ਸਾਰੇ ਵਿਕਾਸਸ਼ੀਲ ਅਰਥਚਾਰਿਆਂ ਕੋਲ ਨਹੀਂ ਹਨ। ਵਿਕਸਤ ਅਰਥਚਾਰਿਆਂ ਲਈ ਸੁਨੇਹਾ ਵੱਖਰਾ ਹੈ; ਏ ਆਈ ’ਚ ਅਗਵਾਈ ਕਰਨ ਵਾਲੀਆਂ ਫਰਮਾਂ ਤਾਲਮੇਲ ਚਾਹੁੰਦੀਆਂ ਹਨ, ਪਰ ਸਰਕਾਰਾਂ ਇਕਸੁਰ ਨਹੀਂ ਹਨ। ਜੇਕਰ ਵੱਡੀਆਂ ਤਾਕਤਾਂ ਨੇਮਾਂ ਦੀ ਰੂਪ-ਰੇਖਾ ’ਤੇ ਸਹਿਮਤ ਨਹੀਂ ਹੁੰਦੀਆਂ ਤਾਂ ਇਸ ਖੇਤਰ ਵਿੱਚ ਇਕਸੁਰਤਾ ਕਾਇਮ ਨਹੀਂ ਕੀਤੀ ਜਾ ਸਕੇਗੀ, ਜਿਸ ਦਾ ਨੁਕਸਾਨ ਵਿਕਾਸਸ਼ੀਲ ਦੇਸ਼ਾਂ ਨੂੰ ਹੋਵੇਗਾ। ਅਮਰੀਕਾ ਦੀ ਅਗਵਾਈ ਹੇਠਲੀ ਪਹਿਲਕਦਮੀ ‘ਏ ਆਈ ਸਪਲਾਈ-ਚੇਨ’ ਵਿੱਚ ਸ਼ਾਮਲ ਹੋਣ ਦਾ ਭਾਰਤ ਦਾ ਫ਼ੈਸਲਾ ਸੰਤੁਲਨ ਬਣਾਉਣ ਦੀ ਇੱਕ ਕੋਸ਼ਿਸ਼ ਹੈ। ਇਹ ਸਫ਼ਬੰਦੀ ਪਹੁੰਚ ਨੂੰ ਤਾਂ ਮਜ਼ਬੂਤ ਕਰ ਸਕਦੀ ਹੈ, ਪਰ ਨਿਰਪੱਖਤਾ ਦੀ ਗੁੰਜਾਇਸ਼ ਘਟਾਉਂਦੀ ਹੈ। ਅਸਲ ਪ੍ਰੀਖਿਆ ਇਹ ਹੋਵੇਗੀ ਕਿ ਭਾਰਤ ਬਦਲੇ ਵਿੱਚ ਕੀ ਹਾਸਲ ਕਰਦਾ ਹੈ- ਮਾਪਦੰਡਾਂ ’ਚ ਰਸੂਖ਼, ‘ਕੰਪਿਊਟ’ ਤੱਕ ਪਹੁੰਚ ਜਾਂ ਬਰਾਮਦ ਕੰਟਰੋਲ ਪ੍ਰਣਾਲੀ ’ਚ ਢਿੱਲ।

ਸੰਮੇਲਨ ਵਿੱਚ ਇਸ ਖੇਤਰ ਨਾਲ ਜੁੜੇ ਕਾਮਿਆਂ ਨਾਲ ਸਬੰਧਤ ਫਿਕਰਾਂ ਬਾਰੇ ਕੁਝ ਵੀ ਨਹੀਂ ਕਿਹਾ ਗਿਆ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਹਾਲਾਂਕਿ ਵਿਸ਼ਾ ‘ਸਾਰਿਆਂ ਦੀ ਭਲਾਈ, ਸਭ ਦੀ ਖ਼ੁਸ਼ੀ’ ਸੀ, ਪਰ ਭਾਰਤ ਦੇ 58 ਲੱਖ ਆਈ ਟੀ ਕਰਮਚਾਰੀਆਂ ਦੀ ਸੰਮੇਲਨ ਦੇ ਤਾਕਤਵਰ ਮੰਚਾਂ ’ਤੇ ਕੋਈ ਸੰਗਠਿਤ ਨੁਮਾਇੰਦਗੀ ਨਹੀਂ ਸੀ। ਆਈ ਐੱਮ ਐੱਫ ਅਨੁਸਾਰ ਦੁਨੀਆ ਦੀਆਂ 40 ਫੀਸਦੀ ਨੌਕਰੀਆਂ ਏ ਆਈ ਨਾਲ ਪ੍ਰਭਾਵਿਤ ਹੋ ਸਕਦੀਆਂ ਹਨ। ਐਂਟਰੀ-ਲੈਵਲ ਪ੍ਰੋਗਰਾਮ ਕੋਡਿੰਗ, ਸਾਫਟਵੇਅਰ ਟੈਸਟਿੰਗ ਤੇ ਦਫ਼ਤਰੀ/ਪ੍ਰਸ਼ਾਸਕੀ ਕੰਮ, ਜੋ ਭਾਰਤੀ ਆਈ ਟੀ ਖੇਤਰ ਦਾ ਆਧਾਰ ਹਨ, ਨਿਸ਼ਚਿਤ ਰੂਪ ਵਿਚ ਉਹ ਖੇਤਰ ਹਨ, ਜਿਨ੍ਹਾਂ ’ਚ ਕਿਰਤ ਦੀ ਮੰਗ ਨੂੰ ਜੈਨਰੇਟਿਵ ਟੂਲ (ਚੈਟਜੀਪੀਟੀ ਤੇ ਹੋਰ) ਨਵਾਂ ਰੂਪ ਦੇ ਰਹੇ ਹਨ। ਸੰਮੇਲਨ ’ਚ ‘ਲੇਬਰ’ ਦਾ ਜ਼ਿਕਰ ਵਚਨਬੱਧਤਾਵਾਂ ਵਿਚ ਸਿਰਫ਼ ਇੱਕ ਨੀਤੀਗਤ ਚਿੰਤਾ ਵਜੋਂ ਹੋਇਆ, ਨਾ ਕਿ ਇੱਕ ਹਿੱਸੇਦਾਰ ਵਜੋਂ। ਪ੍ਰਧਾਨ ਮੰਤਰੀ ਮੋਦੀ ਵੱਲੋਂ ਪੇਸ਼ ਕੀਤਾ ਗਿਆ ‘ਮਾਨਵ’ ਢਾਂਚਾ- ਨੈਤਿਕ ਪ੍ਰਣਾਲੀਆਂ, ਜਵਾਬਦੇਹ ਸ਼ਾਸਨ, ਰਾਸ਼ਟਰੀ ਪ੍ਰਭੂਸੱਤਾ, ਪਹੁੰਚਯੋਗ ਏ ਆਈ ਅਤੇ ਜਾਇਜ਼ ਨਿਗਰਾਨੀ ਨੂੰ ਇੱਕ ਚੰਗਾ ਉੱਦਮ ਮੰਨਿਆ ਜਾ ਸਕਦਾ ਹੈ। ਅਗਲਾ ਪੜਾਅ ਇਹ ਤੈਅ ਕਰੇਗਾ ਕਿ ਕੀ ਇਹ ਸਿਧਾਂਤ ਲੇਖੇ-ਜੋਖੇ ਦੀ ਸਮਰੱਥਾ, ਸਪਲਾਈ ਦੀ ਰਣਨੀਤੀ, ‘ਕੰਪਿਊਟ’ ਦੇ ਵਿਸਤਾਰ ਤੇ ਕਾਨੂੰਨੀ ਸਪੱਸ਼ਟਤਾ ਪੱਖੋਂ ਅਮਲੀ ਰੂਪ ਲੈਂਦੇ ਹਨ ਜਾਂ ਨਹੀਂ।

ਇਹ ਕੋਈ ਆਲੋਚਨਾ ਨਹੀਂ, ਸਗੋਂ ਐਲਾਨਨਾਮੇ ਤੋਂ ਅਮਲੀ ਕਾਰਵਾਈ ਤੱਕ ਦੀ ਕੁਦਰਤੀ ਪ੍ਰਕਿਰਿਆ ਹੈ। ਦਿੱਲੀ ਨੇ ਸਾਰੀ ਦੁਨੀਆ ਨੂੰ ਇਕੱਠਾ ਕਰ ਕੇ ਦਿਖਾਇਆ ਹੈ। ਭਾਰਤ ਨੇ ‘ਐਪਲੀਕੇਸ਼ਨ’ ਪੱਧਰ ’ਤੇ ਆਪਣੀਆਂ ਤਾਕਤਾਂ ਅਤੇ ਮਾਡਲ ਪੱਧਰ ’ਤੇ ਆਪਣੀਆਂ ਖਾਹਿਸ਼ਾਂ ਨੂੰ ਪ੍ਰਤੱਖ ਕੀਤਾ ਹੈ ਤੇ ਇਸੇ ਗੱਲ ਨੇ ਭਾਰਤ ਨੂੰ ਚਰਚਾ ਦੇ ਕੇਂਦਰ ਵਿੱਚ ਰੱਖਿਆ ਹੈ। ਪਰ ਇਸ ਨੇ ਅਜੇ ਤੱਕ ਉਨ੍ਹਾਂ ਮਹੱਤਵਪੂਰਨ ਕਾਰਕਾਂ (ਕੰਪਿਊਟ, ਮਾਪਦੰਡ ਅਤੇ ਨਿਯਮ) ’ਤੇ ਪੂਰਾ ਕੰਟਰੋਲ ਸਾਬਿਤ ਨਹੀਂ ਕੀਤਾ ਹੈ ਜੋ ਏ ਆਈ ਦੇ ਭਵਿੱਖ ਨੂੰ ਤੈਅ ਕਰਦੇ ਹਨ। ਇਕ ਮੇਜ਼ਬਾਨ ‘ਸੀਟਿੰਗ ਪਲਾਨ’ ਬਣਾਉਂਦਾ ਹੈ, ਇਕ ਪੁਲ ਢਾਂਚਿਆਂ ਨੂੰ ਜੋੜਦਾ ਹੈ ਅਤੇ ਇਕ ਯਾਤਰੀ ਉਸ ਚੀਜ਼ ਦੀ ਵਰਤੋਂ ਕਰਦਾ ਹੈ ਜੋ ਦੂਜਿਆਂ ਨੇ ਬਣਾਈ ਹੈ। ਭਾਰਤ ਸਿਰਫ਼ ਇਕ ਯਾਤਰੀ ਨਹੀਂ ਹੈ। ਕੀ ਇਹ ਸਿਰਫ਼ ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਮੇਜ਼ਬਾਨ ਦੀ ਬਜਾਏ ਨਿਯਮਾਂ ਨੂੰ ਸਰੂਪ ਦੇਣ ਵਾਲਾ ਬਣੇਗਾ ? ਇਹੀ ਉਹ ਸਵਾਲ ਹੈ ਜਿਹੜਾ ਅਗਲੇ ਸੰਮੇਲਨ ਵਿੱਚ ਹੋਰ ਜ਼ੋਰਦਾਰ ਢੰਗ ਨਾਲ ਗੂੰਜੇਗਾ।

ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਅਮਰੀਕਾ ਅਤੇ ਇਰਾਨ ਵਿਚਕਾਰ ਤਣਾਅ ਹੋਰ ਵਧਿਆ



ਵਾਸ਼ਿੰਗਟਨ: ਇਰਾਨ ਉਤੇ ਅਮਰੀਕਾ ਦੇ ਹਮਲੇ ਦੀ ਵਧਦੀ ਸੰਭਾਵਨਾ ਦੇ ਵਿਚਕਾਰ ਅੱਜ ਅਮਰੀਕੀ ਵਿਦੇਸ਼ ਮੰਤਰਾਲੇ ਨੇ ਗੈਰ-ਜ਼ਰੂਰੀ ਡਿਪਲੋਮੈਟਾਂ ਅਤੇ ਉਨ੍ਹਾਂ ਦੇ ਪਰਵਾਰਕ ਜੀਆਂ ਨੂੰ ਲੇਬਨਾਨ ਛੱਡਣ ਦਾ ਹੁਕਮ ਦਿਤਾ ਹੈ। ਅਧਿਕਾਰੀ ਨੇ ਕਿਹਾ ਕਿ ਖੇਤਰੀ ਸੁਰੱਖਿਆ ਮਾਹੌਲ ਦੇ ਨਿਰੰਤਰ ਮੁਲਾਂਕਣ ਤੋਂ ਪਤਾ ਲੱਗਾ ਹੈ ਕਿ ਅਮਰੀਕੀ ਸਫ਼ਾਰਤਖ਼ਾਨੇ ’ਚ ਅਧਿਕਾਰੀਆਂ ਦੀ ਤੈਨਾਤੀ ਘਟਾਉਣਾ ਸਮਝਦਾਰੀ ਹੈ ਤਾਂ ਜੋ ਸਿਰਫ ਜ਼ਰੂਰੀ ਕਰਮਚਾਰੀ ਹੀ ਉਨ੍ਹਾਂ ਦੇ ਅਹੁਦਿਆਂ ਉਤੇ ਰਹਿ ਸਕਣ। ਅਧਿਕਾਰੀ ਨੇ ਅਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਉਤੇ ਗੱਲ ਕੀਤੀ ਕਿਉਂਕਿ ਇਸ ਕਦਮ ਦਾ ਅਜੇ ਰਸਮੀ ਤੌਰ ਉਤੇ ਐਲਾਨ ਨਹੀਂ ਕੀਤਾ ਗਿਆ ਸੀ, ਨੇ ਕਿਹਾ ਕਿ ਇਹ ਇਕ ਅਸਥਾਈ ਉਪਾਅ ਹੈ ਅਤੇ ਦੂਤਾਵਾਸ ਸੋਮਵਾਰ ਨੂੰ ਵੀ ਕੰਮ ਕਰਦਾ ਰਿਹਾ।

ਇਰਾਨ ਨੇ ਪਿਛਲੇ ਹਫਤੇ ਰੂਸ ਨਾਲ ਸਾਲਾਨਾ ਫੌਜੀ ਅਭਿਆਸ ਕੀਤਾ ਜਦਕਿ ਦੂਜਾ ਅਮਰੀਕੀ ਏਅਰਕ੍ਰਾਫਟ ਕੈਰੀਅਰ ਮੱਧ ਪੂਰਬ ਦੇ ਨੇੜੇ ਆ ਗਿਆ ਸੀ, ਅਮਰੀਕਾ ਅਤੇ ਇਰਾਨ ਦੋਹਾਂ ਨੇ ਸੰਕੇਤ ਦਿਤਾ ਸੀ ਕਿ ਜੇ ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ ਉਤੇ ਗੱਲਬਾਤ ਅਸਫਲ ਹੋ ਜਾਂਦੀ ਹੈ ਤਾਂ ਉਹ ਜੰਗ ਲਈ ਤਿਆਰ ਹਨ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਰਾਨ ਨੂੰ ਸਮਝੌਤੇ ਉਤੇ ਪਹੁੰਚਣ ਲਈ 10 ਤੋਂ 15 ਦਿਨ “ਕਾਫ਼ੀ ਸਮਾਂ“ ਹੈ। ਪਰ ਗੱਲਬਾਤ ਸਾਲਾਂ ਤੋਂ ਅੜਿੱਕੇ ਬਣੀ ਹੋਈ ਹੈ, ਅਤੇ ਇਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਦੀਆਂ ਵਿਆਪਕ ਮੰਗਾਂ ਉਤੇ ਚਰਚਾ ਕਰਨ ਤੋਂ ਇਨਕਾਰ ਕਰ ਦਿਤਾ ਹੈ ਕਿ ਉਹ ਅਪਣੇ ਮਿਜ਼ਾਈਲ ਪ੍ਰੋਗਰਾਮ ਨੂੰ ਘਟਾ ਦੇਵੇ ਅਤੇ ਹਥਿਆਰਬੰਦ ਸਮੂਹਾਂ ਨਾਲ ਸਬੰਧ ਤੋੜ ਦੇਵੇ। ਹਾਲ ਹੀ ਦੇ ਹਫ਼ਤਿਆਂ ਵਿਚ ਹੋਈ ਅਸਿੱਧੇ ਤੌਰ ਉਤੇ ਹੋਈ ਗੱਲਬਾਤ ਵਿਚ ਬਹੁਤ ਘੱਟ ਤਰੱਕੀ ਹੋਈ, ਅਤੇ ਇਕ ਜਾਂ ਦੋਵੇਂ ਧਿਰਾਂ ਅੰਤਮ ਜੰਗ ਦੀਆਂ ਤਿਆਰੀਆਂ ਲਈ ਸਮਾਂ ਖਰੀਦ ਸਕਦੀਆਂ ਹਨ। ਵਿਭਾਗ ਦੇ ਇਕ ਦੂਜੇ ਅਧਿਕਾਰੀ, ਨੇ ਉਨ੍ਹਾਂ ਯੋਜਨਾਵਾਂ ਬਾਰੇ ਵਿਚਾਰ ਵਟਾਂਦਰੇ ਲਈ ਅਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਉਤੇ ਵੀ ਬੋਲਦੇ ਹੋਏ ਕਿਹਾ ਕਿ ਵਿਦੇਸ਼ ਮੰਤਰੀ ਮਾਰਕੋ ਰੂਬੀਓ ਇਸ ਹਫਤੇ ਦੇ ਅੰਤ ਵਿਚ ਇਜ਼ਰਾਈਲ ਦੀ ਅਪਣੀ ਯਾਤਰਾ ਵਿਚ ਦੇਰੀ ਕਰ ਸਕਦੇ ਹਨ।

# ਸਿੱਖਸ ਆਫ਼ ਅਮੈਰਿਕਾ ਦੇ ਡਾ. ਜਸਦੀਪ ਸਿੰਘ ਜੱਸੀ’ ਅਤੇ ਡਾ. ਸਾਜਿਦ ਤਰਾਰ ਨੂੰ ਯੂ.ਏ.ਈ. ’ਚ ਮਿਲਿਆ ‘ਸ਼ਾਹੀ ਸਨਮਾਨ

ਵਾਸ਼ਿੰਗਟਨ, (ਰਾਜ ਗੋਗਨਾ) : ਸਿੱਖਸ ਆਫ਼ ਅਮੈਰਿਕਾ ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ ਅਤੇ ਮੁਸਲਿਮ ਆਫ਼ ਅਮੈਰਿਕਾ ਦੇ ਚੇਅਰਮੈਨ ਡਾ. ਸਾਜਿਦ ਤਰਾਰ ਇਨੀਂ ਦਿਨੀ ਯੂ.ਏ.ਈ. ਦੇ ਦੌਰੇ ’ਤੇ ਹਨ ਤੇ ਇਸ ਦੌਰਾਨ ਉਹਨਾਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਵੱਡਾ ਮਾਣ ਮਿਲਿਆ ਜਿਸ ਕਾਰਨ ਅਮਰੀਕਾ ਦੇ ਏਸ਼ੀਅਨ ਭਾਈਚਾਰੇ ’ਚ ਖ਼ੁਸ਼ੀ ਦੀ ਲਹਿਰ ਹੈ। ਦੋਵਾਂ ਆਗੂਆਂ ਨੂੰ ਸ਼ਾਹੀ ਪਰਿਵਾਰ ਦੇ ਸ਼ੇਖ ਅਵਾਦ ਮੁਹੰਮਦ ਬਿਨ ਅਲ ਸ਼ੇਖ ਮਰਗਨ ਤੇ ਡਾ. ਬੂ ਅਬਦੁੱਲਾ ਵਲੋਂ ਸੱਦਾ ਪੱਤਰ ਦਿੱਤਾ ਗਿਆ ਅਤੇ ਮਨੁੱਖਤਾ ਦੀ ਭਲਾਈ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਡਾ. ਜਸਦੀਪ ਸਿੰਘ ਜੱਸੀ ਅਤੇ ਡਾ. ਸਾਜਿਦ ਤਰਾਰ ਨੂੰ ਅਮਰੀਕਾ ’ਚ ਇੰਟਲੈਕਚੂਅਲ ਡਿਸਏਬਿਲਿਟੀ ਇੰਸਟੀਚਿਊਟ ਚਲਾਉਣ ਬਦਲੇ ਮਾਣ ਸਨਮਾਨ ਦਿੱਤਾ ਗਿਆ। ਇਸ ਮੌਕੇ ਸ਼ਾਹੀ ਪਰਿਵਾਰ ਦੇ ਸ਼ੇਖ ਅਵਾਦ ਮੁਹੰਮਦ ਬਿਨ ਅਲ ਸ਼ੇਖ ਮਰਗਨ ਤੇ ਡਾ. ਬੂ ਅਬਦੁੱਲਾ ਵਲੋਂ ਡਾ. ਜਸਦੀਪ ਸਿੰਘ ਜੱਸੀ ਅਤੇ ਡਾ. ਸਾਜਿਦ ਤਰਾਰ ਨੂੰ ਅਮਰੀਕਾ ਵਿਚ ਵੀ ਅਜਿਹਾ ਹੀ ਇੰਸਟੀਚਿਊਟ ਖੋਲਣ ਲਈ ਸੁਝਾਅ ਦਿੱਤਾ ਗਿਆ ਅਤੇ ਸਹਿਯੋਗ ਦਾ ਵਾਅਦਾ ਕੀਤਾ ਗਿਆ। ਉਹਨਾਂ ਕਿਹਾ ਕਿ ਦੁਨੀਆਂ ਉੱਤੇ ਸ਼ਾਂਤੀ ਦੇ ਪਸਾਰੇ ਲਈ ਮਨੁੱਖਤਾ ਦੀ ਭਲਾਈ ਲਈ ਕਾਰਜ ਅੱਤ ਜ਼ਰੂਰੀ ਹਨ ਜੋ ਕਿ ਹਮੇਸ਼ਾ ਚੱਲਦੇ ਰਹਿਣੇ ਚਾਹੀਦੇ ਹਨ। ਇਸ ਸਨਮਾਨ ਉਪਰੰਤ ਡਾ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਯੂ.ਏ.ਈ. ਉਹ ਦੇਸ਼ ਹੈ ਜਿੱਥੋਂ ਕਰੋੜਾਂ ਭਾਰਤੀਆਂ ਨੇ ਗਰਮ ਮੌਸਮ ਦੀ ਪਰਵਾਹ ਨਾ ਕਰਦਿਆਂ ਸਖ਼ਤ ਮਿਹਨਤ ਨਾਲ ਆਪਣੇ ਪਰਿਵਾਰਾਂ ਦੀ ਆਰਥਿਕ ਹਾਲਤ ਨੂੰ ਸੁਧਾਰਿਆ ਅਤੇ ਤਰੱਕੀਆਂ ਕੀਤੀਆਂ। ਇਸ ਲਈ ਇਸ ਦੇਸ਼ ਵਿਚ ਸਨਮਾਨਿਤ ਹੋ ਕੇ ਬਹੁਤ ਮਾਣ ਮਹਿਸੂਸ ਹੋਇਆ ਹੈ ਅਤੇ ਉਹ ਸ਼ਾਹੀ ਪਰਿਵਾਰ ਵਲੋਂ ਦਿੱਤੇ ਹੋਏ ਸੁਝਾਅ ਉੱਤੇ ਵੀ ਵਿਚਾਰ ਕਰਨਗੇ।



# ਇਮੀਗ੍ਰੇਸ਼ਨ ਤੋਂ ਬਚਣ ਲਈ ਭਜਾਈ ਕਾਰ ਹੋਰ ਕਾਰ ਨਾਲ ਟਕਰਾਈ, ਅਧਿਆਪਕਾ ਦੀ ਮੌਤ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਇਮੀਗ੍ਰੇਸ਼ਨ ਅਫਸਰਾਂ ਤੋਂ ਬਚਣ ਲਈ ਇਕ ਵਿਅਕਤੀ ਵੱਲੋਂ ਭਜਾਈ ਕਾਰ ਇਕ ਹੋਰ ਕਾਰ ਨਾਲ ਟਕਰਾਅ ਗਈ ਜਿਸ ਕਾਰ ਵਿਚ ਸਵਾਰ ਜਾਰਜੀਆ ਦੀ ਇੱਕ ਅਧਿਆਪਕਾ ਦੀ ਮੌਤ ਹੋ ਗਈ। ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ ਨੇ ਕਿਹਾ ਹੈ ਕਿ ਸਵਾਨਾਹ ਵਿੱਚ 38 ਸਾਲਾ ਗੁਆਟੇਮਾਲਾ ਨਾਗਰਿਕ ਓਸਕਾਰ ਵਾਸਕੁਏਜ਼ ਲੋਪੇਜ਼ ਨੇ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਏਜੰਟਾਂ ਤੋਂ ਬਚਣ ਦੀ ਕੋਸ਼ਿਸ਼ ਦੌਰਾਨ 52 ਸਾਲਾ ਲਿੰਡਾ ਡੇਵਿਸ ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਲਿੰਡਾ ਦੀ ਮੌਕੇ ਉਪਰ ਹੀ ਮੌਤ ਹੋ ਗਏ ਜਦ ਕਿ ਲੋਪੇਜ਼ ਮਾਮੂਲੀ ਜਖਮੀ ਹੋਇਆ ਹੈ ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਚਠਮ ਕਾਊਂਟੀ ਪੁਲਿਸ ਵਿਭਾਗ ਹਾਦਸੇ ਦੀ ਜਾਂਚ ਕਰ ਰਿਹਾ ਹੈ। ਲੋਪੇਜ਼ ਵਿਰੁੱਧ ਪਹਿਲਾ ਦਰਜਾ ਹੱਤਿਆ ਸਮੇਤ ਲਾਪਰਵਾਹੀ ਨਾਲ ਡਰਾਈਵਿੰਗ ਕਰਨ, ਬਿਨਾਂ ਯੋਗ ਲਾਇਸੰਸ ਡਰਾਈਵਿੰਗ ਕਰਨ ਤੇ ਟਰੈਫਿਕ ਕੰਟਰੋਲ ਉਪਕਰਨ ਦੀ ਅਣਦੇਖੀ ਕਰਨ ਦੇ ਦੋਸ਼ ਲਾਏ ਗਏ ਹਨ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

(ਅ) ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੨)

ਸਿੱਖ ਰਹਿਤ ਮਰਯਾਦਾ ਵਿਚ ਗੁਰਮਤਾ ਕਰਨ ਦੀ ਵਿਧੀ ਦੇ ਸਿਰਲੇਖ ਹੇਠ ਦੋ ਬੰਦ ਹਨ। ਪਹਿਲੇ ਬੰਦ (ੳ) ਵਿਚ ਮਤੇ ਅਤੇ ਗੁਰਮਤੇ ਦੇ ਅੰਤਰ ਨੂੰ ਸਪਸ਼ਟ ਕੀਤਾ ਗਿਆ ਹੈ ਅਤੇ ਦੂਸਰੇ ਬੰਦ ਵਿਚ (ਅ) ਵਿਚ ਗੁਰਮਤਾ ਅਤੇ ਮਤਾ ਕਰਨ ਦਾ ਅਧਿਕਾਰੀ ਕੌਣ ਹੈ? ਇਸ ਦੀ ਵਿਆਖਿਆ ਕੀਤੀ ਗਈ ਹੈ।

ਮੱਦ (ੳ) ਮੁਤਾਬਕ ਸਿੱਖ ਧਰਮ ਦੇ ਮੁਢਲੇ ਅਸੂਲਾਂ ਦੀ ਪੁਸ਼ਟੀ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ ਸਵਾਲਾਂ 'ਤੇ ਗੁਰਮਤਾ ਹੋ ਸਕਦਾ ਹੈ। ਇਸ ਦੇ ਇਲਾਵਾ ਆਮ ਸਾਧਾਰਨ ਕਿਸਮ ਦੇ ਮਸਲਿਆਂ ਜਿਵੇਂ ਧਾਰਮਿਕ, ਵਿਦਿਅਕ, ਸਮਾਜਿਕ, ਪੁਲੀਟੀਕਲ ਸਵਾਲਾਂ ਬਾਰੇ ਮਤਾ ਕੀਤਾ ਜਾ ਸਕਦਾ ਹੈ। ਮਤੇ ਅਤੇ ਗੁਰਮਤੇ ਵਿਚ ਅੰਤਰ ਹੈ। ਮਤਾ ਹਰ ਥਾਂ ਹੋ ਸਕਦਾ ਹੈ ਪਰ ਗੁਰਮਤਾ ਨਹੀਂ।

ਈਸਵੀ 1817 ਵਿਚ ਅੰਗਰੇਜ਼ ਲਿਖਾਰੀ ਕਰਾਫ਼ਰਡ ਦੀ ਲਿਖੀ ਕਿਤਾਬ ਐਨਸ਼ਿਅੰਟ ਐਡ ਮਾਡਰਨ ਇੰਡੀਆ ਵਿਚ ਗੁਰਮਤੇ ਬਾਰੇ ਲਿਖਿਆ ਹੈ ਕਿ ਇਹ ਗੁਰੂ ਪੰਥ ਵਲੋਂ ਗੁਰੂ ਗ੍ਰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਸੋਧਿਆ ਜਾਂਦਾ ਹੈ।

The Guru-Mata is summoned only when the nation is threatened with war, or when something way occur to require the combined efforts of the different chiefs. When the assembly has met and chiefs are seated, the Adi-Granth and other sacred writings are placed before them, to which they all bend their heads, taking God to witness their intention to observe what is ordained by them.

Q. Craufurd, Ancient and Moder India. 1817, p. 346, 355-356.

ਇਸਦੇ ਨਾਲ ਹੀ ਲਿਖਾਰੀ ਨੇ ਇਹ ਵੀ ਅੰਕਤ ਕੀਤਾ ਹੈ ਕਿ ਅੰਮ੍ਰਿਤ ਛਕਾਣ ਲੱਗਿਆਂ ਅਭਿਲਾਖੀ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਦਸਮਾ ਪਾਤਸ਼ਾਹ ਕਾ ਗ੍ਰੰਥ ਦਾ ਪਾਠ ਹਰ ਦਿਨ ਸਵੇਰ ਸ਼ਾਮ ਕਰਨ ਦਾ ਆਦੇਸ਼ ਦਿੱਤਾ ਜਾਂਦਾ ਹੈ।

And he is commanded to read the Aid-Granth and Dasama Padshah ka Granth, every monring and evening.

ਕਈ ਵਾਰ ਕਈ ਲਿਖਾਰੀ ਜਾਂ ਸੰਸਥਾਵਾਂ ਗੁਰਬਾਣੀ ਬਾਰੇ ਲਿਖੀਆਂ ਪੁਸਤਕਾਂ ਦਾ ਸਿਰਲੇਖ 'ਨਿਰਣਾ' ਦੇ ਕੇ ਗੁਰਬਾਣੀ ਦੀ ਹੋਂਦ ਬਾਰੇ ਫੈਸਲੇ ਲਿਖ ਦਿੰਦੇ ਹਨ। ਭਾਈ ਭਾਗ ਸਿੰਘ ਅੰਬਾਲਾ ਨੂੰ ਇਸੇ ਅਵੱਗਿਆ ਕਰ ਕੇ ਵੀ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਕਿ ਉਨ੍ਹਾਂ ਨੇ ਆਪਣੀ ਪੁਸਤਕ ਦਾ ਨਾਮ 'ਨਿਰਣਾ' ਲਿਖਕੇ ਕਿਉਂ ਛਾਪੀ। ਗੁਰਬਾਣੀ ਹੈ




ਕਿ ਨਹੀਂ ਇਸ ਬਾਰੇ ਨਿਰਣਾ ਦੇਣ ਦਾ ਅਧਿਕਾਰ ਕਿਸੇ ਵਿਅਕਤੀ ਜਾਂ ਜਥੇਬੰਦੀ ਨੂੰ ਨਹੀਂ ਹੈ। ਇਹ ਜ਼ਿੰਮੇਵਾਰੀ ਅਤੇ ਫਰਜ਼ ਕੇਵਲ ਗੁਰੂ ਪੰਥ ਦਾ ਹੈ।

ਆਮ ਤੌਰ 'ਤੇ ਵੇਖਣ ਵਿਚ ਆਇਆ ਹੈ ਕਿ ਆਮ ਸਥਾਨਕ ਜਾਂ ਫਿਰ ਕਿਸੇ ਜਥੇਬੰਦੀ ਜਾਂ ਧੜਿਆਂ ਵਲੋਂ ਕੀਤੇ ਇਕੱਠ ਵਿਚ ਪਾਸ ਕੀਤੇ ਮਤਿਆਂ ਨੂੰ ਵੀ ਗੁਰਮਤਾ ਕਹਿ ਦਿੱਤਾ ਜਾਂਦਾ ਹੈ। ਇਹ ਸਹੀ ਨਹੀਂ ਹੈ, ਕਿਉਂਕਿ ਗੁਰਮਤਾ ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਸੰਸਥਾ ਹੈ। ਗੁਰਮਤਾ ਗੁਰੂ ਦੀ ਆਗਿਆ ਤੁਲ ਹੋ ਜਾਂਦਾ ਹੈ।

ਈਸਵੀ 1817 ਵਿਚ ਅੰਗਰੇਜ਼ ਲਿਖਾਰੀ ਕਰਾਫ਼ਰਡ ਦੀ ਲਿਖੀ ਕਿਤਾਬ ਐਨਸ਼ਿਅੰਟ ਐਡ ਮਾਡਰਨ ਇਡੀਆ ਵਿਚ ਗੁਰਮਤੇ ਬਾਰੇ ਲਿਖਿਆ ਹੈ ਕਿ ਇਹ ਗੁਰੂ ਪੰਥ ਵਲੋਂ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਸੋਧਿਆ ਜਾਂਦਾ ਹੈ।

The Guru-Mata is summoned only when the nation is threatened with war, or when something may occur to require the combined efforts of the different chiefs. When the assembly has met and chiefs are seated, the Adi-Granth and other sacred writings are placed before them, to which they all bend their heads, taking God to witness their intention to observe what is ordained by them.

Q. Craufurd, Ancient and Moder India. 1817, Vol. I P. 346, 355-356.

ਇਸਦੇ ਨਾਲ ਹੀ ਲਿਖਾਰੀ ਨੇ ਇਹ ਵੀ ਅੰਕਤ ਕੀਤਾ ਹੈ ਕਿ ਅੰਮ੍ਰਿਤ ਛਕਾਣ ਲੱਗਿਆਂ ਅਭਿਲਾਖੀ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਦਸਮਾ ਪਾਤਸ਼ਾਹ ਕਾ ਗ੍ਰੰਥ ਦਾ ਪਾਠ ਹਰ ਦਿਨ ਸਵੇਰ ਸ਼ਾਮ ਕਰਨ ਦਾ ਆਦੇਸ਼ ਦਿੱਤਾ ਜਾਂਦਾ ਹੈ।

**(ਚਲਦਾ)**

# ਨਰਿੰਦਰ 'ਨਿੱਕ' ਸਹੋਤਾ ਵੱਲੋਂ ਫਰਿਜ਼ਨੋ ਕਾਉਂਟੀ ਬੋਰਡ ਆਫ ਸੁਪਰਵਾਇਜ਼ਰਜ਼, ਡਿਸਟ੍ਰਿਕਟ 4 ਲਈ ਚੋਣ ਲੜਨ ਦਾ ਐਲਾਨ

ਸੈਲਮਾਂ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਨਰਿੰਦਰ ਸਿੰਘ ਸਹੋਤਾ, ਜਿਨ੍ਹਾਂ ਨੂੰ ਸਮੁੱਚੇ ਭਾਈਚਾਰੇ ਵਿੱਚ 'ਨਿੱਕ' ਸਹੋਤਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਜੋ ਕਿ ਇੱਕ ਸਥਾਨਕ ਕਿਸਾਨ, ਕਾਰੋਬਾਰੀ ਅਤੇ ਸੈਲਮਾਂ ਯੂਨਿਫਾਈਡ ਸਕੂਲ ਡਿਸਟ੍ਰਿਕਟ ਦੇ ਟਰਸਟੀ ਹਨ, ਉਹਨਾਂ ਨੇ ਜੂਨ 2026 ਦੀ ਪ੍ਰਾਇਮਰੀ ਚੋਣ ਵਿੱਚ ਫਰਿਜ਼ਨੋ ਕਾਉਂਟੀ ਬੋਰਡ ਆਫ ਸੁਪਰਵਾਇਜ਼ਰਜ਼, ਡਿਸਟ੍ਰਿਕਟ 4 ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ। ਸਹੋਤਾ ਨੇ ਕਿਹਾ ਕਿ ਉਹ ਇਹ ਚੋਣ ਇਸ ਲਈ ਲੜ ਰਹੇ ਹਨ ਤਾਂ ਜੋ ਡਿਸਟ੍ਰਿਕਟ 4 ਦੀਆਂ ਕਮਿਊਨਿਟੀਆਂ ਲਈ ਵਧੀਆ ਲੀਡਰਸ਼ਿਪ ਅਤੇ ਮਜ਼ਬੂਤ ਨੁਮਾਇੰਦਗੀ ਦੇ ਸਕਣ।

ਇੱਕ ਕਿਸਾਨ, ਕਾਰੋਬਾਰੀ, ਸਕੂਲ ਬੋਰਡ ਮੈਂਬਰ ਅਤੇ ਕਮਿਊਨਿਟੀ ਦੇ ਹਿੱਸੇ ਵਜੋਂ, ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਾਡੇ ਮਿਹਨਤੀ ਪਰਿਵਾਰਾਂ ਅਤੇ ਸਥਾਨਕ ਕਾਰੋਬਾਰਾਂ ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਸਹੋਤਾ ਨੇ ਕਿਹਾ। "ਮੈਂ ਚੋਣ ਇਸ ਲਈ ਲੜ ਰਿਹਾ ਹਾਂ ਤਾਂ ਜੋ ਸਾਡੇ ਪਾਣੀ ਅਤੇ ਖੇਤੀ ਦੀ ਰੱਖਿਆ ਕਰੀਏ, ਪਬਲਿਕ ਸੇਫਟੀ ਨੂੰ ਹੋਰ ਮਜ਼ਬੂਤ ਕਰੀਏ, ਸਸਤੇ ਘਰਾਂ ਦੇ ਮੌਕੇ ਵਧਾਈਏ ਅਤੇ ਇਹ ਯਕੀਨੀ ਬਣਾਈਏ ਕਿ ਕਾਉਂਟੀ ਦੀਆਂ ਸੇਵਾਵਾਂ ਲੋਕਾਂ ਲਈ ਸਾਫ਼-ਸੁਥਰੀਆਂ ਅਤੇ ਢੰਗ ਨਾਲ ਕੰਮ ਕਰਨ। ਅਸੀਂ ਸਭ ਮਿਲ ਕੇ ਫਰਿਜ਼ਨੋ ਕਾਉਂਟੀ ਲਈ ਜ਼ਿੰਮੇਵਾਰ ਲੀਡਰਸ਼ਿਪ ਦੇ ਸਕਦੇ ਹਾਂ। ਸਹੋਤਾ ਨੇ ਦੱਸਿਆ ਕਿ ਇਹ ਫੈਸਲਾ ਉਹਨਾਂ ਨੇ ਕਮਿਊਨਿਟੀ ਦੇ ਮੈਂਬਰਾਂ, ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ ਦੀ ਹੌਸਲਾ ਅਫਜ਼ਾਈ ਨਾਲ ਲਿਆ ਹੈ। ਉਹਨਾਂ ਨੇ ਕਿਹਾ ਕਿ ਸਾਡੀ ਕਮਿਊਨਿਟੀ ਨੂੰ ਐਸੀ ਲੀਡਰਸ਼ਿਪ ਦੀ ਲੋੜ ਹੈ ਜੋ ਫਰਿਜ਼ਨੋ ਕਾਉਂਟੀ ਦੀ ਅਸਲੀ ਤਾਕਤ ਨੂੰ ਸਮਝੇ— ਖੇਤੀਬਾੜੀ, ਛੋਟੇ ਕਾਰੋਬਾਰ ਅਤੇ ਮਿਹਨਤੀ ਪਰਿਵਾਰ। ਮੈਂ ਇਹ ਯਕੀਨੀ ਬਣਾਉਣਾ ਚਾਹੁੰਦਾ ਹਾਂ ਕਿ ਸਾਡਾ ਵਿਕਾਸ ਢੰਗ ਨਾਲ ਹੋਵੇ, ਸਾਡੇ ਪਾਣੀ ਦੀ ਸੁਰੱਖਿਆ ਹੋਵੇ, ਲੋਕਾਂ ਲਈ ਰੋਜ਼ਗਾਰ ਦੇ ਮੌਕੇ ਵਧਣ ਅਤੇ ਕਾਉਂਟੀ ਦੀਆਂ ਸੇਵਾਵਾਂ ਲੋਕਾਂ ਦੇ ਹੱਕ ਵਿੱਚ ਕੰਮ ਕਰਨ, ਨਾ ਕਿ ਉਹਨਾਂ ਦੇ ਖਿਲਾਫ।

ਸਹੋਤਾ ਇਸ ਇਲਾਕੇ ਦੇ ਵੱਡੇ ਹੋਏ ਹਨ। ਉਹਨਾਂ ਨੇ ਸੈਲਮਾ ਹਾਈ ਸਕੂਲ ਤੋਂ ਪੜ੍ਹਾਈ ਕੀਤੀ, ਫਿਰ ਰੀਡਲੀ ਕਾਲਜ ਵਿੱਚ ਪੜ੍ਹੇ ਅਤੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ ਤੋਂ ਇੰਜੀਨੀਅਰਿੰਗ ਵਿੱਚ ਡਿਗਰੀ ਹਾਸਲ ਕੀਤੀ। 2008 ਤੋਂ ਉਹ ਆਪਣੀ ਕੰਪਨੀ ਸੈਂਟਰਲ ਵੈਲੀ ਇੰਜੀਨੀਅਰਿੰਗ ਐਂਡ ਸਰਵੇਇੰਗ ਚਲਾ ਰਹੇ ਹਨ, ਜਿੱਥੇ ਉਹਨਾਂ ਨੇ ਸ਼ਹਿਰਾਂ, ਡਿਵੈਲਪਰਾਂ ਅਤੇ ਸਥਾਨਕ ਲੋਕਾਂ ਨਾਲ ਮਿਲ ਕੇ ਕਈ ਇਨਫਰਾਸਟਰਕਚਰ ਅਤੇ ਡਿਵੈਲਪਮੈਂਟ ਪ੍ਰੋਜੈਕਟਾਂ 'ਤੇ ਕੰਮ ਕੀਤਾ ਹੈ। ਉਹ ਖੁਦ ਵੀ ਇੱਕ ਐਕਟਿਵ ਕਿਸਾਨ ਹਨ।

ਉਹ ਸੈਲਮਾਂ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਬੋਰਡ 'ਤੇ ਛੇ ਸਾਲਾਂ ਤੋਂ ਸੇਵਾ ਦੇ ਰਹੇ ਹਨ, ਜਿਨ੍ਹਾਂ ਵਿੱਚੋਂ ਦੋ ਸਾਲ ਉਹ ਬੋਰਡ ਪ੍ਰੈਜ਼ੀਡੈਂਟ ਵੀ ਰਹੇ ਹਨ। ਉਹਨਾਂ ਦੇ ਸਮੇਂ ਦੌਰਾਨ ਸਕੂਲਾਂ ਵਿੱਚ ਮਿਲੀਅਨ ਡਾਲਰ ਦੇ ਸੁਧਾਰ ਹੋਏ, ਅਕਾਦਮਿਕ ਪ੍ਰੋਗਰਾਮ ਮਜ਼ਬੂਤ ਹੋਏ, ਅਤੇ ਲੰਬੇ ਸਮੇਂ ਵਾਲੇ ਲੇਬਰ ਸਮਝੌਤੇ ਵੀ ਸਫਲਤਾਪੂਰਵਕ ਕੀਤੇ ਗਏ, ਉਹ ਵੀ ਵਿੱਤੀ ਜ਼ਿੰਮੇਵਾਰੀ ਨਾਲ।

ਸਹੋਤਾ ਸੈਲਮਾਂ ਚੈਂਬਰ ਆਫ ਕਾਮਰਸ ਦੇ ਪ੍ਰੈਜ਼ੀਡੈਂਟ ਵੀ ਰਹੇ ਹਨ, ਸੈਲਮਾ ਰੋਟਰੀ ਕਲੱਬ ਦੇ ਪਿਛਲੇ ਪ੍ਰੈਜ਼ੀਡੈਂਟ ਰਹੇ ਹਨ, ਬਿਜ਼ਨਸ ਇੰਪਰੂਵਮੈਂਟ ਡਿਸਟ੍ਰਿਕਟ ਦੇ ਬੋਰਡ ਮੈਂਬਰ ਰਹੇ ਹਨ, ਸਿੱਖ ਹਿਸਟੋਰਿਕਲ ਸੋਸਾਇਟੀ ਦੇ ਡਾਇਰੈਕਟਰ ਰਹੇ ਹਨ, ਅਤੇ ਫਰਿਜ਼ਨੋ ਕਾਉਂਟੀ ਹਾਊਸਿੰਗ ਅਤੇ ਕਮਿਊਨਿਟੀ ਡਿਵੈਲਪਮੈਂਟ ਕਮੇਟੀ ਦੇ ਮੈਂਬਰ ਵੀ ਰਹੇ ਹਨ।

ਜੇ ਉਹ ਚੁਣੇ ਜਾਂਦੇ ਹਨ, ਤਾਂ ਉਹਨਾਂ ਦੀਆਂ ਮੁੱਖ ਤਰਜੀਹਾਂ ਵਿੱਚ ਪਾਣੀ ਦੀ ਪੱਕੀ ਉਪਲਬਧਤਾ ਅਤੇ ਸਟੋਰੇਜ, ਖੇਤੀਬਾੜੀ ਅਤੇ ਰੋਜ਼ਗਾਰ ਦਾ ਸਮਰਥਨ, ਕਾਉਂਟੀ ਦੀਆਂ ਸੜਕਾਂ ਦਾ ਸੁਧਾਰ, ਘਰਾਂ ਦੇ ਮੌਕੇ ਵਧਾਉਣਾ, ਅਤੇ ਪਿੰਡਾਂ ਅਤੇ ਵਧ ਰਹੇ ਸ਼ਹਿਰਾਂ ਵਿੱਚ ਮਜ਼ਬੂਤ ਪਬਲਿਕ ਸੇਫਟੀ ਬਣਾਈ ਰੱਖਣਾ ਸ਼ਾਮਲ ਹੋਵੇਗਾ। ਸਹੋਤਾ ਨੇ ਤੁਹਾਡੀ ਸਾਹਿਤਾਂ ਨਾਲ ਜੂਨ 2026 ਦੀ ਪ੍ਰਾਇਮਰੀ ਚੋਣ ਵਿੱਚ ਵੋਟਰਾਂ ਤੋਂ ਆਪਣੇ ਸਮਰਥਨ ਦੀ ਬੇਨਤੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਫੰਡਰੇਜ਼ਰ ਅਤੇ ਕਮਿਊਨਿਟੀ ਮਿਲਣ ਦੇ ਦਿਨ ਜਲਦੀ ਐਲਾਨ ਕੀਤੇ ਜਾਣਗੇ।



# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**



### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more

### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# 1947 ਦਾ ਬਟਵਾਰਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਧਰ ਬਾਬਾ ਜੀ ਸੰਗਤ ਦੀ ਸੇਵਾ ਤੇ ਸਿਮਰਨ ਦਾ ਫ਼ਰਜ਼ ਨਿਭਾ ਰਹੇ ਸਨ ਓਧਰ ਜੋ ਡੇਢ ਸਾਲ ਪਹਿਲੇ, ਸਤਿਗੁਰੂ ਜੀ ਨੇ ਬਾਬਾ ਜੀ ਨੂੰ ਅਨੁਭਵ ਵਿੱਚ ਦ੍ਰਿਸ਼ ਦਿਖਾਇਆ ਸੀ, ਉਹ ਸਾਕਾਰ ਰੂਪ ਵਿੱਚ ਵਰਤਣ ਲੱਗ ਪਿਆ। ਲੋਕਾਂ ਦੇ ਦਿਲਾਂ ਵਿੱਚ ਨਫ਼ਰਤ ਪੈਦਾ ਹੋ ਗਈ। ਜੋ ਲੋਕ ਇੱਕ ਦਿਨ ਪਹਿਲੇ ਸਕੇ ਭਰਾਵਾਂ ਵਾਂਗ ਪਿਆਰ ਮੁਹੱਬਤ ਵਿੱਚ ਵਿਚਰਦੇ ਸਨ, ਅੱਜ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਬਣ ਬੈਠੇ। ਸਾੜ-ਫੂਕ, ਲੁੱਟ-ਮਾਰ ਸ਼ੁਰੂ ਹੋ ਗਈ। ਬਾਬਾ ਜੀ ਦੇ ਬਾਕੀ ਭਰਾ ਜੋ ਬਾਰ (ਹੁਣ ਪਾਕਿਸਤਾਨ) ਵਿੱਚ ਸਨ, ਵਿਚਾਰ ਕਰਨ ਲੱਗੇ ਕਿ ਅੱਜ ਤੱਕ ਅਸੀਂ ਹਰਨਾਮ ਸਿੰਘ ਨੂੰ ਦੁਨਿਆਵੀ ਭਰਾ ਹੀ ਸਮਝੀ ਗਏ, ਉਨ੍ਹਾਂ ਦੀ ਗੱਲ ਨਾ ਮੰਨੀ। ਜੇ ਉਦੋਂ ਉਨ੍ਹਾਂ ਦਾ ਕਹਿਣਾ ਮੰਨ ਲੈਂਦੇ ਤਾਂ ਅੱਜ ਇਹ ਮੁਸੀਬਤ ਨਾ ਬਣਦੀ। ਪਰ ਹੁਣ ਹੋ ਵੀ ਕੀ ਸਕਦਾ ਸੀ? ਕੇਵਲ ਪਛਤਾਵਾ ਪੱਲੇ ਰਹਿ ਗਿਆ ਜੋ ਖਿਨ-ਖਿਨ, ਪਲ-ਪਲ ਹੋ ਰਿਹਾ ਸੀ। ਬਾਕੀ ਲੋਕਾਂ ਵਾਂਗ ਉਨ੍ਹਾਂ ਵੀ ਗੱਡਾ ਜੋੜਿਆ, ਜਿੰਨਾ ਕੁ ਸਾਮਾਨ ਲੈ ਸਕਦੇ ਸਨ ਗੱਡੇ ਤੇ ਰੱਖ, ਕਾਫ਼ਲੇ ਨਾਲ ਵਤਨ ਨੂੰ ਤੁਰ ਪਏ ਅਤੇ ਉਹ ਜ਼ਮੀਨ ਜਿਸ ਨੂੰ ਕਹਿੰਦੇ ਸਨ ਕਿ 'ਜੱਟ ਮਰ ਕੇ ਵੀ ਨਹੀਂ ਛੱਡਦਾ', ਜਿਊਂਦੇ ਜੀਅ ਛੱਡਣੀ ਪੈ ਗਈ। ਅਖ਼ੀਰ ਕਈ ਮੁਸੀਬਤਾਂ ਝਾਗਦੇ ਕਤਲੇਆਮ ਹੁੰਦੀ ਦੇਖਦੇ, ਭੁੱਖਣ-ਭਾਣੇ, ਸਿਰ ਤੇ ਮੌਤ ਦਾ ਸਹਿਮ ਚੁੱਕੀ ਕਈਆਂ ਦਿਨਾਂ ਬਾਅਦ ਪਿੰਡ (ਧੁੱਗੇ) ਪੁੱਜੇ।

ਕੁੱਝ ਦਿਨ ਪਿੰਡ ਬਤੀਤ ਕਰਨ ਤੋਂ ਪਿੱਛੋਂ ਨਵੀਂ ਵਿਉਂਤਬੰਦੀ ਨੇ ਹਿਰਦੇ ਵਿੱਚ ਪ੍ਰਵੇਸ਼ ਕੀਤਾ। ਸਲਾਹ ਬਣੀ ਕਿ ਸਭ ਤੋਂ ਛੋਟੇ ਭਾਈ ਲਛਮਣ ਸਿੰਘ ਜੀ ਨੂੰ ਬਾਬਾ ਜੀ ਪਾਸ ਕਰੇਰੂਏ ਭੇਜਿਆ ਜਾਵੇ ਅਤੇ ਭਾਈ ਤਾਰਾ ਸਿੰਘ ਜੀ ਅਤੇ ਭਾਈ ਠਾਕਰ ਸਿੰਘ ਜੀ ਪਿੰਡ ਧੁੱਗੇ ਹੀ ਠਹਿਰਣ। ਇਸ ਨਵੀਂ ਵਿਉਂਤਬੰਦੀ ਮੁਤਾਬਿਕ ਭਾਈ ਲਛਮਣ ਸਿੰਘ ਜੀ ਕਰੇਰੂਏ (ਧੌਲਪੁਰ) ਪੁੱਜ ਗਏ ਅਤੇ ਖੇਤੀ-ਬਾੜੀ ਦਾ ਕੰਮ ਸੰਭਾਲ ਲਿਆ। ਬਾਬਾ ਜੀ ਦੇ ਜ਼ਿੰਮੇ ਲੱਗੀ ਡਿਊਟੀ ਵਿੱਚੋਂ ਉਨ੍ਹਾਂ ਨੂੰ ਰਾਹਤ ਮਿਲ ਗਈ।

**ਬਾਬਾ ਜੀ ਉਤੇ ਤਾਂਤ੍ਰਿਕ ਯੋਗੀ ਨੇ ਆਪਣੇ ਤਾਂਤ੍ਰਿਕ ਸਾਧਨ ਨਾਲ ਦਬਾਉ ਪਾਉਣਾ, ਆਪ ਨੇ ਗੁਰਮੰਤ੍ਰ ਦੀ ਸ਼ਕਤੀ ਦੁਆਰਾ ਉਸ ਦਾ ਮਾਣ ਤੋੜਨਾ**

ਜੋ ਮਨੁੱਖ ਕਹਿਣੀ ਅਤੇ ਕਰਣੀ ਦਾ ਸੂਰਾ ਹੁੰਦਾ ਹੈ, ਉਸ ਦੇ ਮੁਖ਼ਾਰਬਿੰਦ ਵਿੱਚੋਂ ਨਿਕਲੇ ਬਚਨ ਬੜੇ ਅਸਰਦਾਇਕ ਤੇ ਪ੍ਰਭਾਵਸ਼ਾਲੀ ਹੁੰਦੇ ਹਨ। ਜੋ ਨਿਰਾ ਦੂਸਰਿਆਂ ਨੂੰ ਹੀ ਉਪਦੇਸ਼ ਦਿੰਦਾ ਹੈ, ਆਪ ਉਸ ਦੀ ਕਮਾਈ ਤੋਂ ਸੱਖਣਾ ਹੁੰਦਾ ਹੈ, ਉਸ ਦਾ ਅਸਰ ਦੂਸਰਿਆਂ ਤੇ ਨਾ-ਮਾਤਰ ਹੀ ਹੁੰਦਾ ਹੈ। ਤਦ ਹੀ ਗੁਰਬਾਣੀ ਵਿੱਚ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ :

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥**

(ਆਸਾ ਮ: ੫, ਅੰਗ ੩੮੧)

ਜੀਵ ਪਹਿਲੇ ਆਪ ਪੂਰਨ ਕਮਾਈ ਕਰਕੇ ਫਿਰ ਹੀ ਦੂਸਰਿਆਂ ਨੂੰ ਉਪਦੇਸ਼ ਦੇਵੇ। ਧੰਨ ਗੁਰੂ ਰਾਮਦਾਸ ਸਾਹਿਬ ਜੀ ਉਸ ਜੀਵ-ਆਤਮਾ ਨੂੰ ਕਿੰਨੀ ਵਡਿਆਈ ਦਿੰਦੇ ਹਨ ਜੋ ਆਪ ਉਸ ਪਿਆਰੇ-ਪ੍ਰੀਤਮ ਦੀ ਅਰਾਧਨਾ ਕਰਕੇ ਉਸ ਦੀ ਯਾਦ ਨੂੰ ਸਦੀਵੀ ਤੌਰ ਤੇ ਹਿਰਦੇ ਵਿੱਚ ਵਸਾ ਲੈਂਦਾ ਹੈ ਅਤੇ ਫਿਰ ਹੀ ਦੂਸਰੇ ਜਗਿਆਸੂਆਂ ਨੂੰ ਉਸ ਕਰਤੇ ਨਾਲ ਜੁੜਨ ਦੀ ਪ੍ਰੇਰਨਾ ਦਿੰਦਾ ਹੈ :

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥**

(ਸਲੋਕ ਮ: ੪, ਅੰਗ ੩੦੬)

ਤਥਾ :

**ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ ॥**

(ਪਉੜੀ ੪, ਵਾਰ ੧੨, ਭਾ: ਗੁਰਦਾਸ ਜੀ)




ਜੋ ਆਪ ਤਾਂ ਕਮਾਈ ਕਰਦੇ ਨਹੀਂ ਕੇਵਲ ਦੂਸਰਿਆਂ ਨੂੰ ਹੀ ਉਪਦੇਸ਼ ਦਿੰਦੇ ਹਨ, ਬਾਬਾ ਕਬੀਰ ਜੀ ਉਹਨਾਂ ਪ੍ਰਤੀ ਫ਼ਤਵਾ ਦਿੰਦੇ ਹਨ :

**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥੯੮॥** (ਸਲੋਕ ਕਬੀਰ ਜੀ, ਅੰਗ ੧੩੬੯)

ਅਤੇ ਪੰਜਵੇਂ, ਸਤਿਗੁਰੂ ਧੰਨ ਗੁਰੂ ਅਰਜਨ ਦੇਵ ਸਾਹਿਬ ਜੀ ਵੀ ਉਪ੍ਰੋਕਤ ਹੁਕਮ ਦੀ ਪ੍ਰੋੜ੍ਹਤਾ ਕਰਦੇ ਹਨ ਕਿ :

**ਅਵਰ ਉਪਦੇਸੈ ਆਪਿ ਨ ਕਰੈ ॥**

**ਆਵਤ ਜਾਵਤ ਜਨਮੈ ਮਰੈ ॥**

**(ਸੁਖਮਨੀ ਸਾਹਿਬ, ਅੰਗ ੨੬੯)**

ਪਰ ਬਾਬਾ ਜੀ ਨੇ ਤਾਂ ਸਾਰੀ ਆਯੂ ਦੂਸਰਿਆਂ ਨੂੰ ਕਰਨ ਲਈ ਜੋ ਵੀ ਕਿਹਾ ਪਹਿਲੇ ਆਪ ਉਸ ਦੀ ਪੂਰੀ ਕਮਾਈ ਕਰਕੇ ਆਪਣੇ ਜੀਵਨ ਵਿੱਚ ਢਾਲਿਆ ਜਾਂ ਸਤਿਗੁਰੂ ਜੀ ਦੀ ਬਾਣੀ ਦੇ ਆਧਾਰ 'ਤੇ ਹੀ ਕੋਈ ਬਚਨ ਕੀਤਾ। ਸੋ ਇਹੋ ਜਿਹੇ ਕਰਣੀ ਵਾਲੇ ਜੀਵਨ ਦਾ ਆਲੇ-ਦੁਆਲੇ ਦੇ ਵਾਤਾਵਰਣ 'ਤੇ ਪ੍ਰਭਾਵ ਪੈਣਾ ਕੁਦਰਤੀ ਸੀ। ਸੰਗਤਾਂ ਨੇ ਬਾਬਾ ਜੀ ਦੇ ਬਚਨਾਂ ਨੂੰ ਹਿਰਦੇ ਵਿੱਚ ਥਾਂ ਦਿੱਤੀ ਅਤੇ ਮਨਮੱਤ ਦਾ ਤਿਆਗ ਕਰਕੇ ਗੁਰਮਤਿ ਨੂੰ ਜੀਵਨ ਵਿੱਚ ਧਾਰਨ ਕੀਤਾ। ਸ਼ਰਾਬ ਦੀ ਥਾਂ ਅੰਮ੍ਰਿਤ ਨੇ ਲੈ ਲਈ ਅਤੇ ਮਾਸ ਦੀ ਤਾਮਸੀ ਖ਼ੁਰਾਕ੧ ਛੱਡ ਕੇ ਸ਼ਾਕਾਹਾਰੀ ਜੀਵਨ ਬਣ ਗਏ।

**ਤਾਂਤ੍ਰਿਕ ਨਾਥ**

ਇਸੇ ਹੀ ਨਗਰ (ਕਰੇਰੂਆ) ਦੇ ਨਜ਼ਦੀਕ ਜੋਗ ਮੱਤ ਨਾਲ ਸੰਬੰਧਿਤ ਇੱਕ ਨਾਥ ਰਹਿੰਦਾ ਸੀ। ਜੋ ਥੋੜ੍ਹੀ ਰਿੱਧੀ-ਸਿੱਧੀ ਦੀ ਸ਼ਕਤੀ ਰੱਖਣ ਸਦਕਾ ਲੋਕਾਂ ਨੂੰ ਵਰ-ਸਰਾਪ ਦੇ ਡਰ ਦੇ ਕੇ ਆਪਣੀ ਪੂਜਾ ਕਰਵਾਉਂਦਾ ਸੀ। ਲੋਕ ਉਸ ਨੂੰ ਮਾਸ-ਸ਼ਰਾਬ ਦੀਆਂ ਦਾਅਵਤਾਂ ਦਿੰਦੇ ਸਨ। ਜਿਉਂ ਹੀ ਲੋਕ ਗੁਰਮਤਿ ਵਲ ਪ੍ਰੇਰੇ ਗਏ ਤਦ ਉਸ ਯੋਗੀ ਦੀ ਮਾਨਤਾ ਵਿੱਚ ਫ਼ਰਕ ਪੈਣਾ ਕੁਦਰਤੀ ਸੀ। ਇਸ ਸਾਰੀ ਮਾਨਤਾ ਦੇ ਘਟਣ ਦਾ ਕਾਰਨ ਵੀ ਉਸ ਯੋਗੀ ਨੂੰ ਪਤਾ ਲੱਗ ਗਿਆ ਸੀ। ਉਸ ਨੇ ਸੋਚਿਆ ਕਿ ਜਿਨ੍ਹਾਂ ਨੇ ਮੇਰੇ ਇਸ ਚਲਦੇ ਰੁਜ਼ਗਾਰ ਤੇ ਲੱਤ ਮਾਰੀ ਹੈ, ਮੈਂ ਉਸ ਨੂੰ ਆਪਣੀ ਸ਼ਕਤੀ ਨਾਲ ਇਸ ਨਗਰ ਵਿੱਚ ਨਹੀਂ ਰਹਿਣ ਦੇਣਾ ਅਤੇ ਆਪਣੀ ਘਟੀ ਪ੍ਰਤਿਸ਼ਟਤਾ ਨੂੰ ਬਹਾਲ ਕਰਨ ਲਈ ਉਸ ਨੂੰ ਨੀਵਾਂ ਵੀ ਦਿਖਾਲਣਾ ਹੈ ਪਰ ਜਿਵੇਂ ਗੁਰਬਾਣੀ ਦਾ ਫ਼ੁਰਮਾਨ ਹੈ :

**ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ ॥**

**ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ ॥**

(ਸਲੋਕ ਮ: ੨, ਅੰਗ ੧੪੮)

**ਨਾਥ ਦਾ ਬਾਬਾ ਜੀ 'ਤੇ ਪਹਿਲਾ ਹਮਲਾ**

ਸਰਦੀ ਦਾ ਮੌਸਮ ਸੀ। ਬਾਬਾ ਜੀ ਆਪਣੇ ਰਿਹਾਇਸ਼ੀ ਅਸਥਾਨ ਦੇ ਬਾਹਰ ਧੁੱਪ ਵਿੱਚ ਬੈਠੇ ਨਾਮ-ਸਿਮਰਨ ਵਿੱਚ ਲੀਨ ਸਨ। ਦੋ ਕੁ ਸੌ ਗਜ਼ ਦੀ ਵਿੱਥ ਤੇ ਇੱਕ ਪਗਡੰਡੀ ਸੀ, ਉਸ ਯੋਗੀ ਨੇ ਉੱਥੇ ਖਲੋ ਕੇ ਆਪਣੀ ਤਾਂਤ੍ਰਿਕ ਸ਼ਕਤੀ ਜਿਸ ਵਿੱਚ ਉਹ ਕਾਫ਼ੀ ਮਾਹਿਰ ਸੀ, ਨਾਲ ਬਾਬਾ ਜੀ ਨੂੰ ਕੁਝ ਕਰਨਾ ਚਾਹਿਆ। ਬਾਬਾ ਜੀ ਨੂੰ ਇਸ ਬਾਰੇ ਪਤਾ ਨਹੀਂ ਸੀ ਕਿ ਯੋਗੀ ਸਾਡੇ ਉੱਪਰ ਆਪਣੀ ਤਾਂਤ੍ਰਿਕ ਸ਼ਕਤੀ ਚਲਾ ਰਿਹਾ ਹੈ। ਆਪ ਜੀ ਸਿਮਰਨ ਵਿੱਚ ਮਗਨ ਬੈਠੇ ਸਨ। ਬਾਬਾ ਜੀ ਨੇ ਦੱਸਿਆ ਕਿ ਅਚਾਨਕ ਸਾਡੇ ਦਿਲ ਨੂੰ ਕਾਹਲੀ ਜਿਹੀ ਪੈਣ ਲੱਗ ਪਈ ਅਤੇ ਥੋੜ੍ਹੀ ਘਬਰਾਹਟ ਜਿਹੀ ਮਹਿਸੂਸ ਹੋਈ। ਆਲੇ-ਦੁਆਲੇ ਨਿਗ੍ਹਾ ਮਾਰੀ ਤਾਂ ਸਾਹਮਣੇ ਉਹ ਯੋਗੀ ਖੜਾ ਦਿੱਸਿਆ। ਆਪ ਜੀ ਫਿਰ ਸਿਮਰਨ ਵਿੱਚ ਜੁੱਟ ਗਏ।

**ਦੂਸਰਾ ਵਾਰ**

ਅਗਲੇ ਦਿਨ ਫਿਰ ਉਸੇ ਜਗ੍ਹਾ ਖਲੋ ਕੇ ਯੋਗੀ ਨੇ ਆਪਣੀ ਸ਼ਕਤੀ ਨਾਲ ਬਾਬਾ ਜੀ ਉੱਪਰ ਆਪਣਾ ਬਲ ਪਾਉਣਾ ਚਾਹਿਆ। ਉਸ ਦੀ ਸ਼ਕਤੀ ਨਾਲ ਬਾਬਾ ਜੀ ਦੀ ਬਿਰਤੀ ਫਿਰ ਉਥਾਨ ਹੋਈ। ਵੇਖਣ ਤੇ ਪਤਾ ਚੱਲਿਆ ਕਿ ਉਹੋ ਹੀ ਕੱਲ੍ਹ ਵਾਲਾ ਨਾਥ ਕੁਝ ਕਰ ਰਿਹਾ ਹੈ। ਆਪ ਜੀ ਪ੍ਰਭੂ ਸਿਮਰਨ ਵਿੱਚ ਹੀ ਮਗਨ ਰਹੇ।

(ਚਲਦਾ)

# ਵਿਰਜੀਨੀਆ ਵਿੱਚ ਗੋਲੀਬਾਰੀ ਵਿੱਚ 2 ਮੌਤਾਂ ਤੇ 7 ਜ਼ਖ਼ਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਵਰਜੀਨੀਆ ਵਿੱਚ ਹੋਈ ਗੋਲੀਬਾਰੀ ਵਿੱਚ 2 ਵਿਅਕਤੀਆਂ ਦੇ ਮਾਰੇ ਜਾਣ ਤੇ 7 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਗੋਲੀਬਾਰੀ ਦੀ ਸੂਚਨਾ ਮਿਲਣ 'ਤੇ ਰਿਚਮੰਡ ਪੁਲਿਸ ਸ਼ਹਿਰ ਦੇ ਪੂਰਬ ਵਿੱਚ ਸ਼ੌਕੋਈ ਬਾਟਮ ਖੇਤਰ ਵਿੱਚ ਪੁੱਜੀ। ਪੁਲਿਸ ਮੁਖੀ ਰਿਕ ਐਡਵਰਡਜ ਨੇ ਪੱਤਰਕਾਰਾਂ ਨੂੰ ਦਸਿਆ ਕਿ ਮੌਕੇ 'ਤੇ ਮੌਜੂਦ ਇਕ ਪੁਲਿਸ ਅਫਸਰ ਨੇ ਵੱਡੀ ਪੱਧਰ 'ਤੇ ਲੋਕਾਂ ਨੂੰ ਝਗੜਦਿਆਂ ਵੇਖਿਆ। ਕਿਸੇ ਗੱਲ ਨੂੰ ਲੈ ਕੇ ਹੋਈ ਤਕਰਾਰ ਲੜਾਈ ਵਿੱਚ ਬਦਲ ਗਈ। ਮੌਕੇ 'ਤੇ ਪੁਲਿਸ ਨੂੰ ਜੈਨੇਸਿਸ ਜੋਨਸ (23) ਜੋ ਪੀਟਸਬਰਗ ਦਾ ਰਹਿਣਾ ਵਾਲਾ ਸੀ ਤੇ ਹੈਨਰੀਕੋ ਕਾਊਂਟੀ ਦਾ ਵਸਨੀਕ ਡੋਮਿਨਿਕ ਜੈਕਸਨ (42) ਜ਼ਖਮੀ ਹਾਲਤ ਵਿੱਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਬਾਅਦ ਵਿਚ ਇਹ ਦੋਨੋਂ ਦਮ ਤੋੜ ਗਏ। ਉਨਾਂ ਕਿਹਾ ਕਿ 4 ਹੋਰ ਜ਼ਖਮੀ ਲੋਕਾਂ ਨੂੰ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਦੇ ਜਖਮ ਜਾਨ ਲੇਵਾ ਨਹੀਂ ਹਨ ਜਦ ਕਿ 3 ਜ਼ਖਮੀ



ਆਪਣੇ ਨਿੱਜੀ ਵਾਹਨਾਂ 'ਤੇ ਹਸਪਤਾਲ ਪੁੱਜੇ ਹਨ। ਉਨਾਂ ਕਿਹਾ ਕਿ ਜ਼ਖਮੀਆਂ ਵਿੱਚ 3 ਵਿਅਕਤੀ ਤੇ 4 ਔਰਤਾਂ ਸ਼ਾਮਿਲ ਹਨ। ਪੁਲਿਸ ਨੇ ਮੌਕੇ ਤੋਂ 50 ਕਾਰਤੂਸਾਂ ਦੇ ਖੋਲ ਤੇ 2 ਹਥਿਆਰ ਬਰਾਮਦ ਕੀਤੇ ਹਨ। ਐਡਵਰਡਜ ਨੇ ਕਿਹਾ ਕਿ ਇਸ ਗੋਲੀਬਾਰੀ ਵਿੱਚ ਕਈ ਲੋਕ ਸ਼ਾਮਿਲ ਹਨ ਜਿਨਾਂ ਦੀ ਭਾਲ ਕੀਤੀ ਜਾ ਰਹੀ ਹੈ। ਫਿਲਹਾਲ ਕੋਈ ਵੀ ਗ੍ਰਿਫਤਾਰੀ ਨਹੀਂ ਹੋਈ ਹੈ। ਉਨਾਂ ਕਿਹਾ ਕਿ ਇਸ ਗੋਲੀਬਾਰੀ ਦਾ ਇਕੋ ਹੀ ਸੰਦੇਸ਼ ਹੈ ਕਿ ਆਪਣੀਆਂ ਗੰਨਾਂ ਘਰ ਰੱਖ ਕੇ ਆਓ। ਨਹੀਂ ਤਾਂ ਛੋਟੀਆਂ ਮੋਟੀਆਂ ਗੱਲਾਂ ਵੀ ਭਿਅੰਕਰ ਲੜਾਈ ਦਾ ਰੂਪ ਧਾਰ ਸਕਦੀਆਂ ਹਨ।

# ਜੀ.ਐਚ.ਜੀ. ਅਕੈਡਮੀਂ ਵੱਲੋਂ 28 ਫਰਵਰੀ ਨੂੰ ਹੋਵੇਗਾ ਕਲਾ ਪ੍ਰਦਰਸ਼ਨ

## ਗਿੱਧੇ ਅਤੇ ਭੰਗੜੇ ਨਾਲ ਲੱਗਣਗੀਆਂ ਰੌਣਕਾਂ




ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਜੀ.ਐਚ.ਜੀ. ਅਕੈਡਮੀ ਪੰਜਾਬੀ ਸੱਭਿਆਚਾਰਕ ਵਿਰਸੇ ਪ੍ਰਤੀ ਆਪਣੀਆਂ ਸਾਰਥਿਕ ਗਤੀਵਿਧੀਆਂ ਕਰਕੇ ਹਮੇਸ਼ਾ ਸਾਰਾ ਸਾਲ ਸਰਗਰਮ ਰਹਿੰਦੀ ਹੈ। ਇਸ ਅਕੈਡਮੀ ਦਾ ਆਪਣਾ ਸਿੱਖਲਾਈ ਸਟੂਡੀਓ ਵੀ ਹੈ। ਜਿੱਥੇ ਸਾਰਾ ਸਾਲ ਬੱਚੇ ਮਾਹਰ ਕੋਚਾਂ ਕੋਲੋਂ ਸਿਖਲਾਈ ਪ੍ਰਾਪਤ ਕਰਦੇ ਹਨ। ਇਸ ਅਕੈਡਮੀਂ ਦੁਆਰਾ ਪਹਿਲੀ ਵਾਰ ਉਪਰਾਲਾ ਕਰਦੇ ਹੋਏ ਸਿਰਫ ਅਕੈਡਮੀਂ ਵਿੱਚ ਸਿਖਲਾਈ ਪ੍ਰਾਪਤ ਬੱਚਿਆਂ ਦੇ ਪ੍ਰਦਰਸ਼ਨ ਲਈ 28 ਫ਼ਰਵਰੀ ਨੂੰ ਸੈਂਟਰਲ ਹਾਈ ਸਕੂਲ ਫਰਿਜ਼ਨੋ ਵਿਖੇ ਵਿਸ਼ੇਸ਼ ਸਟੇਜ ਪ੍ਰੋਗਰਾਮ ਰੱਖਿਆ ਗਿਆ ਹੈ। ਜਿਸ ਵਿਚ ਵੱਡੀ ਗਿਣਤੀ ਵਿੱਚ ਸਿੱਖਿਆ ਲੈ ਰਹੇ ਬੱਚੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ। ਪਰਮਜੀਤ ਸਿੰਘ ਧਾਲੀਵਾਲ ਅਤੇ ਉਦੈਦੀਪ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਪ੍ਰੋਗਰਾਮ ਅਕੈਡਮੀਂ ਦੇ ਬਹੁਤ ਹੀ ਮਾਹਰ ਕੋਚਾਂ, ਪਰਿਵਾਰਾਂ ਅਤੇ ਬੱਚਿਆਂ ਦੀ ਆਪਸੀ ਸਾਂਝ ਨੂੰ ਵਧੇਰੇ ਮਜ਼ਬੂਤ ਕਰਨ ਲਈ ਸ਼ਲਾਘਾ ਯੋਗ ਉਪਰਾਲਾ ਕੀਤਾ ਗਿਆ ਹੈ। ਇਹ ਪ੍ਰੋਗਰਾਮ 28 ਫਰਵਰੀ ਨੂੰ ਠੀਕ 1 ਵਜੇ ਸ਼ੁਰੂ ਹੋਵੇਗਾ ਅਤੇ ਇਸ ਨੂੰ ਦੇਖਣ ਲਈ ਕੋਈ ਦਾਖਲਾ ਟਿਕਟ ਨਹੀਂ ਹੈ। ਪ੍ਰਬੰਧਕਾਂ ਵਲੋਂ ਸਮੁੱਚੇ ਪੰਜਾਬੀ ਭਾਈਚਾਰੇ ਅਤੇ ਸੰਸਥਾਵਾਂ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਪਰਿਵਾਰਾਂ ਸਮੇਤ ਪਹੁੰਚ ਕੇ ਬੱਚਿਆਂ ਨੂੰ ਆਪਣਾ ਵਡਮੁੱਲਾ ਅਸ਼ੀਰਵਾਦ ਦੇਣ ਅਤੇ ਇਸ ਪਲੇਠੇ ਪ੍ਰੋਗਰਾਮ ਨੂੰ ਸਫ਼ਲ ਕਰਨ। ਅਕੈਡਮੀਂ ਦੇ ਸਟੂਡੀਓ ਦਾ ਪਤਾ: 4434 W ASHLAN Ave Fresno, CA ਹੈ। ਜਿੱਥੇ ਸਾਰਾ ਸਾਲ ਸਿਖਲਾਈ ਕਲਾਸਾਂ ਬਹੁਤ ਹੀ ਸਫਲਤਾ ਨਾਲ ਚੱਲ ਰਹੀਆਂ ਹਨ। ਅਕੈਡਮੀਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਖੁੱਲਾ ਸੱਦਾ ਹੈ ਕਿ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ, ਸੱਭਿਆਚਾਰ, ਪੰਜਾਬੀਅਤ ਅਤੇ ਵਿਰਸਤੀ ਜੜਾਂ ਨਾਲ ਜੋੜਨ ਲਈ ਅਕੈਡਮੀ ਦਾ ਹਿੱਸਾ ਬਣੋ। ਆਪਣੇ ਬੱਚਿਆਂ ਦੇ ਦਾਖਲੇ ਜਾਂ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਅਕੈਡਮੀਂ ਦੀ ਵੈੱਬ ਸਾਈਟ www.ghgbhangra.com ਜਾਂ ਫੋਨ ਨੰਬਰ (559)-321-4591, (559) 369-9381 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟਰੰਪ ਦਾ ਭਾਰਤ ਨੂੰ ਵੱਡਾ 'ਝਟਕਾ ਜਾਂ ਤੋਹਫ਼ਾ' ਟੈਰਿਫ 18% ਤੋਂ ਘਟ ਕੇ ਹੋਇਆ 10%

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਗਲੋਬਲ ਟੈਰਿਫ ਆਰਡਰ ਤੋਂ ਬਾਅਦ ਵ੍ਹਾਈਟ ਹਾਊਸ ਨੇ ਸਪੱਸ਼ਟ ਕੀਤਾ ਹੈ ਕਿ ਭਾਰਤ 'ਤੇ ਲੱਗਣ ਵਾਲਾ ਆਯਾਤ ਟੈਕਸ (Tariff) ਹੁਣ ਘਟ ਕੇ 10 ਫ਼ੀਸਦੀ ਰਹਿ ਜਾਵੇਗਾ। ਇਹ ਫ਼ੈਸਲਾ ਅਮਰੀਕੀ ਸੁਪਰੀਮ ਕੋਰਟ ਦੇ ਉਸ ਹੁਕਮ ਤੋਂ ਬਾਅਦ ਆਇਆ ਹੈ ਜਿਸ ਨੇ ਟਰੰਪ ਪ੍ਰਸ਼ਾਸਨ ਵੱਲੋਂ ਪਹਿਲਾਂ ਲਗਾਏ ਗਏ IEEPA ਅਧਾਰਿਤ ਟੈਕਸਾਂ ਨੂੰ ਰੱਦ ਕਰ ਦਿੱਤਾ ਸੀ।

**18 ਫ਼ੀਸਦੀ ਤੋਂ ਘਟ ਕੇ ਹੋਇਆ 10 ਫ਼ੀਸਦੀ**

ਇਸ ਮਹੀਨੇ ਦੇ ਸ਼ੁਰੂ ਵਿੱਚ, ਭਾਰਤ ਅਤੇ ਅਮਰੀਕਾ ਵਿਚਕਾਰ ਹੋਏ ਇੱਕ ਅੰਤਰਿਮ ਵਪਾਰ ਸਮਝੌਤੇ ਤੋਂ ਬਾਅਦ ਟਰੰਪ ਨੇ ਟੈਰਿਫ ਨੂੰ 25 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰ ਦਿੱਤਾ ਸੀ। ਹੁਣ ਵ ?ਹਾਈਟ ਹਾਊਸ ਦੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਨਵੇਂ 'ਸੈਕਸ਼ਨ 122' ਅਥਾਰਟੀ ਦੇ ਤਹਿਤ ਭਾਰਤ 'ਤੇ ਇਹ ਦਰ ਅਸਥਾਈ ਤੌਰ 'ਤੇ 18 ਫ਼ੀਸਦੀ ਦੀ ਬਜਾਏ 10 ਫ਼ੀਸਦੀ ਹੋਵੇਗੀ। ਟਰੰਪ ਨੇ ਭਾਰਤ ਨਾਲ ਹੋਏ ਇਸ ਵਪਾਰਕ ਢਾਂਚੇ ਨੂੰ ਇੱਕ 'ਸਹੀ ਸੌਦਾ' (Fair Deal) ਦੱਸਿਆ ਹੈ।

**ਕੀ ਇਹ ਰਾਹਤ ਸਿਰਫ਼ ਅਸਥਾਈ ਹੈ ?**

ਹਾਲਾਂਕਿ ਭਾਰਤ ਲਈ ਇਹ ਖ਼ੁਸ਼ਖ਼ਬਰੀ ਹੈ, ਪਰ ਰਾਸ਼ਟਰਪਤੀ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਟੈਰਿਫ ਦੀਆਂ ਦਰਾਂ ਆਉਣ ਵਾਲੇ ਸਮੇਂ ਵਿੱਚ ਮੁੜ ਵਧ ਸਕਦੀਆਂ ਹਨ। ਟਰੰਪ ਨੇ ਪੱਤਰਕਾਰਾਂ ਨਾਲ



ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਕੋਲ ਹੋਰ ਵੀ ਸਖ਼ਤ ਕਾਨੂੰਨੀ ਵਿਕਲਪ (ਜਿਵੇਂ ਕਿ ਸੈਕਸ਼ਨ 232 ਅਤੇ 301) ਮੌਜੂਦ ਹਨ, ਜੋ ਕਿ ਪਹਿਲਾਂ ਨਾਲੋਂ ਵੀ ਵਧੇਰੇ ਸ਼ਕਤੀਸ਼ਾਲੀ ਹਨ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਦਰਾਂ ਵਧ ਸਕਦੀਆਂ ਹਨ, ਤਾਂ ਉਨ੍ਹਾਂ ਕਿਹਾ, 'ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਉਨ੍ਹਾਂ ਨੂੰ ਕੀ ਰੱਖਣਾ ਚਾਹੁੰਦੇ ਹਾਂ'।

**ਵਪਾਰਕ ਸਬੰਧਾਂ 'ਚ ਉਤਾਰ-ਚੜ੍ਹਾਅ**

ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਰੱਖਿਆ, ਤਕਨਾਲੋਜੀ ਅਤੇ ਇੰਡੋ-ਪੈਸੀਫਿਕ ਖੇਤਰ ਵਿੱਚ ਲਗਾਤਾਰ ਡੂੰਘੇ ਹੋ ਰਹੇ ਹਨ, ਪਰ ਵਪਾਰਕ ਮੁੱਦਿਆਂ ਅਤੇ ਮਾਰਕੀਟ ਤੱਕ ਪਹੁੰਚ ਨੂੰ ਲੈ ਕੇ ਦੋਵਾਂ ਦੇਸ਼ਾਂ ਵਿੱਚ ਤਣਾਅ ਬਣਿਆ ਰਹਿੰਦਾ ਹੈ। ਮੌਜੂਦਾ ਬਦਲਾਅ ਅਮਰੀਕੀ ਅਦਾਲਤ ਦੀਆਂ ਕਾਨੂੰਨੀ ਪਾਬੰਦੀਆਂ ਅਤੇ ਟਰੰਪ ਪ੍ਰਸ਼ਾਸਨ ਦੀ ਵਪਾਰਕ ਸ਼ਰਤਾਂ ਨੂੰ 'ਸਹੀ' ਬਣਾਉਣ ਦੀ ਨੀਤੀ ਦਾ ਨਤੀਜਾ ਹੈ।

# ਅਮਰੀਕੀ ਕੋਰਟ ਤੋਂ ਝਟਕੇ ਮਗਰੋਂ ਟਰੰਪ ਦਾ ਵੱਡਾ ਐਕਸ਼ਨ, ਸਾਰੇ ਦੇਸ਼ਾਂ 'ਤੇ ਲਗਾਇਆ 10% ਟੈਰਿਫ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀਆਂ ਵਪਾਰਕ ਨੀਤੀਆਂ ਨੂੰ ਲੈ ਕੇ ਨਿਆਂਪਾਲਿਕਾ ਨਾਲ ਇੱਕ ਤਿੱਖੀ ਲੜਾਈ ਸ਼ੁਰੂ ਕਰ ਦਿੱਤੀ ਹੈ। ਸੁਪਰੀਮ ਕੋਰਟ ਵੱਲੋਂ ਉਨ੍ਹਾਂ ਦੇ ਪਿਛਲੇ ਟੈਰਿਫਾਂ ਨੂੰ ਗੈਰ-ਕਾਨੂੰਨੀ ਐਲਾਨਣ ਤੋਂ ਕੁਝ ਘੰਟਿਆਂ ਬਾਅਦ ਟਰੰਪ ਨੇ ਓਵਲ ਦਫ਼ਤਰ ਤੋਂ ਇੱਕ ਨਵੇਂ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ। ਇਸ ਆਦੇਸ਼ ਤਹਿਤ ਹੁਣ ਸਾਰੇ ਦੇਸ਼ਾਂ ਤੋਂ ਆਯਾਤ 'ਤੇ 10% ਗਲੋਬਲ ਟੈਰਿਫ ਲਗਾਇਆ ਜਾਵੇਗਾ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਲਿਖਿਆ, 'ਮੈਨੂੰ ਇਹ ਦੱਸਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੈਂ ਓਵਲ ਦਫ਼ਤਰ ਤੋਂ ਸਾਰੇ ਦੇਸ਼ਾਂ 'ਤੇ 10 ਫੀਸਦੀ ਗਲੋਬਲ ਟੈਰਿਫ 'ਤੇ ਦਸਤਖਤ ਕਰ ਦਿੱਤੇ ਹਨ, ਜਿਹੜਾ ਤੁਰੰਤ ਪ੍ਰਭਾਵ ਤੋਂ ਲਾਗੂ ਹੋਵੇਗਾ।"

ਇਸ ਤੋਂ ਪਹਿਲਾਂ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਉਹ 1974 ਦੇ ਵਪਾਰ ਐਕਟ ਦੀ ਧਾਰਾ 122 ਤਹਿਤ 10% ਗਲੋਬਲ ਟੈਰਿਫ ਦਾ ਆਦੇਸ਼ ਦੇਣਗੇ, ਜੋ ਕਿ ਮੌਜੂਦਾ ਟੈਰਿਫਾਂ ਤੋਂ ਇਲਾਵਾ ਹੋਵੇਗਾ। ਉਨ੍ਹਾਂ ਇਹ ਵੀ ਕਿਹਾ, 'ਮੈਂ ਇਸ ਤੋਂ ਕਿਤੇ ਜ਼ਿਆਦਾ ਟੈਰਿਫ ਲਗਾ ਸਕਦਾ ਹਾਂ।'

**150 ਦਿਨਾਂ ਲਈ ਲਾਗੂ ਰਹੇਗਾ ਟੈਰਿਫ**

ਦੱਸਣਯੋਗ ਹੈ ਕਿ ਵਪਾਰ ਐਕਟ ਦੀ ਧਾਰਾ 122 ਤਹਿਤ ਲਗਾਇਆ ਗਿਆ ਇਹ ਟੈਰਿਫ ਲਗਭਗ ਪੰਜ ਮਹੀਨਿਆਂ (150 ਦਿਨ) ਲਈ ਲਾਗੂ ਰਹੇਗਾ। ਇਸ ਸਮੇਂ ਦੌਰਾਨ ਪ੍ਰਸ਼ਾਸਨ ਦੂਜੇ ਦੇਸ਼ਾਂ 'ਤੇ ਢੁਕਵੇਂ ਟੈਰਿਫ ਦਾ ਫੈਸਲਾ ਕਰਨ ਲਈ ਜ਼ਰੂਰੀ ਜਾਂਚ ਕਰੇਗਾ। ਟਰੰਪ ਨੇ ਸੰਕੇਤ ਦਿੱਤਾ ਕਿ ਜ਼ਰੂਰਤ ਪੈਣ 'ਤੇ ਟੈਰਿਫ ਵਧਾਇਆ ਵੀ ਜਾ ਸਕਦਾ ਹੈ। ਉਨ੍ਹਾਂ ਮੀਡੀਆ ਨਾਲ ਗੱਲਬਾਤ ਵਿੱਚ ਕਿਹਾ ਸੀ ਕਿ ਅਸੀਂ ਜੋ ਚਾਹੀਏ ਕਰ ਸਕਦੇ ਹਾਂ, ਦਰਾਂ ਸੰਭਾਵਿਤ



ਰੂਪ ਨਾਲ ਜ਼ਿਆਦਾ ਵੀ ਹੋ ਸਕਦੀਆਂ ਹਨ।

ਅਮਰੀਕੀ ਸੁਪਰੀਮ ਕੋਰਟ ਨੇ 6-3 ਦੇ ਫੈਸਲੇ ਵਿੱਚ 1977 ਦੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (IEEPA) ਦੇ ਤਹਿਤ ਕਾਂਗਰਸ ਦੀ ਪ੍ਰਵਾਨਗੀ ਤੋਂ ਬਿਨਾਂ ਟੈਰਿਫ ਲਗਾਉਣ ਦੇ ਰਾਸ਼ਟਰਪਤੀ ਦੇ ਅਧਿਕਾਰ ਨੂੰ ਰੱਦ ਕਰ ਦਿੱਤਾ। ਟਰੰਪ ਨੇ ਇਸ ਫੈਸਲੇ ਨੂੰ 'ਬਹੁਤ ਨਿਰਾਸ਼ਾਜਨਕ' ਦੱਸਿਆ ਅਤੇ ਕਿਹਾ ਕਿ ਉਹ ਅਦਾਲਤ ਦੇ ਕੁਝ ਮੈਂਬਰਾਂ ਤੋਂ ਸ਼ਰਮਿੰਦਾ ਹਨ। ਹਾਲਾਂਕਿ, ਉਸਨੇ ਇਹ ਵੀ ਕਿਹਾ ਕਿ IEEPA ਤਹਿਤ ਪਾਬੰਦੀ ਦਾ ਮਤਲਬ ਇਹ ਨਹੀਂ ਹੈ ਕਿ ਉਸਦੇ ਕੋਲ ਹੋਰ ਕਾਨੂੰਨੀ ਵਿਕਲਪਾਂ ਦੀ ਘਾਟ ਹੈ। ਉਸਨੇ ਕਿਹਾ, 'ਮੈਂ ਵਪਾਰ ਨੂੰ ਤਬਾਹ ਕਰ ਸਕਦਾ ਹਾਂ, ਮੈਂ ਕਿਸੇ ਦੇਸ਼ 'ਤੇ ਪਾਬੰਦੀਆਂ ਲਗਾ ਸਕਦਾ ਹਾਂ। ਮੈਂ ਬਹੁਤ ਕੁਝ ਕਰ ਸਕਦਾ ਹਾਂ, ਪਰ ਮੈਂ $1 ਟੈਰਿਫ ਨਹੀਂ ਲਗਾ ਸਕਦਾ ? ਇਹ ਕਿੰਨਾ ਹਾਸੋਹੀਣਾ ਹੈ ?' ਟਰੰਪ ਨੇ ਜਸਟਿਸ ਬ੍ਰੇਟ ਕੈਵਨਾਗ ਦੇ ਅਸਹਿਮਤੀ ਵਾਲੇ ਨੋਟ ਦਾ ਹਵਾਲਾ ਦਿੰਦੇ ਹੋਏ ਦਲੀਲ ਦਿੱਤੀ ਕਿ ਰਾਸ਼ਟਰਪਤੀ ਦੀਆਂ ਟੈਰਿਫ ਸ਼ਕਤੀਆਂ ਭਵਿੱਖ ਵਿੱਚ ਸੀਮਤ ਨਹੀਂ ਹੋਣਗੀਆਂ।

**ਸੈਕਸ਼ਨ 232 ਅਤੇ 301 ਤਹਿਤ ਵੀ ਕਾਰਵਾਈ**

ਟਰੰਪ ਪ੍ਰਸ਼ਾਸਨ ਨੇ ਸੰਕੇਤ ਦਿੱਤਾ ਹੈ ਕਿ ਧਾਰਾ 232 (ਰਾਸ਼ਟਰੀ ਸੁਰੱਖਿਆ ਆਧਾਰ) ਅਤੇ ਧਾਰਾ 301 (ਅਣਉਚਿਤ ਵਪਾਰਕ ਅਭਿਆਸਾਂ) ਦੇ ਤਹਿਤ ਵੀ ਨਵੇਂ ਟੈਰਿਫ ਲਗਾਏ ਜਾ ਸਕਦੇ ਹਨ। ਟਰੰਪ ਨੇ ਕਿਹਾ ਕਿ ਕੁਝ ਦੇਸ਼ ਜਿਨ੍ਹਾਂ ਨੇ ਸਾਲਾਂ ਤੋਂ ਅਮਰੀਕਾ ਨਾਲ ਮਾੜਾ ਵਿਵਹਾਰ ਕੀਤਾ ਹੈ, ਉਨ੍ਹਾਂ ਨੂੰ ਉੱਚ ਟੈਰਿਫ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਦੋਂਕਿ ਹੋਰਾਂ ਨੂੰ ਵਧੇਰੇ ਨਿਰਪੱਖ ਵਿਵਹਾਰ ਮਿਲੇਗਾ। ਇਸ ਦੌਰਾਨ ਅਮਰੀਕੀ ਵਪਾਰ ਪ੍ਰਤੀਨਿਧੀ ਜੈਮੀਸਨ ਗ੍ਰੀਰ ਨੇ ਕਿਹਾ ਕਿ ਧਾਰਾ 301 ਤਹਿਤ ਨਵੀਆਂ ਜਾਂਚਾਂ ਦੇ ਵੇਰਵੇ ਆਉਣ ਵਾਲੇ ਦਿਨਾਂ ਵਿੱਚ ਜਾਰੀ ਕੀਤੇ ਜਾਣਗੇ ਅਤੇ ਕਾਨੂੰਨੀ ਤੌਰ 'ਤੇ ਮਜ਼ਬੂਤ ਹੋਣਗੇ।

**ਟਰੰਪ ਨੇ ਲਗਾਏ ਗਏ ਟੈਰਿਫਾਂ ਨੂੰ ਵਾਪਸ ਕਰਨ ਬਾਰੇ ਕੀ ਕਿਹਾ ?**

ਸੁਪਰੀਮ ਕੋਰਟ ਦੇ ਫੈਸਲੇ ਨੇ ਪਿਛਲੇ ਸਾਲ ਇਕੱਠੇ ਕੀਤੇ ਗਏ ਲਗਭਗ $175 ਬਿਲੀਅਨ ਟੈਰਿਫ ਮਾਲੀਏ 'ਤੇ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਹੈ। ਰਿਪੋਰਟਾਂ ਅਨੁਸਾਰ, ਇਹ ਰਕਮ ਸੰਭਾਵੀ ਰਿਫੰਡ ਦੇ ਅਧੀਨ ਹੋ ਸਕਦੀ ਹੈ। ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਐਮਰਜੈਂਸੀ ਕਾਨੂੰਨ ਤਹਿਤ ਲਗਾਏ ਗਏ ਟੈਰਿਫ ਵਾਪਸ ਕੀਤੇ ਜਾਣਗੇ, ਤਾਂ ਉਨ੍ਹਾਂ ਕਿਹਾ, 'ਮੈਨੂੰ ਲੱਗਦਾ ਹੈ ਕਿ ਇਹ ਮਾਮਲਾ ਅਗਲੇ ਦੋ ਸਾਲਾਂ ਲਈ ਮੁਕੱਦਮੇਬਾਜ਼ੀ ਵਿੱਚ ਰਹੇਗਾ।' ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਕਿਹਾ ਕਿ ਅਦਾਲਤ ਨੇ ਰਿਫੰਡਾਂ ਬਾਰੇ ਸਪੱਸ਼ਟ ਦਿਸ਼ਾ-ਨਿਰਦੇਸ਼ ਪ੍ਰਦਾਨ ਨਹੀਂ ਕੀਤੇ ਹਨ ਅਤੇ ਇਹ ਮੁੱਦਾ ਅਜੇ ਵੀ ਵਿਵਾਦ ਵਿੱਚ ਹੈ। ਹਾਲਾਂਕਿ, ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਧਾਰਾ 122, 232 ਅਤੇ 301 ਤਹਿਤ ਨਵੇਂ ਉਪਾਅ 2026 ਵਿੱਚ ਟੈਰਿਫ ਮਾਲੀਏ ਨੂੰ ਲਗਭਗ ਬਦਲਿਆ ਨਹੀਂ ਰੱਖ ਸਕਦੇ ਹਨ।

# ਅਮਰੀਕਾ ਜਾਣ ਦੇ ਚਾਹਵਾਨਾਂ ਦੇ ਰਾਹ 'ਚ ਟਰੰਪ ਨੇ ਬੀਜੇ ਕੰਢੇ ! ਗ੍ਰੀਨ ਕਾਰਡ ਤੇ ਸ਼ਰਨਾਰਥੀਆਂ 'ਤੇ ਵੀ ਕੀਤੀ ਸਖ਼ਤੀ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਅਮਰੀਕਾ ਦੇ ਇਮੀਗ੍ਰੇਸ਼ਨ ਸਿਸਟਮ ਵਿੱਚ ਇੱਕ ਵੱਡਾ ਫੇਰਬਦਲ ਕਰਦਿਆਂ ਨਵੇਂ ਸਖ਼ਤ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਹੁਕਮਾਂ ਦਾ ਸਿੱਧਾ ਅਸਰ ਨਾ ਸਿਰਫ਼ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ, ਸਗੋਂ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਅਤੇ ਅਮਰੀਕਾ ਵਿੱਚ ਸ਼ਰਨ ਲੈਣ ਵਾਲੇ ਲੋਕਾਂ 'ਤੇ ਵੀ ਪਵੇਗਾ।

ਟਰੰਪ ਦੀ ਨਵੀਂ ਨੀਤੀ ਦੇ ਤਹਿਤ, ਅਮਰੀਕਾ ਤੋਂ ਬਾਹਰ ਰਹਿ ਕੇ ਗ੍ਰੀਨ ਕਾਰਡ ਦੀ ਅਪੀਲ ਕਰਨ ਵਾਲੇ ਲੋਕਾਂ ਦੀ ਪ੍ਰਕਿਰਿਆ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਗਿਆ ਹੈ। ਸਰਕਾਰ ਦਾ ਤਰਕ ਹੈ ਕਿ ਪਹਿਲਾਂ ਸਥਾਨਕ ਨਾਗਰਿਕਾਂ ਲਈ ਨੌਕਰੀਆਂ ਸੁਰੱਖਿਅਤ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਟਰੰਪ ਨੇ ਸ਼ਰਨਾਰਥੀ ਪ੍ਰੋਗਰਾਮ 'ਤੇ ਵੀ ਸਖ਼ਤੀ ਕੀਤੀ ਹੈ। ਹੁਣ ਅਮਰੀਕਾ ਵਿੱਚ ਸ਼ਰਨ ਲੈਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮੁਸ਼ਕਲ ਹੋਵੇਗਾ ਅਤੇ ਕਈ ਦੇਸ਼ਾਂ ਦੇ ਨਾਗਰਿਕਾਂ 'ਤੇ ਮੁੜ Travel Bans ਲੱਗ ਸਕਦਾ ਹੈ।

ਨਾਲ ਹੀ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲਿਆਂ ਨੂੰ ਤੁਰੰਤ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਨੂੰ Deport ਕਰਨ ਦੀ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ। ਇਸ ਲਈ ਨਵੇਂ ਡਿਟੈਂਸ਼ਨ ਸੈਂਟਰ ਬਣਾਉਣ ਲਈ ਫੰਡ ਜਾਰੀ ਕੀਤੇ ਗਏ ਹਨ। 'ਚੇਨ ਮਾਈਗ੍ਰੇਸ਼ਨ' ਯਾਨੀ ਪਰਿਵਾਰਕ ਸਬੰਧਾਂ ਦੇ ਆਧਾਰ



'ਤੇ ਮਿਲਣ ਵਾਲੇ ਵੀਜ਼ਿਆਂ ਵਿੱਚ ਵੀ ਕਟੌਤੀ ਕੀਤੀ ਜਾ ਰਹੀ ਹੈ, ਜਿਸ ਨਾਲ ਭਾਰਤੀ ਮੂਲ ਦੇ ਪਰਿਵਾਰਾਂ 'ਤੇ ਵੱਡਾ ਅਸਰ ਪੈ ਸਕਦਾ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਅਤੇ ਕਈ ਡੈਮੋਕ੍ਰੇਟਿਕ ਸੂਬਿਆਂ ਨੇ ਇਨ੍ਹਾਂ ਹੁਕਮਾਂ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਨੀਤੀਆਂ ਅਮਰੀਕੀ ਕਦਰਾਂ-ਕੀਮਤਾਂ ਦੇ ਖਿਲਾਫ ਹਨ ਅਤੇ ਕਈ ਪਰਿਵਾਰਾਂ ਨੂੰ ਅਲੱਗ ਕਰ ਰਹੀਆਂ ਹਨ।

ਇਨ੍ਹਾਂ ਹੁਕਮਾਂ ਨਾਲ ਭਾਰਤੀ ਆਈ.ਟੀ. ਪੇਸ਼ੇਵਰਾਂ (H-1B ਵੀਜ਼ਾ ਧਾਰਕਾਂ) ਲਈ ਵੀ ਚਿੰਤਾ ਵਧ ਗਈ ਹੈ, ਕਿਉਂਕਿ ਗ੍ਰੀਨ ਕਾਰਡ ਪ੍ਰਕਿਰਿਆ ਵਿੱਚ ਦੇਰੀ ਉਨ੍ਹਾਂ ਦੇ ਅਮਰੀਕਾ ਵਿੱਚ ਪੱਕੇ ਹੋਣ ਦੇ ਸੁਪਨੇ ਨੂੰ ਹੋਰ ਲੰਬਾ ਖਿੱਚ ਸਕਦੀ ਹੈ।

# ਟਰੰਪ ਦੇ ਇਕ ਫਰਮਾਨ ਨੇ ਹਨੇਰੇ 'ਚ ਧੱਕਿਆ ਪੂਰਾ ਦੇਸ਼ ! ਭੁੱਖੇ ਮਰਨ ਲੱਗੇ

ਕਿਊਬਾ : ਕਿਊਬਾ 'ਚ ਇਕ ਬੇਹੱਦ ਭਿਆਨਕ ਸੰਕਟ ਆ ਖੜ੍ਹਾ ਹੋਇਆ ਹੈ। ਇੱਥੇ ਪੂਰੇ ਦੇਸ਼ 'ਚ ਬਿਜਲੀ, ਖਾਣਾ, ਦਵਾਈਆਂ ਵਰਗੀਆਂ ਜ਼ਰੂਰੀ ਵਸਤੂਆਂ ਵੀ ਨਾਗਰਿਕਾਂ ਨੂੰ ਨਹੀਂ ਮਿਲ ਰਹੀਆਂ। ਇਨਸਾਨੀਅਤ ਨੂੰ ਪੇਸ਼ ਇਸ ਸੰਕਟ ਬਾਰੇ ਕੈਰੇਬੀਅਨ ਭਾਈਚਾਰੇ ਦੇ ਸਾਬਕਾ ਰਾਸ਼ਟਰਪਤੀਆਂ ਤੇ ਪ੍ਰਧਾਨ ਮੰਤਰੀਆਂ ਨੇ ਕਿਹਾ ਹੈ ਕਿ ਅਸੀਂ ਕਿਊਬਾ ਦੇ ਲੋਕਾਂ ਨਾਲ ਖੜ੍ਹੇ ਹਾਂ। ਦੇਸ਼ 'ਚ ਇਨਸਾਨੀਅਤ ਦੇ ਡੂੰਘੇ ਹੋ ਰਹੇ ਸੰਕਟ ਤੋਂ ਅਸੀਂ ਚਿੰਤਤ ਹਾਂ। ਹੋਰ ਮਨੁੱਖੀ ਤਬਾਹੀ ਨੂੰ ਰੋਕਣ ਲਈ ਕਦਮ ਚੁੱਕਣ ਦੀ ਲੋੜ ਹੈ।

ਜਾਣਕਾਰੀ ਅਨੁਸਾਰ ਅਮਰੀਕੀ ਰਾਸ਼ਟਰਪਤੀ ਟਰੰਪ ਨੇ 29 ਜਨਵਰੀ ਨੂੰ ਇਕ ਹੁਕਮ ਜਾਰੀ ਕੀਤਾ ਸੀ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਕਿਊਬਨ ਸਰਕਾਰ ਲੋਕਾਂ 'ਤੇ ਤਸ਼ੱਦਦ ਢਾਹ ਰਹੀ ਹੈ ਤੇ ਇਸ ਕਾਰਨ ਉਹ ਕਿਊਬਾ ਨੂੰ ਤੇਲ ਮੁਹੱਈਆ ਕਰਵਾਉਣ ਵਾਲੇ ਕਿਸੇ ਵੀ ਦੇਸ਼ ਵਿਰੁੱਧ ਸਜ਼ਾਯੋਗ ਪੱਖਪਾਤੀ ਟੈਰਿਫ ਲਾਉਣਗੇ, ਜਿਸ ਮਗਰੋਂ ਦੇਸ਼ 'ਚ ਊਰਜਾ ਸਰੋਤਾਂ ਦੀ ਭਾਰੀ ਕਿੱਲਤ ਆ ਗਈ ਹੈ ਤੇ ਦੇਸ਼ ਹਨੇਰੇ ਵਿੱਚ ਡੁਬਦਾ ਜਾ ਰਿਹਾ ਹੈ।

ਕੈਰੇਬੀਅਨ ਦੇਸ਼ਾਂ ਨੇ ਟਰੰਪ ਦੀ ਇਸ ਕਾਰਵਾਈ ਨੂੰ ਆਰਥਿਕ ਜੰਗ ਦੇ ਬਰਾਬਰ ਦੱਸਿਆ ਹੈ। ਕਿਊਬਾ ਦੇ ਲੋਕਾਂ ਨੂੰ ਇਸ ਨਾਲ ਬਹੁਤ ਮੁਸ਼ਕਲ ਪੇਸ਼ ਆਏਗੀ। ਸੰਘਰਸ਼ ਤੇ ਵਿਵਾਦਾਂ ਨੂੰ ਸੁਲਝਾਉਣ ਲਈ ਗੱਲਬਾਤ ਦੇ ਸਰਬ ਪੱਖੀ ਸਿਧਾਂਤ ਦੀ ਥਾਂ ਸ਼ਕਤੀਸ਼ਾਲੀ ਦੇਸ਼ਾਂ ਵੱਲੋਂ ਆਰਥਿਕ ਜੰਗ ਰਾਹੀਂ ਛੋਟੇ ਦੇਸ਼ਾਂ ਵਿਰੁੱਧ ਸਿਆਸੀ ਬਦਲਾਖੋਰੀ ਦੀ ਭਾਵਨਾ ਰੱਖਣੀ ਗਲਤ ਹੈ।

ਉਨ੍ਹਾਂ ਕਿਹਾ ਕਿ ਇਸ ਭਿਆਨਕ ਤੇਲ ਨਾਕਾਬੰਦੀ ਦੇ ਨਤੀਜੇ ਬੇਹੱਦ ਤਬਾਹਕੁੰਨ ਹਨ। ਤੇਲ ਦੀ ਕਮੀ ਕਾਰਨ ਕਿਊਬਾ ਦਾ ਪਾਵਰਗ੍ਰਿਡ ਫੇਲ੍ਹ ਹੋ ਗਿਆ ਹੈ ਤੇ ਦੇਸ਼ 'ਚ ਊਰਜਾ, ਭੋਜਨ, ਦਵਾਈਆਂ, ਸਿੱਖਿਆ ਤੇ ਰੋਜ਼ੀ-ਰੋਟੀ ਵਰਗੀਆਂ ਬੁਨਿਆਦੀ ਅਹਿਮ ਲੋੜਾਂ ਦਾ ਗਲਾ ਘੁੱਟ ਕੇ 1.1 ਕਰੋੜ ਨਾਗਰਿਕਾਂ ਨੂੰ ਦਿੱਤੀ ਜਾਣ ਵਾਲੀ ਇਹ ਇਕ ਬੇਰਹਿਮ ਸਜ਼ਾ ਹੈ। 8 ਦਸੰਬਰ 1972 ਨੂੰ ਬਾਰਬਾਡੋਸ, ਗੁਆਨਾ, ਜਮਾਇਕਾ ਅਤੇ ਤ੍ਰਿਨੀਦਾਦ ਤੇ ਟੋਬੈਗੋ ਦੇ ਪ੍ਰਧਾਨ ਮੰਤਰੀਆਂ ਨੇ ਗੁਆਂਢੀ ਕੈਰੇਬੀਅਨ ਦੇਸ਼ ਕਿਊਬਾ ਦੀ ਆਰਥਿਕ ਅਲਹਿਦਗੀ ਨੂੰ ਖਤਮ ਕਰਨ ਦੇ ਆਪਣੇ ਪ੍ਰਭੂਸੱਤਾ ਸੰਪੰਨ ਅਧਿਕਾਰ ਦੀ ਪੁਸ਼ਟੀ ਕਰਦਿਆਂ ਕਿਊਬਾ ਨਾਲ ਕੂਟਨੀਤਕ ਸਬੰਧ ਸਥਾਪਤ ਕਰਨ ਦਾ ਦਲੇਰਾਨਾ ਫੈਸਲਾ ਲਿਆ ਸੀ।

ਉਨ੍ਹਾਂ ਅੱਗੇ ਕਿਹਾ ਕਿ 5 ਦਹਾਕਿਆਂ ਤੋਂ ਵੱਧ ਸਮੇਂ ਤੋਂ ਕਿਊਬਾ ਕੈਰੇਬੀਅਨ ਦੇਸ਼ਾਂ ਨਾਲ ਇਕਜੁੱਟਤਾ 'ਚ ਖੜ੍ਹਾ ਰਿਹਾ ਹੈ। ਅਸੀਂ ਪਿਛਲੇ 33 ਸਾਲਾਂ ਦੇ ਆਪਣੇ ਕਾਰਜਕਾਲ ਦੌਰਾਨ ਆਪਣੇ ਪੂਰਵਜਾਂ ਦੀ ਹਿੰਮਤ ਤੇ ਦੂਰਅੰਦੇਸ਼ੀ ਤੋਂ ਪ੍ਰੇਰਿਤ ਹੋ ਕੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ 'ਚ ਅਮਰੀਕਾ ਵੱਲੋਂ ਕਿਊਬਾ ਵਿਰੁੱਧ ਲਾਈ ਗਈ ਹਰ ਗੈਰ-ਕਾਨੂੰਨੀ ਵਿੱਤੀ ਤੇ ਆਰਥਿਕ ਪਾਬੰਦੀ ਨੂੰ ਖਤਮ ਕਰਨ ਲਈ ਮਤਿਆਂ ਦਾ ਸਮਰਥਨ ਕੀਤਾ ਹੈ। ਅਸੀਂ ਸ਼ਾਂਤੀ ਦੇ ਖੇਤਰ ਵਜੋਂ ਖੜ੍ਹੇ ਹਾਂ। ਅਸੀਂ ਇਕ ਸਾਂਝੇ ਕੈਰੇਬੀਅਨ ਦੇ ਭਵਿੱਖ ਲਈ ਖੜ੍ਹੇ ਹਾਂ।

# ਅਮਰੀਕਾ 'ਚ ਸਭ ਤੋਂ ਵੱਧ ਪੜ੍ਹਿਆ-ਲਿਖਿਆ ਧਾਰਮਿਕ ਸਮੂਹ 'ਹਿੰਦੂ'

ਹਿਊਸਟਨ : ਵਾਸ਼ਿੰਗਟਨ ਸਥਿਤ ਥਿੰਕ ਟੈਂਕ 'ਪਿਊ ਰਿਸਰਚ ਸੈਂਟਰ' ਵੱਲੋਂ ਕੀਤੇ ਗਏ ਨਵੇਂ ਅਧਿਐਨ ਅਨੁਸਾਰ ਹਿੰਦੂ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ-ਲਿਖਿਆ ਧਾਰਮਿਕ ਸਮੂਹ ਹੈ ਅਤੇ ਇਸ ਤੋਂ ਬਾਅਦ ਯਹੂਦੀਆਂ ਦਾ ਨੰਬਰ ਆਉਂਦਾ ਹੈ।

ਅਧਿਐਨ ਵਿਚ ਅਮਰੀਕਾ ਦੇ ਪ੍ਰਮੁੱਖ ਧਾਰਮਿਕ ਭਾਈਚਾਰਿਆਂ ਵਿਚ ਵਿੱਦਿਅਕ ਪ੍ਰਾਪਤੀਆਂ ਦਾ ਅਧਿਐਨ ਕੀਤਾ ਗਿਆ। ਸੈਂਟਰ ਨੇ ਕਿਹਾ ਕਿ 2023-24 ਦੀ 'ਰਿਲੀਜੀਅਸ ਲੈਂਡਸਕੇਪ ਸਟੱਡੀ' (ਆਰ. ਐੱਲ. ਐੱਸ.) ਦੇ ਨਤੀਜੇ ਅਮਰੀਕਾ ਵਿਚ ਧਰਮ ਅਤੇ ਜਨਤਕ ਜੀਵਨ ਦੇ ਸਭ ਤੋਂ ਵਿਆਪਕ ਸਰਵੇਖਣਾਂ ਵਿਚੋਂ ਇਕ ਹਨ।

ਬੀਤੀ 19 ਫਰਵਰੀ ਨੂੰ ਜਨਤਕ ਕੀਤੇ ਗਏ ਆਰ. ਐੱਲ. ਐੱਸ. ਅਧਿਐਨ ਅਨੁਸਾਰ 10 ਵਿਚੋਂ 7 ਹਿੰਦੂਆਂ (70 ਫੀਸਦੀ) ਅਤੇ 65 ਫੀਸਦੀ ਯਹੂਦੀਆਂ ਕੋਲ ਗ੍ਰੈਜੂਏਸ਼ਨ ਦੀ ਡਿਗਰੀ ਜਾਂ ਉਸ ਤੋਂ ਉੱਚੀ ਸਿੱਖਿਆ ਦੀ ਡਿਗਰੀ ਹੈ ; ਇਸ ਦੇ ਮੁਕਾਬਲੇ ਅਮਰੀਕਾ ਦੇ ਕੁੱਲ ਬਾਲਗਾਂ ਵਿਚ ਇਹ ਅੰਕੜਾ 35 ਫੀਸਦੀ ਹੈ।

## ਸਮੁੰਦਰ ਵਿਚਾਲੇ ਅਮਰੀਕਾ ਦਾ ਵੱਡਾ ਹਮਲਾ !

# ਨਸ਼ਾ ਤਸਕਰਾਂ ਦੀ ਕਿਸ਼ਤੀ ਨੂੰ ਬਣਾਇਆ ਨਿਸ਼ਾਨਾ, 3 ਨੂੰ ਕੀਤਾ ਢੇਰ

ਅਮਰੀਕਾ ਦੀ ਵਿਦੇਸ਼ੀ ਨਸ਼ਾ ਤਸਕਰਾਂ ਅਤੇ ਨਸ਼ਾ ਲਿਆਉਣ ਵਾਲੀਆਂ ਕਿਸ਼ਤੀਆਂ ਖ਼ ?ਲਾਫ਼ ਕਾਰਵਾਈ ਜਾਰੀ ਹੈ। ਇਸੇ ਦੌਰਾਨ ਅਮਰੀਕੀ ਸੈਨਾ ਨੇ ਪੂਰਬੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਨਸ਼ਾ ਤਸਕਰੀ ਦੇ ਸ਼ੱਕ ਵਿੱਚ ਇੱਕ ਜਹਾਜ਼ 'ਤੇ ਵੱਡਾ ਹਮਲਾ ਕੀਤਾ ਹੈ। ਅਮਰੀਕੀ ਦੱਖਣੀ ਕਮਾਂਡ ਅਨੁਸਾਰ ਇਸ ਕਾਰਵਾਈ ਵਿੱਚ 3 ਲੋਕਾਂ ਦੀ ਮੌਤ ਹੋ ਗਈ ਹੈ। ਰਾਸ਼ਟਰਪਤੀ ਡੌਨਾਲਡ ਟਰੰਪ ਨੇ ਇਸ ਨੂੰ ਨਸ਼ਿਆਂ ਦੀ ਸਪਲਾਈ ਰੋਕਣ ਲਈ ਚੁੱਕਿਆ ਗਿਆ ਜ਼ਰੂਰੀ ਕਦਮ ਦੱਸਿਆ ਹੈ।

ਅਮਰੀਕੀ ਕਮਾਂਡ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੱਤੀ ਕਿ ਇਹ ਜਹਾਜ਼ ਨਸ਼ਾ ਤਸਕਰੀ ਲਈ ਜਾਣੇ ਜਾਂਦੇ ਰਸਤੇ ਰਾਹੀਂ ਜਾ ਰਿਹਾ ਸੀ। ਸੈਨਾ ਵੱਲੋਂ ਜਾਰੀ ਕੀਤੇ ਗਏ ਇੱਕ ਵੀਡੀਓ ਵਿੱਚ ਸਮੁੰਦਰ ਵਿੱਚ ਤੈਰਦੀ ਇੱਕ ਕਿਸ਼ਤੀ ਨੂੰ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਦਿਖਾਇਆ ਗਿਆ ਹੈ। ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਦੱਖਣੀ ਅਮਰੀਕਾ ਵਿੱਚ ਨਸ਼ਾ ਤਸਕਰਾਂ ਦੇ ਵਿਰੁੱਧ 'ਜੰਗ' ਲੜ ਰਿਹਾ ਹੈ। ਉਨ੍ਹਾਂ ਅਨੁਸਾਰ ਅਮਰੀਕਾ ਵਿੱਚ ਨਸ਼ਿਆਂ ਦੀ ਆਮਦ ਨੂੰ ਰੋਕਣ ਲਈ ਅਜਿਹੇ ਸਖ਼ਤ ਹਮਲੇ ਲਾਜ਼ਮੀ ਹਨ।




ਪਰ ਮਾਹਿਰਾਂ ਅਤੇ ਆਲੋਚਕਾਂ ਨੇ ਇਸ ਕਾਰਵਾਈ ਦੀ ਕਾਨੂੰਨੀ ਮਾਨਤਾ ਅਤੇ ਪ੍ਰਭਾਵਸ਼ੀਲਤਾ 'ਤੇ ਸਵਾਲ ਉਠਾਏ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਮੌਤਾਂ ਦਾ ਮੁੱਖ ਕਾਰਨ 'ਫੈਂਟਾਨਿਲ' ਨਸ਼ਾ ਹੈ, ਜੋ ਕਿ ਸਮੁੰਦਰ ਦੀ ਬਜਾਏ ਮੈਕਸੀਕੋ ਦੇ ਰਸਤੇ ਸੜਕ ਮਾਰਗ ਰਾਹੀਂ ਤਸਕਰੀ ਕਰਕੇ ਲਿਆਂਦਾ ਜਾਂਦਾ ਹੈ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

VISIT US NOW!

DR. RAJESH MAHESHWARI, MD

SAN RAMON
San Ramon
URGENT CARE & CLINIC

LATHROP
Lathrop
URGENT CARE

MAIN STREET
Main Street
URGENT CARE

9140 Alcosta Boulevard Ste D
San Ramon, CA 94583
(925) 361-5959

15810 Harlan Road #A
Lathrop, CA 95330
(209) 983-9000

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਂਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਗੁਰਦੁਆਰਾ ਗਜ਼ਟ ਅੰਮ੍ਰਿਤਸਰ (34) ਮਈ 1937

ਭਾਈ ਲਿਰਮਲ ਸਿੰਘ ਜੀ ਸ਼ਹੀਦ

ਸੰਗਤਾਂ ਨੂੰ ਪਤਾ ਹੀ ਹੋਵੇਗਾ ਕਿ 1 ਅਪ੍ਰੈਲ 1937 ਨੂੰ ਗੁਰਦੁਆਰਾ ਕੋਟ ਭਾਈ ਸਿੰਘ ਜੀ ਤੇ ਜੋ ਡਾਕਾ ਪਿਆ ਸੀ, ਉਸ ਵਿਚ ਗੁਰਦਆਰੇ ਦੀ ਸੇਵਾ ਸਬੰਧੀ ਭਾਈ ਨਿਰਮਲ ਸਿੰਘ ਜੀ ਆਪਣੀ ਡਿਊਟੀ ਨਿਭਾਉਂਦੇ ਹੋਇਆਂ ਸ਼ਹੀਦ ਹੋ ਗਏ ਸਨ। ਜਿਨ੍ਹਾਂ ਦੀ ਇਸ ਸੂਰਬੀਰਤਾ ਅਤੇ ਕੁਰਬਾਨੀ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਕਮੇਟੀ ਸਾਹਿਬ ਨੇ ਫੈਸਲਾ ਕੀਤਾ ਹੈ ਕਿ ਭਾਈ ਸਾਹਿਬ ਦੇ ਪਰਿਵਾਰ ਨੂੰ 10 ਮਹੀਨੇ ਸਹਾਇਤਾ ਦਿੱਤੀ ਜਾਵੇ ਅਤੇ ਨਾਲ ਹੀ ਪਰਿਵਾਰ ਨੂੰ ਬੁਲਾ ਕੇ ਉਨ੍ਹਾਂ ਦੇ ਨਿਮਿਤ ਅਖੰਡ ਪਾਠ ਸਾਹਿਬ ਰੱਖਿਆ ਜਾਵੇ ਅਤੇ ਪਰਿਵਾਰ ਦੇ ਆਉਣ ਜਾਣ ਦੇ ਕਿਰਾਏ ਤੋਂ ਛੁੱਟ (101) ਦਸਤਾਰਬੰਦੀ ਵਜੋਂ ਦਿੱਤਾ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਹ ਸਹਾਇਤਾ ਦਿੱਤੇ ਜਾਣ ਦੀ ਜਾਣਕਾਰੀ ਦੇ ਦਿੱਤੀ ਹੈ।

ਮੀਤ ਸਕੱਤਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸਰਬ-ਹਿੰਦ ਸਿੱਖ ਮਿਸ਼ਨ ਦੀਆਂ ਪ੍ਰਚਾਰ ਸਰਗਰਮੀਆਂ

ਜ਼ਿਲ੍ਹਾ ਬੁਲੰਦ ਸ਼ਹਿਰ ਵਿਚ ਅੰਮ੍ਰਿਤ ਪ੍ਰਚਾਰ

ਵੈਸੇ ਤਾਂ ਯੂ.ਪੀ. ਦੇ ਉਸ ਹਿੱਸੇ ਵਿਚ ਜਿਹੜਾ ਕਿ ਪ੍ਰਚਾਰ ਦੇ ਨਾਲ-ਨਾਲ ਲਗਦਾ ਹੈ ਅਰਥਾਤ ਸਹਾਰਨਪੁਰ ਤੋਂ ਲੈ ਕੇ ਜ਼ਿਲ੍ਹਾ ਏਟਾ ਤੱਕ ਮੁਸ਼ਤਮਿਲ ਹੈ, ਸਰਬ-ਹਿੰਦ ਸਿੱਖ ਮਿਸ਼ਨ ਰਹੀਂ ਪ੍ਰਚਾਰ ਦੀ ਲਹਿਰ ਬੜੇ ਜ਼ੋਰਾਂ 'ਤੇ ਜਾਗਰਿਤ ਵਿਚ ਆ ਰਹੀ ਹੈ। ਉਪਰੋਕਤ ਕਮੇਟੀ ਨੇ ਤਕਰੀਬਨ ਇਸ ਹਿੱਸੇ ਦੇ ਹਰ ਇਕ ਜ਼ਿਲ੍ਹੇ ਵਿਚ ਪ੍ਰਚਾਰਕ ਨਿਯੁਕਤ ਕੀਤੇ ਹਨ। ਹਰ ਦੌਰੇ ਵਿਚ ਪ੍ਰਚਾਰ ਦਾ ਦਾਇਰਾ ਵਧਦਾ ਹੀ ਚਲਾ ਜਾ ਰਿਹਾ ਹੈ, ਪਰ ਸਿੱਖੀ ਪ੍ਰਚਾਰ ਦੀ ਜਿਹੜੀ ਰਫ਼ਤਾਰ ਜ਼ਿਲ੍ਹਾ ਬੁਲੰਦ ਸ਼ਹਿਰ ਵਿਚ ਵਧ ਰਹੀ ਹੈ ਉਹ ਕੁਝ ਅੱਡਰੀ ਜਿਹੀ ਹੈ। ਪਿੰਡ-ਪਿੰਡ ਸਿੱਖ ਸਜ ਗਏ ਹਨ। ਦੀਵਾਨਾਂ ਵਿਚ ਜਿਹੜੇ ਕਿ ਯੂ.ਪੀ. ਸਿੱਖ ਮਿਸ਼ਨ ਅਲੀਗੜ੍ਹ ਰਾਹੀਂ ਲਗਾਤਾਰ ਹੋ ਰਹੇ ਹਨ, ਲੋਕੀਂ ਜਥੇ ਬਣਾ ਕੇ ਸ਼ਬਦ ਪੜ੍ਹਦੇ ਬਿਲਕੁਲ ਪੰਜਾਬ ਵਾਂਗੂੰ ਆਉਂਦੇ ਹਨ ਅਤੇ...(ਗੁਰਦੁਆਰਾ ਗਜ਼ਟ ਅੰਮ੍ਰਿਤਸਰ (35)ਜੂਨ 1937) ਉਪਰੋਕਤ ਹਾਲਾਤ ਦੀ ਬਿਨਾ ਤੇ ਯੂ.ਪੀ. ਦੇ ਅਗੰਮੀ ਦ੍ਰਿਸ਼ ਦੀ ਝਲਕ ਪੈਂਦੀ ਹੈ ਅਰਥਾਤ ਯੂ.ਪੀ. ਦਾ ਇਲਾਕਾ ਨੇੜੇ ਦੇ ਸਮੇਂ ਵਿਚ ਹੀ ਪੰਜਾਬ ਨਾਲੋਂ ਸਿੱਖੀ ਪ੍ਰੇਮ ਜੋਸ਼ ਅਤੇ ਆਬਾਦੀ ਦੇ ਨੁਕਤਾ ਨਿਗਾਹ ਤੋਂ ਕਿਸੇ ਹਾਲਤ ਵਿਚ ਭੀ ਪਿਛੇ ਨਹੀਂ ਰਹੇਗ। 9 ਸਿੱਖਾਂ ਦੇ ਲਿਬਾਸ ਚੱਕਰ ਚਿਹਨ ਅਤੇ ਰਹਿਤ ਬਹਿਤ ਵਿਚ ਯਕਲਖ਼ਤ ਪਰਿਵਰਤਨ ਆਉਣ ਨਾਲ ਅਸੀਂ ਆਪ ਭੀ ਬੜੇ ਚਕ੍ਰਿਤ ਜਿਹੇ ਹੋ ਰਹੇ ਹਾਂ। ਪਿੰਡ ਪਿਲਖੁਨਾ ਅਤੇ ਬਿਜਾਊ ਜ਼ਿਲ੍ਹਾ ਬੁਲੰਦ ਸ਼ਹਿਰ ਵਿਚ ਭਾਈ ਰਘਬੀਰ ਸਿੰਘ ਪ੍ਰਚਾਰਕ 'ਸਰਬ-ਹਿੰਦ ਸਿੱਖ ਮਿਸ਼ਨ' ਦੇ ਉਦਮ ਨਾਲ 24 ਤੋਂ 27 ਮਈ ਤੱਕ ਦੀਵਾਨ ਸਜਾਏ ਗਏ। ਦੂਰ ਨੇੜੇ ਤੋਂ ਲੋਕੀਂ ਮੇਲੇ ਦੀ ਤਰ੍ਹਾਂ ਉਤਸ਼ਾਹ ਨਾਲ ਜਥੇ ਬੰਨ੍ਹ ਬੰਨ੍ਹ ਕੇ ਸ਼ਾਮਲ ਹੋ ਰਹੇ ਸਨ। ਮਿਸ਼ਨ ਦੇ ਪ੍ਰਚਾਰਕ ਭਾਈ ਹਰਦਿੱਤ ਸਿੰਘ ਜੀ ਬਰੇਲੀ, ਭਾਈ ਜੰਗ ਸਿੰਘ ਚੀ ਚੰਦੇਸੀ ਅਤੇ ਭਾਈ ਗੁਰਬਖਸ਼ ਸਿੰਘ ਜੀ ਸੰਗ ਅੱਪੜੇ ਹੋਏ ਸਨ। ਭਾਈ ਸਾਧੂ ਸਿੰਘ ਜੀ ਯੂ.ਪੀ. ਪ੍ਰਚਾਰ ਇੰਚਾਰਜ ਭੀ ਅਲੀਗੜ੍ਹ ਤੋਂ ਕਕਾਰ ਲੈ ਕੇ ਅੱਪੜੇ ਹੋਏ ਸਨ। ਇਹ ਦ੍ਰਿਸ਼ ਵੇਖਕੇ ਦਿਲ ਮਲੋ ਮੱਲੀ ਵਜਦ ਵਿਚ ਆ ਜਾਂਦਾਸੀ। ਦੀਵਾਨ ਬੜੀ ਰੌਣਕ ਨਾਲ ਸਮਾਪਤ ਹੋਏ ਅਤੇ 250 ਪ੍ਰਾਣੀਆਂ ਨੇ ਜਾਟਵ ਜਾਤੀ ਵਿਚੋਂ ਅੰਮ੍ਰਿਤਪਾਨ ਕੀਤਾ ਜਿਨ੍ਹਾਂ ਵਿਚ ਕੁਛ ਲੋਧੇ ਵੀ ਸ਼ਾਮਲ ਸਨ। ਜਾਟਵਾਂ ਨਾਲ ਲੋਕੀ ਪਹਿਲਾਂ ਅੱਛਾ ਸਲੂਕ ਨਹੀਂ ਸਨ ਕਰਦੇ, ਪਰ ਸਿੱਚਖੀ ਦਾ ਸਦਕਾ ਹੁਣ ਲੋਧੇ ਜਿਹੜੇ ਕਿ ਯੂ.ਪੀ. ਵਿਚ ਜਟਾਂ ਦੀ ਹੈਸੀਅਤ ਰੱਖਦੇ ਹਨ, ਭੀ ਨਾਲ ਹੀ ਅੰਮ੍ਰਿਤ ਛਕਣ ਲਈ ਸ਼ਾਮਲ ਸਨ।




**ਜ਼ਿਲ੍ਹਾ ਅਲੀਗੜ੍ਹ** : ਸੰਗਤਾਂ ਦੇ ਇਲਮ ਵਿਚ ਇਹ ਗੱਲ ਅੱਗੇ ਵੀ ਅਖ਼ਬਾਰਾਂ ਵਿਚ ਛਪ ਰਹੀਆਂ ਪ੍ਰਚਾਰ ਰਿਪੋਰਟਾਂ ਰਾਹੀਂ ਆ ਚੁੱਕੀ ਹੈ ਕਿ ਸਰਬ-ਹਿੰਦ ਸਿੱਖ ਮਿਸ਼ਨ ਅੰਮ੍ਰਿਤਸਰ ਦੇ ਰਾਹੀਂ ਯੂ.ਪੀ. ਵਿਚ ਪ੍ਰਚਾਰ ਲਹਿਰ ਦਿਨ ਬਦਿਨ ਬੜੀ ਤੇਜ਼ ਰਫ਼ਤਾਰ ਨਾਲ ਵੱਧ ਰਹੀ ਹੈ ਅਤੇ ਜ਼ਿਲ੍ਹਾ ਅਲੀਗੜ੍ਹ, ਜਿਥੇ ਕਿ ਉਪਰੋਕਤ ਕਮੇਟੀ 9 ਸਿੱਖਾਂ ਦੀ ਇਮਦਾਦ ਲਈ ਪ੍ਰਚਾਰ ਵਿਰੋਧੀਆਂ ਨੂੰ ਜ਼ੇਰ ਬਾਰ ਕਰਨ ਲਈ ਹਜ਼ਾਰਾਂ ਰੁਪਏ ਖਰਚ ਕਰ ਚੁੱਕੀ ਹੈ ਬੜਾ ਹੀ ਜ਼ਬਰਦਸਤ ਪ੍ਰਚਾਰ ਦਾ ਅੱਡਾ ਵੱਧ ਰਿਹਾ ਹੈ। ਭਾਈ ਰਘਬੀਰ ਸਿੰਘ ਜੀ ਪ੍ਰਚਾਰਕ ਉਪਰੋਕਤ ਕਮੇਟੀ ਵਲੋਂ ਬੜੀ ਸਰਗਰਮੀ ਨਾਲ ਇਸ ਇਲਾਕੇ ਵਿਚ ਪ੍ਰਚਾਰ ਕਰ ਰਹੇ ਹਨ ਅਤੇ ਭਾਈ ਸਾਹਿਬ ਦੇ ਹੀ ਉਦਮ ਨਾਲ ਪਿੰਡ ਤਾਤਾਰ ਵਿਚ 29,30 ਮਈ ਨੂੰ ਦੀਵਾਨ ਨੀਯਤ ਕੀਤਾ ਗਿਆ।

**(ਚਲਦਾ)**

# ਸ਼ਹਿਰ 'ਚ 'ਲਾਕਡਾਊਨ', ਬੈਂਕ ਫੂਕੇ, ਜਹਾਜ਼ ਸਾੜੇ, ਮੈਕਸੀਕੋ 'ਚ ਹਾਲਾਤ ਬੇਕਾਬੂ








ਮੈਕਸੀਕੋ : ਦੁਨੀਆ ਦੇ ਸਭ ਤੋਂ ਖ਼ਤਰਨਾਕ ਡਰੱਗ ਮਾਫੀਆ ਸਰਗਨਾਵਾਂ ਵਿੱਚੋਂ ਇੱਕ, ਐਲ ਮੈਂਚੋ (El Mencho) ਦੀ ਮੌਤ ਤੋਂ ਬਾਅਦ ਮੈਕਸੀਕੋ ਅੱਗ ਦੀ ਲਪੇਟ ਵਿੱਚ ਹੈ। 'ਜਾਲਿਸਕੋ ਨਿਊ ਜਨਰੇਸ਼ਨ ਕਾਰਟੇਲ' ਦੇ ਮੁਖੀ ਦੀ ਮੌਤ ਦੀ ਖ਼ਬਰ ਫੈਲਦਿਆਂ ਹੀ ਉਸ ਦੇ ਸਮਰਥਕਾਂ ਨੇ ਦੇਸ਼ ਦੇ 20 ਸੂਬਿਆਂ ਵਿੱਚ ਭਾਰੀ ਹਿੰਸਾ ਅਤੇ ਅੱਗਜ਼ਨੀ ਸ਼ੁਰੂ ਕਰ ਦਿੱਤੀ ਹੈ। ਹੁਣ ਤੱਕ ਇਸ ਖ਼ੂਨੀ ਸੰਘਰਸ਼ ਵਿੱਚ 25 ਫੌਜੀ ਜਵਾਨਾਂ ਸਮੇਤ 32 ਲੋਕਾਂ ਦੀ ਮੌਤ ਹੋ ਚੁੱਕੀ ਹੈ।

**ਹਵਾਈ ਅੱਡਿਆਂ 'ਤੇ ਹਮਲੇ ਅਤੇ ਜਹਾਜ਼ਾਂ ਨੂੰ ਲਾਈ ਅੱਗ** : ਹਿੰਸਾ ਇੰਨੀ ਭਿਆਨਕ ਹੈ ਕਿ ਕਾਰਟੇਲ ਦੇ ਮੈਂਬਰਾਂ ਨੇ ਸਿਰਫ਼ ਸੜਕਾਂ ਹੀ ਨਹੀਂ, ਸਗੋਂ ਹਵਾਈ ਅੱਡਿਆਂ ਨੂੰ ਵੀ ਨਿਸ਼ਾਨਾ ਬਣਾਇਆ ਹੈ। ਰਿਪੋਰਟਾਂ ਅਨੁਸਾਰ, ਕਈ ਜਹਾਜ਼ਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ ਹੈ ਤਾਂ ਜੋ ਫੌਜੀ ਕਾਰਵਾਈ ਵਿੱਚ ਰੁਕਾਵਟ ਪਾਈ ਜਾ ਸਕੇ ਅਤੇ ਹਵਾਈ ਸੰਪਰਕ ਤੋੜਿਆ ਜਾ ਸਕੇ। ਕਈ ਜਗ੍ਹਾ ਰਨਵੇਅ 'ਤੇ ਗੱਡੀਆਂ ਖੜ੍ਹੀਆਂ ਕਰਕੇ ਉਡਾਨਾਂ ਨੂੰ ਰੋਕ ਦਿੱਤਾ ਗਿਆ ਹੈ।

**20 ਤੋਂ ਵੱਧ ਬੈਂਕ ਸ਼ਾਖਾਵਾਂ ਸਵਾਹ** : ਗੁੱਸੇ ਵਿੱਚ ਆਏ ਮੈਂਚੋ ਦੇ ਸਮਰਥਕਾਂ ਨੇ ਸਰਕਾਰੀ ਸੰਪੱਤੀ ਨੂੰ ਨਿਸ਼ਾਨਾ ਬਣਾਉਂਦੇ ਹੋਏ 20 ਤੋਂ ਵੱਧ ਬੈਂਕਾਂ ਦੀਆਂ ਸ਼ਾਖਾਵਾਂ ਨੂੰ ਅੱਗ ਲਗਾ ਦਿੱਤੀ ਹੈ। ਸ਼ਹਿਰਾਂ ਵਿੱਚ ਲੁੱਟ-ਖੋਹ ਅਤੇ ਭੰਨ-ਤੋੜ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ, ਜਿਸ ਕਾਰਨ ਆਮ ਜਨਜੀਵਨ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ।

**ਜਾਲਿਸਕੋ ਸ਼ਹਿਰ ਵਿੱਚ 'ਲਾਕਡਾਊਨ'** : 2026 ਫੀਫਾ ਵਿਸ਼ਵ ਕੱਪ ਦੀ ਮੇਜ਼ਬਾਨੀ ਕਰਨ ਵਾਲੇ ਪ੍ਰਮੁੱਖ ਸ਼ਹਿਰ ਜਾਲਿਸਕੋ ਵਿੱਚ ਇਸ ਸਮੇਂ ਕਰਫਿਊ ਅਤੇ ਲਾਕਡਾਊਨ ਵਰਗੀ ਸਥਿਤੀ ਹੈ। ਬਾਜ਼ਾਰ, ਸਕੂਲ ਅਤੇ ਦਫ਼ਤਰ ਪੂਰੀ ਤਰ੍ਹਾਂ ਬੰਦ ਹਨ। ਲੋਕਾਂ ਨੂੰ ਘਰਾਂ ਦੇ ਅੰਦਰ ਰਹਿਣ ਦੀ ਹਦਾਇਤ ਦਿੱਤੀ ਗਈ ਹੈ, ਕਿਉਂਕਿ ਸੜਕਾਂ 'ਤੇ ਹਥਿਆਰਬੰਦ ਗੈਂਗਸਟਰ ਘੁੰਮ ਰਹੇ ਹਨ।

**ਕਿਵੇਂ ਹੋਇਆ ਐਲ ਮੈਂਚੋ ਦਾ ਅੰਤ** : ਮੈਕਸੀਕੋ ਦੀ ਫੌਜ ਨੇ ਇੱਕ ਬੇਹੱਦ ਗੁਪਤ ਅਤੇ ਦਲੇਰਾਨਾ ਆਪ੍ਰੇਸ਼ਨ ਚਲਾਇਆ ਸੀ। ਰੱਖਿਆ ਮੰਤਰੀ ਰਿਕਾਰਡੋ ਟਰੇਵਿਲਾ ਮੁਤਾਬਕ, ਫੌਜ ਨੇ ਮੈਂਚੋ ਦੀ ਪ੍ਰੇਮਿਕਾ ਦਾ ਪਿੱਛਾ ਕਰਕੇ ਉਸ ਦੀ ਲੋਕੇਸ਼ਨ ਦਾ ਪਤਾ ਲਗਾਇਆ। ਐਤਵਾਰ ਨੂੰ ਹੋਈ ਮੁੱਠਭੇੜ ਦੌਰਾਨ ਮੈਂਚੋ ਗੰਭੀਰ ਜ਼ਖਮੀ ਹੋ ਗਿਆ ਅਤੇ ਹਸਪਤਾਲ ਲਿਜਾਂਦੇ ਸਮੇਂ ਹੈਲੀਕਾਪਟਰ ਵਿੱਚ ਹੀ ਉਸ ਨੇ ਦਮ ਤੋੜ ਦਿੱਤਾ। ਅਮਰੀਕਾ ਨੇ ਇਸ ਖ਼ਤਰਨਾਕ ਅਪਰਾਧੀ 'ਤੇ 136 ਕਰੋੜ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ।



**ਭਾਰਤੀਆਂ ਲਈ ਐਡਵਾਈਜ਼ਰੀ ਜਾਰੀ** : ਮੈਕਸੀਕੋ ਵਿੱਚ ਰਹਿ ਰਹੇ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਭਾਰਤੀ ਦੂਤਾਵਾਸ ਚਿੰਤਤ ਹੈ। ਦੂਤਾਵਾਸ ਨੇ ਇੱਕ ਐਡਵਾਈਜ਼ਰੀ ਜਾਰੀ ਕਰਕੇ ਸਾਰੇ ਭਾਰਤੀਆਂ ਨੂੰ ਬੇਲੋੜੀ ਯਾਤਰਾ ਤੋਂ ਬਚਣ, ਭੀੜ ਵਾਲੇ ਇਲਾਕਿਆਂ ਅਤੇ ਪ੍ਰਦਰਸ਼ਨ ਵਾਲੀਆਂ ਥਾਵਾਂ ਤੋਂ ਦੂਰ ਰਹਿਣ, ਅਤੇ ਸਥਾਨਕ ਪ੍ਰਸ਼ਾਸਨ ਦੇ ਸੰਪਰਕ ਵਿੱਚ ਰਹਿਣ ਦੀ ਸਲਾਹ ਦਿੱਤੀ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸਿੱਕਰੀ**
**(ਡੈਂਡਰਫ਼)**

ਸਿੱਕਰੀ ਸਿਰ ਦੀ ਚਮੜੀ ਦੇ ਸੈੱਲ, ਤੇਲ ਅਤੇ ਧੂੜ-ਮਿੱਟੀ ਦਾ ਮਿਸ਼ਰਣ ਹੈ।

ਵਾਲਾਂ ਨੂੰ ਰੋਜ਼ਾਨਾ ਸਾਫ਼ ਨਾ ਕਰਨਾ ਅਤੇ ਮਾਨਸਿਕ ਤਣਾਓ ਸਿੱਕਰੀ ਹੋਣ ਦਾ ਕਾਰਨ ਬਣਦੇ ਹਨ।

**ਇਲਾਜ :**

ਸਿੱਕਰੀ ਠੀਕ ਕਰਨ ਦੇ ਸ਼ੈਂਪੂ ਨੂੰ ਸਿਰ 'ਤੇ ਲਗਾ ਕੇ ਅੱਠ-ਦਸ ਮਿੰਟ ਰੱਖੋ, ਫਿਰ ਇਸਨੂੰ ਚੰਗੀ ਤਰ੍ਹਾਂ ਧੋਵੋ, ਜੇਕਰ ਹੋ ਸਕੇ ਤਾਂ ਇਹ ਰੋਜ਼ਾਨਾ ਕਰੋ।

**ਚਮੜੀ ਦਾ ਕੈਂਸਰ**

ਚਮੜੀ ਦਾ ਕੈਂਸਰ ਬਹੁਤ ਆਮ ਕਿਸਮ ਦਾ ਕੈਂਸਰ ਹੈ। ਜੇਕਰ ਇਸਦਾ ਸ਼ੁਰੂ ਵਿੱਚ ਹੀ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਵੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ।

**ਲੱਛਣ :**

**ਚਮੜੀ ਦੇ ਉੱਤੇ ਪਏ ਨਿਸ਼ਾਨ ਕੈਂਸਰ ਹੋ ਸਕਦੇ ਹਨ, ਜੇਕਰ :**

1. ਠੀਕ ਨਹੀਂ ਹੋ ਰਹੇ ਅਤੇ ਆਕਾਰ ਵਿੱਚ ਵਧਦੇ ਜਾ ਰਹੇ ਹਨ।
2. ਇਨ੍ਹਾਂ ਵਿੱਚੋਂ ਆਪਣੇ ਆਪ ਖ਼ੂਨ ਨਿਕਲਦਾ ਹੈ।
3. ਇਨ੍ਹਾਂ ਨਿਸ਼ਾਨਾਂ ਦਾ ਰੰਗ ਬਦਲਦਾ ਹੈ।

**ਰੋਕਥਾਮ/ਬਚਾਅ :**

1. ਸੂਰਜ ਦੀ ਧੁੱਪ ਤੋਂ ਬਚੋ। ਬਹੁਤ ਸਾਰੇ ਚਮੜੀ ਦੇ ਕੈਂਸਰ ਚਿਹਰੇ, ਗਲੇ ਅਤੇ ਬਾਹਾਂ 'ਤੇ ਹੁੰਦੇ ਹਨ।
2. ਆਪਣੀ ਚਮੜੀ 'ਤੇ ਅਜਿਹੇ ਬੇਢੰਗੇ ਨਿਸ਼ਾਨ ਦੇਖੋ ਜਿਨ੍ਹਾਂ ਦਾ ਆਕਾਰ ਵੱਡਾ ਹੁੰਦਾ ਜਾ ਰਿਹਾ ਹੈ ਅਤੇ ਇਹ ਠੀਕ ਨਹੀਂ ਹੋ ਰਹੇ।




**ਘਰੇਲੂ ਇਲਾਜ :**

ਇਸ ਕੈਂਸਰ ਦਾ ਕੋਈ ਖ਼ਾਸ ਘਰੇਲੂ ਇਲਾਜ ਨਹੀਂ ਹੈ। ਸ਼ੱਕੀ ਲੱਗਣ ਵਾਲੇ ਚਮੜੀ ਦੇ ਨਿਸ਼ਾਨ ਦਾ ਪਹਿਲਾਂ ਪਤਾ ਲੱਗ ਜਾਣਾ ਹੀ ਇਸ ਵਿੱਚ ਸਫਲਤਾ ਹੈ। ਸ਼ੱਕੀ ਨਿਸ਼ਾਨਾਂ ਦੀਆਂ ਅਲਾਮਤਾਂ :

1. ਇਹਨਾਂ ਦੀ ਸ਼ਕਲ ਅੱਡ-ਅੱਡ ਹੋਣੀ।
2. ਇਸਦਾ ਆਲਾ-ਦੁਆਲਾ ਇੱਕ ਸਾਰ ਨਾ ਹੋਣਾ।
3. ਅੱਡ-ਅੱਡ ਰੰਗ ਹੋਣੇ।

**ਡਾਕਟਰ ਨੂੰ ਕਦੋਂ ਦਿਖਾਈਏ :**

ਜੇਕਰ ਤੁਹਾਨੂੰ ਚਮੜੀ ਉੱਤੇ ਕੋਈ ਵੀ ਬੇਢੰਗਾ ਅਤੇ ਸ਼ੱਕੀ ਨਿਸ਼ਾਨ (ਦਾਗ਼) ਦਿਖਾਈ ਦਿੰਦਾ ਹੈ ਤਾਂ ਡਾਕਟਰ ਨੂੰ ਜਲਦੀ ਤੋਂ ਜਲਦੀ ਦਿਖਾਓ, ਖ਼ਾਸ ਤੌਰ 'ਤੇ, ਜੇ :

1. ਇਸਦੇ ਕਿਨਾਰੇ ਇੱਕਸਾਰ ਨਹਲ ਹਨ।
2. ਇਸਦਾ ਆਕਾਰ ਵਧਦਾ ਹੀ ਜਾ ਰਿਹਾ ਹੈ।
3. ਖ਼ੂਨ ਨਿਕਲਦਾ ਹੈ।
4. ਇਸਦਾ ਰੰਗ ਅਲੱਗ ਤਰ੍ਹਾਂ ਦਾ ਹੈ।
5. ਤੁਹਾਡੇ ਪਰਿਵਾਰ ਵਿੱਚ ਕਿਸੇ ਵੀ ਵਿਅਕਤੀ ਨੂੰ ਚਮੜੀ ਦਾ ਕੈਂਸਰ ਹੈ।

**ਬੁਰਸ਼ ਕਰਨ ਦਾ ਸਹੀ ਤਰੀਕਾ**

ਦੰਦਾਂ ਅਤੇ ਮਸੂੜਿਆਂ ਨੂੰ ਸਿਹਤਮੰਦ ਰੱਖਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸਲ ਆਪਣੇ ਦੰਦਾਂ ਨੂੰ ਸਹੀ ਤਰੀਕੇ ਨਾਲ ਸਾਫ਼ ਕਰੀਏ। ਠੀਕ ਤਰੀਕੇ ਨਾਲ ਬੁਰਸ਼ ਨਾ ਕਰਨ ਨਾਲ ਦੰਦ ਖ਼ਰਾਬ ਹੋ ਸਕਦੇ ਹਨ ਅਤੇ ਮਸੂੜਿਆਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ।

ਹਰ ਰੋਜ਼ ਦਿਨ ਵਿੱਚ 2 ਵਾਰੀ, ਤਕਰੀਬਨ 2 ਮਿੰਟਾਂ ਲਈ ਆਪਣੇ ਦੰਦਾਂ ਨੂੰ ਬੁਰਸ਼ ਨਾਲ ਸਾਫ਼ ਕਰੋ। ਸੌਣ ਤੋਂ ਪਹਿਲਾਂ ਬੁਰਸ਼ ਕਰਨਾ ਨਾ ਭੁੱਲੋ। ਜੇਕਰ ਸੌਣ ਤੋਂ ਪਹਿਲਾਂ ਦੰਦ ਸਾਫ਼ ਨਹੀਂ ਹਨ ਤਾਂ ਖਾਣੇ ਦੇ ਕਣਾਂ ਵਿੱਚ ਪੈਦਾ ਹੋਇਆ ਬੈਕਟੀਰੀਆ ਤੁਹਾਡੇ ਸੌਣ ਸਮੇਂ ਦੰਦਾਂ ਨੂੰ ਖ਼ਰਾਬ ਕਰੇਗਾ।

**ਬੁਰਸ਼ ਅਤੇ ਪੇਸਟ ਦਾ ਚੁਣਾਓ :**

1. ਹਮੇਸ਼ਾਂ ਨਰਮ ਬੁਰਸ਼ ਵਰਤੋ।
2. ਜਿਸ ਬੁਰਸ਼ ਨੂੰ ਫੜਨਾ ਆਸਾਨ ਹੋਵੇ ਅਤੇ ਜਿਸਦਾ ਸਿਰਾ ਛੋਟਾ ਹੋਵੇ (ਜੋ ਦੰਦਾਂ ਦੇ ਪਿਛਲੇ ਪਾਸੇ ਆਸਾਨੀ ਨਾਲ ਪਹੁੰਚ ਸਕੇ)।
3. ਹਰ 3 ਮਹੀਨੇ ਬਾਅਦ ਆਪਣਾ ਬੁਰਸ਼ ਬਦਲੋ।
4. ਫ਼ਲੋਰਾਈਡ ਵਾਲਾ ਦੰਦਾਂ ਦਾ ਪੇਸਟ ਇਸਤੇਮਾਲ ਕਰੋ। ਫ਼ਲੋਰਾਈਡ ਦੇ ਨਾਲ ਦੰਦਾਂ ਦੀ ਪਰਤ ਮਜ਼ਬੂਤ ਬਣਦੀ ਹੈ।

**ਬੁਰਸ਼ ਕਰਨ ਦੇ ਸਟੈੱਪ :**

1. ਪਹਿਲਾ ਸਟੈੱਪ : ਮਸੂੜੇ ਵੱਲ ਨੂੰ ਬੁਰਸ਼ ਨੂੰ ਮੋੜੋ ਅਤੇ ਬੁਰਸ਼ ਨੂੰ ਮਸੂੜੇ ਦੀ ਲਾਈਨ ਤੋਂ ਥੱਲੇ ਵੱਲ ਨੂੰ ਸਾਫ਼ ਕਰੋ।
2. ਦੂਸਰਾ ਸਟੈੱਪ : ਇੱਕ ਸਮੇਂ ਵਿੱਚ 2-3 ਦੰਦਾਂ ਦਾ ਬਾਹਰਲਾ ਹਿੱਸਾ ਆਰਾਮ ਨਾਲ ਸਾਫ਼ ਕਰਨਾ ਸ਼ੁਰੂ ਕਰੋ।
3. ਤੀਸਰਾ ਸਟੈੱਪ : ਇਹੋ ਤਰੀਕਾ ਇਸਤੇਮਾਲ ਕਰਦੇ ਹੋਏ ਦੰਦਾਂ ਦੇ ਉੱਪਰਲੇ ਹਿੱਸੇ ਨੂੰ ਅੰਦਰੋਂ ਸਾਫ਼ ਕਰੋ (ਜੀਭ ਵਾਲੀ ਸਾਈਡ) ਅਤੇ ਇਸ ਤੋਂ ਬਾਅਦ ਹੇਠਲੇ ਦੰਦਾਂ ਨੂੰ।
4. ਚੌਥਾ ਸਟੈੱਪ : ਹਰੇਕ ਦੰਦ ਦੇ ਚਬਾਉਣ ਵਾਲੇ ਹਿੱਸੇ ਨੂੰ ਆਰਾਮ ਨਾਲ ਸਾਫ਼ ਕਰੋ। ਆਪਣੇ ਦੰਦਾਂ ਨੂੰ ਰਗੜੋ ਨਾ। ਰਗੜਨ ਨਾਲ ਦੰਦਾਂ ਨੂੰ ਬਚਾਉਣ ਵਾਲੀ ਪਰਤ (ਇਨੈਮਲ) ਅਤੇ ਮਸੂੜਿਆਂ ਨੂੰ ਨੁਕਸਾਨ ਪਹੁੰਚਦਾ ਹੈ।
5. ਪੰਜਵਾਂ ਸਟੈੱਪ : ਬੈਕਟੀਰੀਆ ਨੂੰ ਹਟਾਉਣ ਲਈ ਜੀਭ ਨੂੰ ਆਰਾਮ ਨਾਲ ਸਾਫ਼ ਕਰੋ ਤਾਂ ਜੋ ਸਾਹ ਤਾਜ਼ਾ ਆਵੇ।
6. ਛੇਵਾਂ ਸਟੈੱਪ : ਦੰਦਾਂ ਨੂੰ ਧਾਗੇ ਨਾਲ ਆਰਾਮ ਨਾਲ ਸਾਫ਼ ਕਰੋ (ਫ਼ਲੌਸ)।
7. ਸੱਤਵਾਂ ਸਟੈੱਪ : ਪਾਣੀ ਨਾਲ ਜਾਂ ਮਾਊਥਵਾਸ਼ ਨਾਲ ਕੁਰਲੀ ਕਰੋ, ਤਾਂ ਜੋ ਕੋਈ ਬਚਿਆ ਖਾਣਾ ਜਾਂ ਪੇਸਟ ਦੰਦਾਂ ਵਿੱਚੋਂ ਸਾਫ਼ ਹੋ ਜਾਵੇ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਨਸ਼ਾ ਵਿਰੋਧੀ ਮੁਹਿੰਮ ਲੋਕਾਂ ਦੀ ਮੁਹਿੰਮ ਬਣੀ: ਕਟਾਰੀਆ

## ਰਾਜਪਾਲ ਨੇ ਮੁਕੇਰੀਆਂ 'ਚ 'ਨਸ਼ਿਆਂ ਖ਼ਿਲਾਫ਼ ਪੈਦਲ ਯਾਤਰਾ' ਦੀ ਕੀਤੀ ਅਗਵਾਈ



ਮੁਕੇਰੀਆਂ : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵਲੋਂ ਰਾਜ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਮੁਕੇਰੀਆਂ ਵਿੱਚ 'ਨਸ਼ਿਆਂ ਖ਼ਿਲਾਫ਼ ਪੈਦਲ ਯਾਤਰਾ' ਅਧੀਨ ਜਾਗਰੂਕਤਾ ਰੈਲੀ ਕੀਤੀ ਗਈ। ਤਹਿਸੀਲ ਕੰਪਲੈਕਸ, ਮੁਕੇਰੀਆਂ ਤੋਂ ਸ਼ੁਰੂ ਹੋਈ ਯਾਤਰਾ ਦਾ ਆਰੰਭ ਐੱਨ ਸੀ ਸੀ ਕੈਡੇਟਸ ਦੇ ਬੈਂਡ ਦੀ ਅਗਵਾਈ ਵਿੱਚ ਕੀਤਾ ਗਿਆ। ਗੁਬਾਰੇ ਛੱਡ ਕੇ ਅਤੇ ਖੇਡ ਪ੍ਰਤਿਭਾਵਾਂ ਵੱਲੋਂ ਮਸ਼ਾਲ ਜਗਾ ਕੇ ਨਸ਼ਿਆਂ ਵਿਰੁੱਧ ਸੰਘਰਸ਼ ਦਾ ਸੰਦੇਸ਼ ਦਿੱਤਾ ਗਿਆ। 'ਮਦਰਜ਼ ਅਗੇਂਸਟ ਡਰੱਗਜ਼' ਥੀਮ 'ਤੇ ਕੀਤੀ ਪੈਦਲ ਯਾਤਰਾ ਵਿੱਚ ਰਾਜਨੀਤਿਕ, ਪ੍ਰਸ਼ਾਸਨਿਕ, ਸਮਾਜਿਕ, ਧਾਰਮਿਕ ਸੰਗਠਨਾਂ, ਵਿਦਿਆਰਥੀਆਂ, ਵਪਾਰੀਆਂ, ਐੱਨ ਜੀ ਓਜ਼ ਅਤੇ ਨਾਗਰਿਕਾਂ ਨੇ ਹਿੱਸਾ ਲਿਆ। ਪੈਦਲ ਯਾਤਰਾ ਦੌਰਾਨ ਸਕੂਲ-ਕਾਲਜ ਦੇ ਵਿਦਿਆਰਥੀਆਂ, ਐੱਨ ਸੀ ਸੀ- ਐੱਨ ਐੱਸ ਐੱਸ ਵਾਲੰਟੀਅਰਜ਼, ਰੈੱਡ ਰਿਬਨ ਕਲੱਬ, ਵੀ ਡੀ ਸੀ ਮੈਂਬਰਾਂ ਅਤੇ ਸਿਵਲ ਡਿਫੈਂਸ ਵਾਲੰਟੀਅਰਜ਼ ਨੇ ਮਨੁੱਖੀ ਲੜੀ ਬਣਾ ਕੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਦਾ ਸੰਦੇਸ਼ ਦਿੱਤਾ। ਵੱਖ-ਵੱਖ ਥਾਵਾਂ 'ਤੇ ਸਮਾਜਿਕ ਸੰਸਥਾਵਾਂ ਅਤੇ ਸੰਗਠਨਾਂ ਵੱਲੋਂ ਰਾਜਪਾਲ ਦਾ ਸਵਾਗਤ ਕੀਤਾ ਗਿਆ ਅਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਤਿੰਨ ਕਿਲੋਮੀਟਰ ਲੰਬੀ ਇਸ ਪੈਦਲ ਯਾਤਰਾ ਦੀ ਸਮਾਪਤੀ ਦਸ਼ਮੇਸ਼ ਗਰਲਜ਼ ਕਾਲਜ, ਚੱਕ ਅੱਲਾ ਬਖ਼ਸ਼ ਵਿਖੇ ਹੋਈ। ਇੱਥੇ ਸ਼ਿਵੀ ਸ਼ਿਵਾਏ ਵੈਲਫੇਅਰ ਸੁਸਾਇਟੀ ਵੱਲੋਂ ਨੁੱਕੜ ਨਾਟਕ ਦੇ ਜ਼ਰੀਏ ਨਸ਼ੇ ਦੇ ਮਾੜੇ ਪ੍ਰਭਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। ਰਾਜਪਾਲ ਨੇ ਕਿਹਾ ਕਿ ਨਸ਼ਾ ਸਮਾਜ, ਪਰਿਵਾਰ ਅਤੇ ਨੌਜਵਾਨਾਂ ਦੇ ਭਵਿੱਖ ਨੂੰ ਕਮਜ਼ੋਰ ਕਰਦਾ ਹੈ। ਸੂਬਾ ਸਰਕਾਰ ਦੀ ਨਸ਼ੇ ਖ਼ਿਲਾਫ਼ ਸੂਬਾ ਵਿਆਪੀ ਮੁਹਿੰਮ ਨੂੰ ਕਾਫੀ ਸਫਲਤਾ ਮਿਲੀ ਹੈ। ਇਸ ਮੌਕੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐੱਸ ਐੱਸ ਪੀ ਸੰਦੀਪ ਕੁਮਾਰ ਮਲਿਕ, ਏ ਡੀ ਸੀ ਨਿਕਾਸ ਕੁਮਾਰ, ਐੱਸ ਡੀ ਐੱਮ ਮੁਕੇਰੀਆਂ ਓਇਸ਼ੀ ਮੰਡਲ, ਪੰਜਾਬ ਲਿਟ ਫਾਊਂਡੇਸ਼ਨ ਦੇ ਸੰਸਥਾਪਕ ਅਤੇ ਲੇਖਕ ਖ਼ੁਸ਼ਵੰਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਰਵਿੰਦਰ ਸਿੰਘ ਚੱਕ, ਬਿਕਰਮ ਸਿੰਘ ਅੱਲਾ ਬਖ਼ਸ਼ ਅਤੇ ਵਿਧਾਇਕ ਜੰਗੀ ਲਾਲ ਮਹਾਜਨ ਹਾਜ਼ਰ ਸਨ।

# ਵਿਧਾਇਕ ਖਹਿਰਾ ਦੇ ਘਰ ਬੁਲਡੋਜ਼ਰ ਨਾਲ ਪੁੱਜੇ ਅਧਿਕਾਰੀ

## ਪਾਰਕਿੰਗ ਦੀ ਕੰਧ ਢਾਹੀ; ਪਿੰਡ ਰਾਮਗੜ੍ਹ ਪੁਲਿਸ ਛਾਉਣੀ ਵਿੱਚ ਤਬਦੀਲ



ਭੁਲੱਥ : ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਜੱਦੀ ਪਿੰਡ ਰਾਮਗੜ੍ਹ ਵਿੱਚ ਅੱਜ ਮਾਹੌਲ ਉਸ ਵੇਲੇ ਤਣਾਅਪੂਰਨ ਹੋ ਗਿਆ, ਜਦੋਂ ਪੁਲੀਸ ਅਤੇ ਪ੍ਰਸ਼ਾਸਨ ਵਿਧਾਇਕ ਦੇ ਦਫ਼ਤਰ ਨੇੜੇ ਗਲੀ ਵਿੱਚ ਲੱਗਿਆ ਗੇਟ ਢਾਹੁਣ ਲਈ ਇਥੇ ਪੁੱਜੇ। ਪਿੰਡ ਰਾਮਗੜ੍ਹ ਨੂੰ ਛਾਉਣੀ 'ਚ ਤਬਦੀਲ ਕਰ ਦਿੱਤਾ ਗਿਆ। ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾ ਸੁਖਪਾਲ ਸਿੰਘ ਖਹਿਰਾ ਨੇ ਬਲਾਕ ਪੰਚਾਇਤ ਅਫਸਰ ਨਡਾਲਾ ਕੁਲਵਿੰਦਰ ਸਿੰਘ ਤੋਂ ਕਾਰਵਾਈ ਸਬੰਧੀ ਨੋਟਿਸ ਤੇ ਹੋਰ ਦਸਤਾਵੇਜ਼ਾਂ ਦੀ ਮੰਗ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਕੋਲ ਸਾਰੇ ਸਬੂਤ ਅਤੇ ਉਹ ਨੋਟਿਸ ਹਨ। ਗੇਟ ਗ਼ੈਰ-ਕਨੂੰਨੀ ਹੈ। ਬਹਿਸ ਤੋਂ ਬਾਅਦ ਖਹਿਰਾ ਨੇ ਸਹਿਮਤੀ ਪ੍ਰਗਟਾਈ ਕਿ ਉਹ ਗੇਟ ਖੁਦ ਉਤਰਵਾ ਦਿੰਦੇ ਹਨ ਪਰ ਗੇਟ 'ਤੇ ਮਸ਼ੀਨ ਨਾ ਚਲਾਈ ਜਾਵੇ। ਖਹਿਰਾ ਦੇ ਹਮਾਇਤੀਆਂ ਨੇ ਗੇਟ ਤਾਂ ਭਾਵੇਂ ਉਤਾਰ ਦਿੱਤਾ ਪਰ ਫਿਰ ਵੀ ਪ੍ਰਸ਼ਾਸਨ ਨੇ ਮਸ਼ੀਨਾਂ ਨਾਲ ਪਾਰਕਿੰਗ ਵਾਲੀ ਕੰਧ ਢਾਹ ਦਿੱਤੀ। ਇਸ ਦੌਰਾਨ ਪ੍ਰਸ਼ਾਸਨ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਵਿਧਾਇਕ ਨੇ ਕਿਹਾ ਕਿ ਇਹ ਕਾਰਵਾਈ ਮਨੀਸ਼ ਸਿਸੋਦੀਆਂ ਦੀ ਸ਼ਹਿ 'ਤੇ ਕੀਤੀ ਗਈ ਹੈ। ਗੇਟ ਸਾਡੇ ਤਿੰਨ ਪਰਿਵਾਰ ਸਾਬਕਾ ਸਰਪੰਚ ਅਮਰਜੀਤ ਸਿੰਘ, ਮਾਨ ਸਿੰਘ ਅਤੇ ਇੰਦਰਪਾਲ ਸਿੰਘ ਦੇ ਘਰਾਂ ਨੂੰ ਜਾਂਦੀ ਗਲੀ ਨੂੰ ਲੱਗਿਆ ਸੀ। ਸਿਆਸੀ ਰੰਜਿਸ਼ ਕਾਰਨ ਉਨ੍ਹਾਂ ਦੀ ਨਿੱਜੀ ਕੰਧ ਢਾਹੀ ਗਈ ਹੈ। ਉਹ ਇਨਸਾਫ਼ ਲਈ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ। ਬਲਾਕ ਪੰਚਾਇਤ ਅਫਸਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ 'ਚ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਉਨ੍ਹਾਂ ਦੇ ਕੁਝ ਰਿਸ਼ਤੇਦਾਰਾਂ ਨੇ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਇਸ ਕਾਰਨ ਇਹ ਕਾਰਵਾਈ ਕੀਤੀ ਗਈ ਹੈ। ਇਸ ਮੌਕੇ ਕੁਲਬੀਰ ਸਿੰਘ ਖਹਿਰਾ, ਰਛਪਾਲ ਸਿੰਘ ਬੱਚਾਜੀਵੀ, ਜਸਬੀਰ ਸਿੰਘ ਲਿਟਾਂ, ਅਵਤਾਰ ਸਿੰਘ ਵਾਲੀਆ, ਜੋਗਾ ਸਿੰਘ, ਨਿਰਮਲ ਸਿੰਘ ਮੰਡ, ਵੇਦ ਪ੍ਰਕਾਸ਼ ਖੁਰਾਣਾ, ਬਾਬਾ ਹਰਜੀਤ ਗਿਰੀ, ਕੁਲਦੀਪ ਸਿੰਘ ਕੰਗ, ਨਿਰਮਲ ਸਿੰਘ, ਲਖਵਿੰਦਰ ਸਿੰਘ, ਜਸਵੀਰ ਸਿੰਘ, ਜੋਗਾ ਸਿੰਘ, ਮਨਜੀਤ ਕੌਰ ਅਤੇ ਹੋਰ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ।







# ਕੈਨੇਡਾ ਦੇ ਐੱਮ ਪੀ ਅਤੇ ਵਿਰੋਧੀ ਧਿਰ ਦੇ ਡਿਪਟੀ ਲੀਡਰ ਟਿਮ ਉੱਪਲ ਸ੍ਰੀ ਹਰਿਮੰਦਰ ਸਾਹਿਬ ’ਚ ਨਤਮਸਤਕ



ਅੰਮ੍ਰਿਤਸਰ : ਕੈਨੇਡਾ ਦੇ ਐੱਮ ਪੀ ਅਤੇ ਵਿਰੋਧੀ ਧਿਰ ਦੇ ਡਿਪਟੀ ਲੀਡਰ ਟਿਮ ਸਿੰਘ ਉੱਪਲ ਨੇ ਆਪਣੇ ਪਰਿਵਾਰ ਅਤੇ ਸਾਥੀਆਂ ਨਾਲ ਇਥੇ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਉਨ੍ਹਾਂ ਨਾਲ ਕੇ ਐੱਨ ਆਰ ਗਰੁੱਪ ਕੈਨੇਡਾ ਦੇ ਪ੍ਰਧਾਨ ਕੁਲਦੀਪ ਸਿੰਘ ਅਤੇ ਚਰਨਜੀਤ ਸਿੰਘ ਮੌਜੂਦ ਸਨ। ਇਸ ਮੌਕੇ ਉਨ੍ਹਾਂ ਨੂੰ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਅਤੇ ਸੂਚਨਾ ਅਧਿਕਾਰੀ ਰਣਧੀਰ ਸਿੰਘ ਨੇ ਸੱਚਖੰਡ ਹਰਿਮੰਦਰ ਸਾਹਿਬ ਦਾ ਸੁਨਿਹਰੀ ਮਾਡਲ ਤੇ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਭਾਈ ਗਰੇਵਾਲ ਨੇ ਕਿਹਾ ਕਿ ਦੁਨੀਆ ਵਿੱਚ ਵੱਸਦੇ ਸਿੱਖਾਂ ਨੇ ਆਪਣੀ ਮਿਹਨਤ ਸਦਕਾ ਉੱਚ ਮੁਕਾਮ ਹਾਸਲ ਕੀਤੇ ਹਨ। ਇਨ੍ਹਾਂ ਵਿੱਚੋਂ ਹੀ ਟਿਮ ਉੱਪਲ ਵੀ ਇਕ ਹਨ, ਜਿਨ੍ਹਾਂ ਨੇ ਕੈਨੇਡਾ ਦੀ ਸਿਆਸਤ ਅੰਦਰ ਨਾਮ ਖੱਟਿਆ ਹੈ। ਉਨ੍ਹਾਂ ਸੱਚਖੰਡ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਸ੍ਰੀ ਉੱਪਲ ਅਤੇ ਉਨ੍ਹਾਂ ਦੀ ਪਰਿਵਾਰ ਨੂੰ ਜੀ-ਆਇਆਂ ਆਖਿਆ। ਇਸ ਮੌਕੇ ਸ੍ਰੀ ਉੱਪਲ ਨੇ ਕਿਹਾ ਕਿ ਸੱਚਖੰਡ ਹਰਿਮੰਦਰ ਸਾਹਿਬ ਦੁਨੀਆ ਅੰਦਰ ਵੱਸਦੇ ਸਿੱਖਾਂ ਲਈ ਵੱਡੀ ਆਸਥਾ ਦਾ ਕੇਂਦਰ ਹੈ, ਜਿਥੇ ਨਤਮਸਤਕ ਹੋ ਕੇ ਉਹ ਆਪਣੇ ਨੂੰ ਸੁਭਾਗਾ ਮਹਿਸੂਸ ਕਰਦੇ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਨਮਾਨ ਲਈ ਧੰਨਵਾਦ ਵੀ ਕੀਤਾ।

# ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ’ਚ ਸਮਾਗਮ

## ਸ਼ਹੀਦਾਂ ਤੋਂ ਸੇਧ ਲੈ ਕੇ ਪੰਥਕ ਪਹਿਰੇਦਾਰੀ ਦਾ ਸੱਦਾ



ਅੰਮ੍ਰਿਤਸਰ : ਸੰਨ 1921 ਵਿੱਚ ਵਾਪਰੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਭਾਈ ਵਰਿੰਦਰ ਸਿੰਘ ਦੇ ਜਥੇ ਨੇ ਕੀਰਤਨ ਕੀਤਾ ਅਤੇ ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ।

ਕਥਾਵਾਚਕ ਭਾਈ ਹਰਮਿੰਤਰ ਸਿੰਘ ਨੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਾਡੇ ਪੁਰਖਿਆਂ ਨੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਪੰਥਕ ਹੱਥਾਂ ਵਿੱਚ ਲੈਣ ਲਈ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਅਸਥਾਨ ਨੂੰ ਅਖੌਤੀ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸਿੱਖ ਯੋਧਿਆਂ ਨੇ ਜਿਸ ਦ੍ਰਿੜਤਾ ਅਤੇ ਦਲੇਰੀ ਦਾ ਪ੍ਰਗਟਾਵਾ ਕੀਤਾ, ਉਹ ਸਿੱਖ ਕੌਮ ਨੂੰ ਸੰਗਠਤ ਕਰਨ ਵਿੱਚ ਮੀਲ-ਪੱਥਰ ਸਾਬਤ ਹੋਇਆ। ਭਾਈ ਹਰਮਿੰਤਰ ਸਿੰਘ ਨੇ ਕਿਹਾ ਕਿ ਆਪਣੀਆਂ ਕੌਮੀ ਸੰਸਥਾਵਾਂ ਦੀ ਮਜ਼ਬੂਤੀ ਲਈ ਕੌਮ ਦੇ ਇਨ੍ਹਾਂ ਮਹਾਨ ਸ਼ਹੀਦਾਂ ਤੋਂ ਸੇਧ ਲੈ ਕੇ ਪੰਥ ਦੀ ਪਹਿਰੇਦਾਰੀ ਕਰਨਾ ਸਾਡਾ ਫਰਜ਼ ਹੈ। ਇਸੇ ਦੌਰਾਨ ਢਾਡੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਸੰਗਤ ਨੂੰ ਗੁਰ-ਇਤਿਹਾਸ ਨਾਲ ਜੋੜਿਆ।

ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਜਸਬੀਰ ਸਿੰਘ, ਗੁਰਤਿੰਦਪਾਲ ਸਿੰਘ ਕਾਦੀਆਂ ਅਤੇ ਮੀਤ ਮੈਨੇਜਰ ਦਿਲਬਾਗ ਸਿੰਘ ਮੌਜੂਦ ਸਨ।

# ਅਕਾਲੀਆਂ ਵੱਲੋਂ ਪੰਜਾਬ ਬਚਾਓ ਰੈਲੀ ਲਈ ਲਾਮਬੰਦੀ ਸ਼ੁਰੂ

## 7 ਮਾਰਚ ਨੂੰ ਗੋਨਿਆਣਾ ਮੰਡੀ ਵਿਖੇ ਸੰਬੋਧਨ ਕਰਨਗੇ ਸੁਖਬੀਰ ਬਾਦਲ



ਬਠਿੰਡਾ : ਬਲਾਕ ਗੋਨਿਆਣਾ ਮੰਡੀ ਵਿਖੇ 7 ਮਾਰਚ ਨੂੰ ਪੰਜਾਬ ਬਚਾਓ ਦੇ ਨਾਅਰੇ ਹੇਠ ਹੋਣ ਜਾ ਰਹੀ ਰੈਲੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਲਾਮਬੰਦੀ ਸ਼ੁਰੂ ਕੀਤੀ ਹੈ। ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਠਿੰਡਾ ਸੰਸਦ ਹਰਸਿਮਰਤ ਕੌਰ ਬਾਦਲ ਤੋਂ ਇਲਾਵਾ ਸੀਨੀਅਰ ਲੀਡਰਸ਼ਿਪ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਜਨਮੇਜਾ ਸਿੰਘ ਸੇਖੋਂ ਸਮੇਤ ਹੋਰ ਦਿੱਗਜ ਨੇਤਾ ਸੰਬੋਧਨ ਕਰਨਗੇ।

ਇਸ ਸਬੰਧੀ ਪੰਜਾਬ ਮੀਤ ਪ੍ਰਧਾਨ ਬਲਕਾਰ ਸਿੰਘ ਬਰਾੜ ਗੋਨਿਆਣਾ ਅਤੇ ਹਲਕਾ ਇੰਚਾਰਜ ਡਾ. ਦਲਜੀਤ ਸਿੰਘ ਗੁਰੂ ਦੀ ਅਗਵਾਈ ਹੇਠ ਅੱਜ ਅੱਧੀ ਦਰਜਨ ਪਿੰਡਾਂ ਵਿੱਚ ਕੋਠੇ ਚੇਤ ਸਿੰਘ ਵਾਲੇ, ਕਿਲੀ ਨਿਹਾਲ ਸਿੰਘ ਵਾਲਾ, ਕੋਠੇ ਫੂਲੇ ਵਾਲੇ ਆਦਿ ਪਿੰਡਾਂ ਵਿਚ ਨੁੱਕੜ ਮੀਟਿੰਗਾਂ ਕਰਕੇ ਵਰਕਰਾਂ ਅਤੇ ਸਮਰਥਕਾਂ ਨੂੰ ਰੈਲੀ ਲਈ ਲਾਮਬੰਦ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਵਰਕਰਾਂ ਵੱਲੋਂ ਪਿੰਡ ਪਿੰਡ ਜਾ ਕੇ 7 ਮਾਰਚ ਨੂੰ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਜਾ ਰਹੀ ਹੈ।

ਇਸ ਮੌਕੇ ਗਰਦੌਰ ਸਿੰਘ ਸੰਧੂ, ਸੁਖਰਾਜ ਸਿੰਘ ਰਾਜੀ, ਰਾਜਵਿੰਦਰ ਸਿੰਘ ਨਹਿਰੂ, ਜਗਜੀਤ ਸਿੰਘ ਬਰਾੜ, ਇਕਬਾਲ ਸਿੰਘ ਬਰਕੰਦੀ, ਜਗਤਾਰ ਸਿੰਘ ਤਾਰਾ, ਜਗਮੀਤ ਸਿੰਘ ਭੋਖੜਾ, ਮਨਜੀਤ ਸਿੰਘ ਕੋਠੇ ਚੇਤ ਸਿੰਘ, ਕ੍ਰਿਸ਼ਨ ਸਿੰਘ, ਰਾਜਿੰਦਰ ਸਿੰਘ ਕੋਠੇ ਲਾਲ ਸਿੰਘ, ਗਮਦੂਰ ਸਿੰਘ ਬਰਕੰਦੀ, ਬਲਜਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਸਰਪੰਚ ਸਮੇਤ ਕਈ ਵਰਕਰ ਹਾਜ਼ਰ ਸਨ।

# ਪੰਜਾਬ ਦੀ ਤਰੱਕੀ ਲਈ ਭਾਜਪਾ ਦੀ ਮਜ਼ਬੂਤੀ ਲਾਜ਼ਮੀ : ਸੈਣੀ

## ਭਾਜਪਾ ਪੂਰਵਾਂਚਲ ਸੈੱਲ ਵੱਲੋਂ ਸਨਮਾਨ ਰੈਲੀ; ਹਰਿਆਣਾ ਦੇ ਮੁੱਖ ਮੰਤਰੀ ਨੇ ‘ਆਪ’ ਸਰਕਾਰ ’ਤੇ ਨਿਸ਼ਾਨੇ ਸੇਧੇ




ਲੁਧਿਆਣਾ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਦੀ ਤਰੱਕੀ ਅਤੇ ਸਰਵਪੱਖੀ ਵਿਕਾਸ ਲਈ ਭਾਜਪਾ ਨੂੰ ਮਜ਼ਬੂਤ ਕਰਨ ਤਾਂ ਜੋ 2027 ਵਿੱਚ ਸੂਬੇ ’ਚ ਭਾਜਪਾ ਦੀ ਅਗਵਾਈ ਹੇਠ ਸਰਕਾਰ ਕਾਇਮ ਕੀਤੀ ਜਾ ਸਕੇ। ਸ੍ਰੀ ਸੈਣੀ ਅੱਜ ਗਿਆਸਪੁਰਾ ਵਿੱਚ ਭਾਜਪਾ ਪੂਰਵਾਂਚਲ ਸੈੱਲ ਵੱਲੋਂ ਕੀਤੀ ਸਨਮਾਨ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਸੈਣੀ ਨੇ ਦੋਸ਼ ਲਾਇਆ ਕਿ ‘ਆਪ’ ਨੇ ਵੀ ਕਾਂਗਰਸ ਦੇ ਕਦਮਾਂ ’ਤੇ ਚੱਲਦਿਆਂ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਉਨ੍ਹਾਂ ਕਿਹਾ ਕਿ ‘ਆਪ’ ਵੱਲੋਂ ਦਿੱਲੀ ਵਾਸੀਆਂ ਨਾਲ ਕੀਤੇ ਵਾਅਦੇ ਦਸ ਸਾਲਾਂ ਵਿੱਚ ਵੀ ਪੂਰੇ ਨਾ ਹੋਣ ਕਾਰਨ ਇਨ੍ਹਾਂ ਨੂੰ ਸੱਤਾ ਤੋਂ ਲਾਂਭੇ ਹੋਣਾ ਪਿਆ ਹੈ, ਹੁਣ ‘ਆਪ’ ਦਾ ਇਹੀ ਹਾਲ ਪੰਜਾਬ ਵਿੱਚ ਹੋਵੇਗਾ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਵੀ ਭਗਵੰਤ ਮਾਨ ਸਰਕਾਰ ਹਰ ਫ਼ਰੰਟ ’ਤੇ ਫੇਲ੍ਹ ਸਾਬਤ ਹੋਈ ਹੈ। ਅਮਨ-ਕਾਨੂੰਨ ਦੀ ਹਾਲਤ ਇਸ ਹੱਦ ਤੱਕ ਵਿਗੜ ਚੁੱਕੀ ਹੈ ਕਿ ਹਰ ਰੋਜ਼ ਲੁੱਟਾਂ-ਖੋਹਾਂ ਅਤੇ ਕਤਲੇਆਮ ਹੋ ਰਹੇ ਹਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ ਦੇ ਚੋਣ ਲੁਭਾਊ ਨਾਅਰਿਆਂ ਤੋਂ ਸੁਚੇਤ ਰਹਿਣ ਕਿਉਂਕਿ ਇਹ ਪਾਰਟੀ ਝੂਠ ਬੋਲ ਕੇ ਸੱਤਾ ਹਾਸਲ ਕਰਨਾ ਚਾਹੁੰਦੀ ਹੈ।

ਸ੍ਰੀ ਸੈਣੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦਾ ਨਹੁੰ-ਮਾਸ ਦਾ ਰਿਸ਼ਤਾ ਹੈ ਅਤੇ ਇਸ ਰਿਸ਼ਤੇ ਨੂੰ ਕੋਈ ਵੀ ਵੱਖ ਨਹੀਂ ਕਰ ਸਕਦਾ। ਉਨ੍ਹਾਂ ਪੂਰਵਾਂਚਲ ਸਮਾਜ ਵੱਲੋਂ ਦੇਸ਼ ਅਤੇ ਪੰਜਾਬ ਦੀ ਤਰੱਕੀ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਹਰਿਆਣਾ ਸਰਕਾਰ ਵੱਲੋਂ ਚੋਣ ਵਾਅਦੇ ਪੂਰੇ ਕਰਨ ਦਾ ਲੇਖਾ-ਜੋਖਾ ਵੀ ਪੇਸ਼ ਕੀਤਾ।

ਉਨ੍ਹਾਂ ਭਰੋਸਾ ਦਿਵਾਇਆ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਤੇ ਪੂਰਵਾਂਚਲ ਭਾਈਚਾਰੇ ਨੂੰ ਹਰ ਸਹੂਲਤ ਅਤੇ ਮਾਨ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਕੁਮਾਰ ਨੇ ਕਿਹਾ ਕਿ ਪੂਰਵਾਂਚਲੀ ਸਮਾਜ ਵੱਲੋਂ ਪੰਜਾਬ ਦੀ ਤਰੱਕੀ ਅਤੇ ਵਿਕਾਸ ਲਈ ਕੀਤੇ ਕਾਰਜਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਪੂਰਵਾਂਚਲੀ ਸਮਾਜ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।

# ਕਿਸਾਨ ਮਹਾਸਭਾ ਦਾ ਹੱਲਾ-ਬੋਲ: ਖੇਤ ਬਚਾਉਣ ਦੀ ਜੰਗ: ਪਟਨਾ ’ਚ ਗਰਜੇ ਕਿਸਾਨ, ਸਰਕਾਰ ਨੂੰ ਦਿੱਤੀ ਸਿੱਧੀ ਚੁਣੌਤੀ

## ਪਟਨਾ ਦੀਆਂ ਸੜਕਾਂ ’ਤੇ ਕਿਸਾਨਾਂ ਦਾ ਹੜ੍ਹ: ਜ਼ਮੀਨ ਹੜੱਪਣ ਦੇ ਵਿਰੋਧ ’ਚ ਵਿਧਾਨ ਸਭਾ ਵੱਲ ਵਧੇ ਹਜ਼ਾਰਾਂ ਕਦਮ




ਪਟਨਾ, (ਸਾਡੇ ਲੋਕ) : ਪ੍ਰਦਰਸ਼ਨ ਦਾ ਸਥਾਨ: ਕਿਸਾਨਾਂ ਨੇ ਪਟਨਾ ਦੀਆਂ ਸੜਕਾਂ ’ਤੇ ਇਕੱਠੇ ਹੋ ਕੇ ਬਿਹਾਰ ਵਿਧਾਨ ਸਭਾ ਵੱਲ ਮਾਰਚ ਕੀਤਾ। ਇਹ ਮਾਰਚ ਆਲ ਇੰਡੀਆ ਕਿਸਾਨ ਮਹਾਸਭਾ (AIKM) ਅਤੇ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਨਾਲ ਜੁੜੀਆਂ ਜਥੇਬੰਦੀਆਂ ਦੇ ਸੱਦੇ ’ਤੇ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਪੁਲਿਸ ਵੱਲੋਂ ਪਟਨਾ ਦੇ ਮੁੱਖ ਚੌਕਾਂ (ਜਿਵੇਂ ਕਿ ਆਰ-ਬਲਾਕ) ’ਤੇ ਸਖ਼ਤ ਬੈਰੀਕੇਡਿੰਗ ਕੀਤੀ ਗਈ ਸੀ ਅਤੇ ਭਾਰੀ ਪੁਲਿਸ ਬਲ ਤਾਇਨਾਤ ਸੀ।

ਕਿਸਾਨਾਂ ਦੀਆਂ ਮੁੱਖ ਮੰਗਾਂ:

1. ਜ਼ਮੀਨ ਐਕੁਆਇਰ ਦਾ ਵਿਰੋਧ: ਕਿਸਾਨਾਂ ਨੇ ਉਦਯੋਗਿਕ ਘਰਾਣਿਆਂ (ਖਾਸ ਕਰਕੇ ਅਡਾਨੀ ਗਰੁੱਪ) ਨੂੰ ਸਸਤੇ ਭਾਅ ’ਤੇ ਉਪਜਾਊ ਜ਼ਮੀਨ ਦੇਣ ਦੇ ਸਰਕਾਰੀ ਫੈਸਲੇ ਵਿਰੁੱਧ ਨਾਅਰੇਬਾਜ਼ੀ ਕੀਤੀ।
2. MSP ਦੀ ਗਾਰੰਟੀ: ਸਾਰੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (MSP) ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਦੀ ਮੰਗ।
3. ਕਰਜ਼ਾ ਮੁਆਫ਼ੀ: ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਪੂਰੀ ਤਰ੍ਹਾਂ ਮੁਆਫ਼ ਕਰਨ ਦੀ ਅਪੀਲ।
4. ਬਿਜਲੀ ਸੋਧ ਬਿੱਲ: ਕੇਂਦਰ ਸਰਕਾਰ ਦੇ ਪ੍ਰਸਤਾਵਿਤ ਬਿਜਲੀ ਸੋਧ ਬਿੱਲ ਨੂੰ ਵਾਪਸ ਲੈਣ ਦੀ ਮੰਗ, ਜਿਸ ਬਾਰੇ ਕਿਸਾਨਾਂ ਨੂੰ ਡਰ ਹੈ ਕਿ ਇਸ ਨਾਲ ਸਬਸਿਡੀ ਖਤਮ ਹੋ ਜਾਵੇਗੀ।

ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਸਰਕਾਰ ਗਰੀਬਾਂ ਨੂੰ ਰਿਹਾਇਸ਼ ਲਈ ਜ਼ਮੀਨ ਨਹੀਂ ਦੇ ਰਹੀ, ਜਦਕਿ ਕਾਰਪੋਰੇਟਾਂ ਨੂੰ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਸੌਂਪੀ ਜਾ ਰਹੀ ਹੈ। ਮਾਰਚ ਦੌਰਾਨ ਟਰੈਫਿਕ ਵਿੱਚ ਕਾਫੀ ਵਿਘਨ ਪਿਆ ਅਤੇ ਪੁਲਿਸ ਨਾਲ ਹਲਕੀ ਝੜਪ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ ਹਨ।

# ਹੋਲੇ-ਮਹੱਲੇ ਮੌਕੇ ਉੱਚੀ ਆਵਾਜ਼ ਵਿੱਚ ਸਪੀਕਰ ਨਾ ਚਲਾਏ ਜਾਣ: ਗੜਗੱਜ

## ਪ੍ਰਸ਼ਾਸਨ ਨੂੰ ਹੁੱਲੜਬਾਜ਼ਾਂ ਖਿਲਾਫ਼ ਕਾਰਵਾਈ ਕਰਨ ਦੇ ਹੁਕਮ

ਸ੍ਰੀ ਆਨੰਦਪੁਰ ਸਾਹਿਬ : ਖ਼ਾਲਸਈ ਜਾਹੋ-ਜਲਾਲ ਦਾ ਪ੍ਰਤੀਕ ਹੋਲਾ-ਮਹੱਲਾ 27 ਫਰਵਰੀ ਤੋਂ 1 ਮਾਰਚ ਤੱਕ ਸ੍ਰੀ ਕੀਰਤਪੁਰ ਸਾਹਿਬ ਅਤੇ 2 ਮਾਰਚ ਤੋਂ 4 ਮਾਰਚ ਤੱਕ ਸ੍ਰੀ ਆਨੰਦਪੁਰ ਸਾਹਿਬ ਵਿੱਚ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਵੇਗਾ। ਇੱਥੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਹੋਲੇ-ਮਹੱਲੇ ਮੌਕੇ ਦੂਰ-ਦੁਰਾਡਿਓਂ ਆਉਣ ਵਾਲੀ ਸੰਗਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਸੰਗਤ ਨੂੰ ਹੋਲੇ-ਮਹੱਲੇ ਦੀ ਪਵਿੱਤਰਤਾ ਕਾਇਮ ਰੱਖਦਿਆਂ ਹੁੱਲੜਬਾਜ਼ੀ ਅਤੇ ਉੱਚੀ ਆਵਾਜ਼ ਵਾਲੇ ਸਪੀਕਰਾਂ ਦੀ ਵਰਤੋਂ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ। ਉਨ੍ਹਾਂ ਵਾਤਾਵਰਨ ਦੀ ਸੰਭਾਲ ਦੇ ਮੱਦੇਨਜ਼ਰ ਲੰਗਰ ਲਾਉਣ ਵਾਲਿਆਂ ਨੂੰ ਡਿਸਪੋਜ਼ਲ ਅਤੇ ਪਲਾਸਟਿਕ ਦੇ ਬਰਤਨਾਂ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ।



ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪ੍ਰਸ਼ਾਸਨ ਨੂੰ ਸੜਕਾਂ ਦੇ ਆਲੇ-ਦੁਆਲੇ ਲੱਗਣ ਵਾਲੀਆਂ ਆਰਜ਼ੀ ਦੁਕਾਨਾਂ ਕਾਰਨ ਲੱਗਦੇ ਟਰੈਫਿਕ ਜਾਮ ਦੀ ਸਮੱਸਿਆ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣ ਲਈ ਕਿਹਾ। ਉਨ੍ਹਾਂ ਕਿਹਾ ਕਿ ਨਿਹੰਗ ਸਿੰਘ ਫ਼ੌਜਾਂ ਤੋਂ ਇਲਾਵਾ ਕਿਸੇ ਹੋਰ ਨੂੰ ਗੁਲਾਲ ਸੁੱਟਣ ਦੀ ਇਜਾਜ਼ਤ ਨਾ ਦਿੱਤੀ ਜਾਵੇ ਤੇ ਜੇਕਰ ਕੋਈ ਹੁੱਲੜਬਾਜ਼ੀ ਕਰਦਾ ਹੈ ਤਾਂ ਉਸ ਖ਼ਿਲਾਫ਼ ਪ੍ਰਸ਼ਾਸਨ ਸਖ਼ਤੀ ਨਾਲ ਨਜਿੱਠੇ। ਜਥੇਦਾਰ ਨੇ ਦੱਸਿਆ ਕਿ 26 ਫਰਵਰੀ ਦੀ ਰਾਤ ਨੂੰ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਨਗਾਰਿਆਂ ਨਾਲ ਹੋਲਾ-ਮਹੱਲਾ ਦੇ ਸਮਾਗਮ ਆਰੰਭ ਹੋਣਗੇ ਅਤੇ 4 ਮਾਰਚ ਨੂੰ ਪੁਰਾਤਨ ਰਵਾਇਤਾਂ ਅਨੁਸਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਮਹੱਲਾ ਸਜਾਇਆ ਜਾਵੇਗਾ।

# ਜਥੇਦਾਰ ਗੜਗੱਜ ਵੱਲੋਂ ਸੰਤ ਬਾਬਾ ਘਾਲਾ ਸਿੰਘ ਨਾਲ ਮੁਲਾਕਾਤ



ਰਾਏਕੋਟ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਾਨਕਸਰ ਸੰਪਰਦਾਇ ਦੇ ਮੁਖੀ ਸੰਤ ਬਾਬਾ ਘਾਲਾ ਸਿੰਘ ਨਾਲ ਗੁਰਦੁਆਰਾ ਨਾਨਕਸਰ ਤੇਰਾਂ ਮੰਜ਼ਿਲੀ ਠਾਠ ਝੋਰੜਾਂ ਵਿਖੇ ਮੁਲਾਕਾਤ ਵਿਸ਼ੇਸ਼ ਮੁਲਾਕਾਤ ਕੀਤੀ ਹੈ
ਗ਼ੌਰਤਲਬ ਹੈ ਕਿ ਨਾਨਕਸਰ ਸੰਪਰਦਾਇ ਦੇ ਸੰਤ ਬਾਬਾ ਘਾਲਾ ਸਿੰਘ ਦੀ ਸਰਕਾਰੀ ਸਰੁੱਖਿਆ ਹਾਲ ਹੀ ਵਿੱਚ ਵਾਪਸ ਲਈ ਗਈ ਹੈ। ਇਸ ਮੌਕੇ ਜਥੇਦਾਰ ਗੜਗੱਜ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਅਤੇ ਐੱਸ ਜੀ ਪੀ ਸੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਵੀ ਹਾਜ਼ਿਰ ਸਨ।?
ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗੜਗੱਜ ਨੇ ਸੰਤ ਬਾਬਾ ਘਾਲਾ ਸਿੰਘ ਦੀ ਸਰਕਾਰੀ ਸੁਰੱਖਿਆ ਵਾਪਸ ਲੈਣ ਦੇ ਫੈਸਲੇ ਦੀ ਨਿੰਦਾ ਕਰਦਿਆਂ ਇਸ ਕਾਰਵਾਈ ਨੂੰ ਗਲਤ ਅਤੇ ਰਾਜਨੀਤਿਕ ਖੁੰਦਕ ਕਰਾਰ ਦਿੱਤਾ ਹੈ। ਇਸ ਮੌਕੇ ਉਨ੍ਹਾਂ ਸਰਕਾਰ ਨੂੰ ਬਾਬਾ ਘਾਲਾ ਸਿੰਘ ਦੀ ਸੁਰੱਖਿਆ ਮੁੜ ਬਹਾਲ ਕਰਨ ਦੀ ਮੰਗ ਕੀਤੀ।

# ਭਗਤ ਸਿੰਘ ਨੂੰ ਜੇਲ੍ਹ 'ਚ ਮਿਲਿਆ ਸੀ ਬੂੜ ਸਿੰਘ

## ਪੰਜਾਬ ਵਿੱਚ ਐਨੀ ਉਮਰ ਭੋਗਣ ਵਾਲਾ ਕੋਈ ਹੋਰ ਸ਼ਖ਼ਸ ਨਾ ਹੋਣ ਦਾ ਦਾਅਵਾ

ਭਿੱਖੀਵਿੰਡ : ਪਿੰਡ ਵਾਂ ਤਾਰਾ ਸਿੰਘ ਦੇ ਰਹਿਣ ਵਾਲੇ 126 ਸਾਲਾ ਬੂੜ ਸਿੰਘ ਪੁੱਤਰ ਅਜਾਇਬ ਸਿੰਘ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ ਲਾਹੌਰ ਵਿੱਚ ਦੇਸ਼ ਦੇ ਇਸ ਮਹਾਨ ਆਜ਼ਾਦੀ ਘੁਲਾਟੀਏ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਅਨੁਸਾਰ ਭਗਤ ਸਿੰਘ ਦਾ ਰੰਗ ਗੋਰਾ ਅਤੇ ਸਰੀਰ ਪਤਲਾ ਸੀ। ਉਨ੍ਹਾਂ ਦੱਸਿਆ ਕਿ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫਾਂਸੀ ਦਿੱਤੇ ਜਾਣ ਦੀ ਖ਼ਬਰ ਸੁਣ ਕੇ ਉਹ ਬੇਹੱਦ ਦੁਖੀ ਹੋਏ ਸੀ।



ਬੂੜ ਸਿੰਘ ਨੇ ਆਪਣੀ ਲੰਮੀ ਉਮਰ ਦਾ ਰਾਜ ਦੇਸੀ ਘਿਓ, ਦੁੱਧ, ਮਲਾਈ, ਤਿਲਾਂ ਦੇ ਬੀਜ, ਬਦਾਮ, ਕਸਤੂਰੀ ਆਦਿ ਨੂੰ ਦੱਸਿਆ। ਉਹ ਆਪਣੇ ਪਰਿਵਾਰ ਦੀਆਂ ਛੇ ਪੀੜ੍ਹੀਆਂ ਦੇਖ ਚੁੱਕੇ ਹਨ। ਆਪਣੇ ਸਾਰੇ ਹਾਣੀ ਗਵਾ ਚੁੱਕੇ ਬੂੜ ਸਿੰਘ ਨੇ ਦੱਸਿਆ ਕਿ ਉਹ ਕਈ ਵਾਰ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਏ। ਸਾਹੀਵਾਲ, ਮੁਲਤਾਨ ਤੇ ਕਾਬੁਲ-ਕੰਧਾਰ ਤੱਕ ਜਾਣ ਦਾ ਦਾਅਵਾ ਕਰਨ ਵਾਲੇ ਬੂੜ ਸਿੰਘ ਦਾ ਕਹਿਣਾ ਹੈ ਕਿ ਪੂਰੇ ਪੰਜਾਬ ਵਿੱਚ ਉਨ੍ਹਾਂ ਜਿੰਨੀ ਲੰਬੀ ਉਮਰ ਭੋਗਣ ਵਾਲਾ ਕੋਈ ਹੋਰ ਕੋਈ ਨਹੀਂ ਬਚਿਆ। ਉਨ੍ਹਾਂ ਪੰਜਾਬ ਸਰਕਾਰ ਤੋਂ ਸਨਮਾਨ ਦੀ ਮੰਗ ਵੀ ਕੀਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਜ਼ਮਾਨੇ ਵਿੱਚ ਇੱਕ ਤੋਂ ਦੂਸਰੇ ਪਿੰਡ ਜਾਣ ਵਾਸਤੇ ਘੋੜੀਆਂ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਦੀ ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ਉਨ੍ਹਾਂ ਦੇ ਪਤਿਓਰੇ ਚੰਨਣ ਸਿੰਘ ਰਾੜਾ ਨੇ ਕਰਵਾਈ ਸੀ। ਉਨ੍ਹਾਂ ਆਪਣੀ ਲੰਮੀ ਉਮਰ ਦਾ ਰਾਜ ਚੰਗੀ ਖੁਰਾਕ ਨੂੰ ਦੱਸਦਿਆਂ ਕਿਹਾ ਕਿ ਉਹ ਅੱਜ ਵੀ ਸਵੇਰੇ ਉਠ ਕੇ ਦੁੱਧ ਨਾਲ ਪੰਜੀਰੀ ਖਾਂਦੇ ਹਨ ਅਤੇ ਬਹੁਤ ਸਮਾਂ ਤਾਂ ਗੁਲਾਬੀ ਚਾਹ ਪੀਂਦੇ ਰਹੇ ਪਰ ਹੁਣ ਮਜਬੂਰੀਵੱਸ ਕਾਲੀ ਚਾਹ ਪੀਣੀ ਪੈ ਰਹੀ ਹੈ।

# ਹੋਲਾ ਮਹੱਲਾ ਪੂਰੇ ਸਾਨੋ ਸ਼ੌਕਤ ਨਾਲ ਮਨਾਉਣ ਲਈ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਪੁੱਜਣ: ਜਥੇ. ਬਾਬਾ ਬਲਬੀਰ ਸਿੰਘ ਅਕਾਲੀ

## ਬੁੱਢਾ ਦਲ ਵੱਲੋਂ ਦੋ ਰੋਜ਼ਾ ਵਿਸ਼ੇਸ਼ ਗਤਕਾ ਮੁਕਾਬਲੇ 2, 3 ਮਾਰਚ ਨੂੰ ਹੋਣਗੇ: ਸ. ਪਰਮਜੀਤ ਸਿੰਘ ਬਾਜਵਾ

ਸ੍ਰੀ ਅਨੰਦਪੁਰ ਸਾਹਿਬ : ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕਿਹਾ ਗੁਰੂ ਪਾਤਸ਼ਾਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਗੁਰੂ ਸਾਹਿਬ ਵੇਲੇ ਤੋਂ ਚਲੀ ਆਉਂਦੀ ਪੁਰਾਤਨ ਰਵਾਇਤ ਅਨੁਸਾਰ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਹੋਲਾ ਮਹੱਲਾ ਦੇ ਤਿਉਹਾਰ ਨੂੰ ਪੂਰੇ ਖਾਲਸਾਹੀ ਜਾਹੋ ਜਲਾਲ ਨਾਲ ਮਨਾਉਣ ਲਈ ਵੱਧ ਚੜ੍ਹ ਕੇ ਸ੍ਰੀ ਅਨੰਦਪੁਰ ਸਾਹਿਬ ਪੁਜਣ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਕਿਹਾ ਕਿ ਨਿਹੰਗ ਸਿੰਘ ਦਲਾਂ ਤੇ ਸੰਗਤਾਂ ਦੇ ਸਹਿਯੋਗ ਨਾਲ 2, 3 ਤੇ 4 ਮਾਰਚ ਨੂੰ ਹੋਲਾ-ਮਹੱਲਾ ਪੂਰੇ ਖ਼ਾਲਸਾਈ ਜਲਾਲ ਤੇ ਸ਼ਾਨੋ-ਸ਼ੌਕਤ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਮਨਾਇਆ ਜਾਵੇਗਾ। ਇਸ ਬਾਰੇ ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਵੱਲੋਂ ਵਰੋਸਾਏ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਵਲੋਂ ਹੋਲੇ-ਮਹੱਲੇ ਦਾ ਤਿਉਹਾਰ ਹਰ ਸਾਲ ਨਿਹੰਗ ਸਿੰਘ ਦਲਾਂ ਦੇ ਸਹਿਯੋਗ ਨਾਲ ਖਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਇਆ ਜਾਂਦਾ ਹੈ।ਇਸ ਵਾਰ ਵੀ ਅੱਗੇ ਨਾਲੋਂ ਵੀ ਵੱਧ ਚੜ ਕੇ ਮਨਾਇਆ ਜਾਵੇਗਾ।
ਉਨ੍ਹਾਂ ਕਿਹਾ ਕਿ ਇਸ ਵਾਰ ਵੀ ਹੋਲੇ-ਮਹੱਲੇ ਦੇ ਮੌਕੇ ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਵੱਲੋਂ ਵਿਸ਼ੇਸ਼ ਪ੍ਰੋਗਰਾਮ ਉਲੀਕੇ



ਗਏ ਹਨ ਨਾਲ ਹੀ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਲੱਖਾਂ ਦੀ ਗਿਣਤੀ 'ਚ ਪੁੱਜਣ ਵਾਲੀ ਸੰਗਤ ਦੇ ਰਹਿਣ ਸਹਿਣ ਤੇ ਸੁੱਖ-ਸਹੂਲਤ ਦਾ ਵਿਸ਼ੇਸ਼ ਪ੍ਰਬੰਧ ਕਰਦਿਆਂ ਪਿਛਲੇ ਸਾਲਾਂ ਵਾਂਗ ਦੁਰਘਟਨਾ ਬੀਮਾ ਯੋਜਨਾ ਦਾ ਵੀ ਅਗਾਊਂ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।
ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਸਥਾਨਕ ਛਾਉਣੀ ਗੁਰੂ ਕੇ ਬਾਗ ਤੋਂ ਪ੍ਰੈਸ ਨੋਟ ਜਾਰੀ ਕਰਦਿਆਂ ਦਲ ਦੇ ਮੈਨੇਜਰ ਸ. ਪਰਮਜੀਤ ਸਿੰਘ ਬਾਜਵਾ ਨੇ ਕਿਹਾ ਕਿ ਸਿੰਘ ਸਾਹਿਬ ਜਥੇ: ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੇ ਸਮੂਹ ਸੰਗਤਾਂ ਨੂੰ ਵੱਧ ਚੜ੍ਹ ਕੇ ਹੋਲੇ ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਪੁੱਜਣ ਲਈ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਹੋਲੇ ਮਹੱਲੇ ਨੂੰ ਸਮਰਪਿਤ 2, 3 ਮਾਰਚ ਨੂੰ ਛਾਉਣੀ ਨਿਹੰਗ ਸਿੰਘਾਂ, ਗੁਰੂ ਕਾ ਬਾਗ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖ ਜੰਗਜੂ ਕਲਾ ਦਾ ਪ੍ਰਤੀਕ ਵਿਰਸਾ ਸੰਭਾਲ ਇੰਟਰਨੈਸ਼ਨਲ ਗਤਕਾ ਮੁਕਾਬਲੇ ਕਰਵਾਏ ਜਾਣਗੇ, ਜਿਸ ਵਿਚ ਪਹਿਲੇ, ਦੂਜੇ ਤੇ ਤੀਜੇ ਨੰਬਰ ਤੇ ਆਉਣ ਵਾਲੀਆਂ ਟੀਮਾਂ ਨੂੰ ਵਿਸ਼ੇਸ਼ ਇਨਾਮ ਤਕਸੀਮ ਕੀਤੇ ਜਾਣਗੇ। ਵੱਖ-ਵੱਖ ਖੇਤਰਾਂ ਵਿਚ ਸਿੱਖ ਪੰਥ ਦੀਆਂ ਅਹਿਮ ਯੋਗਦਾਨ ਪਾਉਣ ਵਾਲੀਆ ਵਿਸ਼ੇਸ਼ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨਤ ਕੀਤਾ ਜਾਵੇਗਾ। ਸ. ਬਾਜਵਾ ਨੇ ਦਸਿਆ ਕਿ 04 ਮਾਰਚ ਨੂੰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਪੁਰਾਤਨ ਪਰੰਪਰਾ ਅਨੁਸਾਰ ਹਰ ਸਾਲ ਦੀ ਤਰ੍ਹਾਂ ਨਿਹੰਗ ਸਿੰਘ ਦਲਾਂ ਦੇ ਸਹਿਯੋਗ ਨਾਲ ਛਾਉਣੀ ਗੁਰੂ ਕਾ ਬਾਗ਼ ਬੁੱਢਾ ਦਲ ਤੋਂ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਨਿਸ਼ਾਨ ਨਿਗਾਰਿਆ ਦੀ ਛਤਰ ਛਾਇਆ ਹੇਠ ਅਤੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਮਹੱਲਾ ਕੱਢਿਆ ਜਾਵੇਗਾ।

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸ. ਤਰਲੋਚਨ ਸਿੰਘ ਸਾਬਕਾ ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ ਅਤੇ ਮੈਂਬਰ ਰਾਜ ਸਭਾ 'ਗੁਰੂ ਦਾ ਸਚਿਆਰ ਸਿੱਖ' ਐਵਾਰਡ ਨਾਲ ਸਨਮਾਨਿਤ

ਅੰਮ੍ਰਿਤਸਰ : ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਮੈਂਬਰ ਰਾਜ ਸਭਾ ਸ. ਤਰਲੋਚਨ ਸਿੰਘ ਨੂੰ, ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਅੰਮ੍ਰਿਤਸਰ ਵਿਕਾਸ ਮੰਚ ਵੱਲੋਂ, 'ਗੁਰੂ ਦਾ ਸਚਿਆਰ ਸਿੱਖ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਆਰੰਭਤਾ ਕਰਦਿਆਂ ਹੋਇਆਂ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਸ. ਤਰਲੋਚਨ ਸਿੰਘ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਮੈਂਬਰ ਹੋਣ ਸਦਕਾ ਉਨ੍ਹਾਂ ਦਾ ਵਿਅਕਤਿਤਵ ਸਿੱਖ ਆਦਰਸ਼ਾਂ ਨੂੰ ਪ੍ਰਣਾਇਆ ਹੋਇਆ ਹੈ। ਸ੍ਰ. ਹਰਜਾਪ ਸਿੰਘ ਔਜਲਾ ਨੇ ਕਿਹਾ ਕਿ ਸ੍ਰ. ਤਰਲੋਚਨ ਸਿੰਘ ਨੇ ਆਪਣੀ ਲਿਆਕਤ ਸਦਕਾ ਆਪਣੇ ਜੀਵਨ ਦਾ ਸਫ਼ਰ ਜਿਲਾ ਲੋਕ ਸੰਪਰਕ ਅਫਸਰ ਤੋਂ ਸ਼ੁਰੂ ਕਰਕੇ ਰਾਸ਼ਟਰਪਤੀ ਭਵਨ ਤਕ ਉੱਚ ਰੁਤਬਾ ਹਾਸਲ ਕਰਕੇ ਪੂਰਾ ਕੀਤਾ।
ਸਮਾਗਮ ਦੌਰਾਨ ਸ. ਤਰਲੋਚਨ ਸਿੰਘ ਵੱਲੋਂ ਅੰਮ੍ਰਿਤਸਰ ਵਿਖੇ ਸਥਾਪਿਤ ਕਰਵਾਏ ਮਹੱਤਵਪੂਰਨ ਪ੍ਰੋਜੈਕਟਾਂ ਦਾ ਜਿਕਰ ਕਰਦਿਆਂ ਹੋਇਆਂ ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਨੇ ਦੱਸਿਆ ਕਿ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੇ ਕੁਰੂਕੁਸ਼ੇਤਰ ਵਿਖੇ ਪੈਨੋਰਮਾ ਦਾ ਉਦਘਾਟਨ ਕੀਤਾ ਤਾਂ ਉਨ੍ਹਾਂ ਦਾ ਸਾਥ ਦੇ ਰਹੇ ਸ. ਤਰਲੋਚਨ ਸਿੰਘ ਨੇ ਉਨ੍ਹਾਂ ਕੋਲੋਂ ਅੰਮ੍ਰਿਤਸਰ ਦੇ ਰਾਮ ਬਾਗ਼ ਵਿੱਚ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਸਥਾਪਿਤ ਕਰਨ ਦੀ ਪ੍ਰਵਾਨਗੀ ਹਾਸਿਲ ਕਰ ਲਈ ਤੇ ਥੋੜ੍ਹੇ ਸਮੇਂ ਵਿੱਚ ਹੀ ਪੈਨੋਰਮਾ ਤਿਆਰ ਕਰ ਦਿੱਤਾ ਗਿਆ। ਸੰਨ 1973 ਵਿੱਚ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਚੌੜਾਈ ਵਧਾਉਣ ਦੀ ਯੋਜਨਾ ਲਾਗੂ ਕਰ



ਰਹੀ ਸੀ ਤਾਂ ਹੋਰ ਸਰਗਰਮ ਜਥੇਬੰਦੀਆਂ ਦੇ ਨਾਲ ਨਾਲ ਸ. ਤਰਲੋਚਨ ਸਿੰਘ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ ਰੋਜ਼ਾਨਾ ਅਜੀਤ ਅਖ਼ਬਾਰ ਦੇ ਤਤਕਾਲੀ ਸੰਸਥਾਪਕ ਐਡੀਟਰ ਸ. ਸਾਧੂ ਸਿੰਘ ਹਮਦਰਦ ਦੇ ਸਹਿਯੋਗ ਸਦਕਾ ਰਾਮਗੜ੍ਹੀਆ ਬੁੰਗੇ ਨੂੰ ਜਿਉਂ ਦਾ ਤਿਉਂ ਰੱਖਣ ਵਿੱਚ ਅਹਿਮ ਯੋਗਦਾਨ ਪਾਇਆ। ਸ. ਹਰਦੀਪ ਸਿੰਘ ਚਾਹਲ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅਕਾਸ਼-ਮੰਡਲ ਦੀ ਸੁੰਦਰਤਾ ਅਤੇ ਆਭਾ ਨੂੰ ਬੇਦਾਗ਼ ਰੱਖਣ ਲਈ ਸ. ਤਰਲੋਚਨ ਸਿੰਘ ਲੰਮੇ ਅਰਸੇ ਤੋਂ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹਨ।
ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਸਰਗਰਮ ਆਗੂ ਐਡਵੋਕੇਟ ਸ. ਸਰਬਜੀਤ ਸਿੰਘ ਵੇਰਕਾ ਵਲੋਂ ਸ਼ਹਿਰ ਦੀ ਚਾਰਦੀਵਾਰੀ ਦੇ ਅੰਦਰੂਨੀ ਸ਼ਹਿਰ ਵਿਸ਼ੇਸ਼ ਕਰਕੇ ਸ਼੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਦੇ ਖੇਤਰ ਦੀ ਸਦੀਆਂ ਪੁਰਾਣੀ ਵਿਰਾਸਤ ਨੂੰ ਤਬਾਹ ਕਰਕੇ ਉਸਾਰੇ ਗਏ ਹੋਟਲਾਂ ਬਾਰੇ ਜਿਲਾ ਪ੍ਰਸ਼ਾਸਨ ਦੀ ਨਾਅਹਿਲੀਅਤ ਅਤੇ ਸ਼ੱਕੀ ਕਾਰਗੁਜ਼ਾਰੀ ਬਾਰੇ ਭਰਵੀਂ ਜਾਣਕਾਰੀ ਦਿੱਤੀ, ਜਿਸ ਨੂੰ ਰੋਕਣ ਲਈ ਸ੍ਰ. ਤਰਲੋਚਨ ਸਿੰਘ ਨੇ ਠੋਸ ਸੁਝਾਅ ਦਿੱਤੇ। ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਅੰਮ੍ਰਿਤਸਰ ਸ਼ਹਿਰ ਵਿੱਚੋਂ ਪਸ਼ੂਆਂ ਦੀਆਂ ਡੇਹਰੀਆਂ ਸ਼ਹਿਰੋਂ ਬਾਹਰ ਤਬਦੀਲ ਕਰਨ ਅਤੇ ਅੰਮ੍ਰਿਤਸਰ ਦੇ ਹਵਾਈ ਅੱਡੇ ਦੇ ਨਵੇਂ ਟਰਮੀਨਲ ਦੀ ਉਸਾਰੀ ਬਾਰੇ ਅੰਮ੍ਰਿਤਸਰ ਵਿਕਾਸ ਮੰਚ ਦੇ ਯਤਨਾਂ ਨੂੰ ਸਾਂਝਿਆਂ ਕੀਤਾ।ਸ. ਰਾਜਵਿੰਦਰ ਸਿੰਘ ਗਿੱਲ ਨੇ ਸ. ਤਰਲੋਚਨ ਸਿੰਘ ਵੱਲੋਂ ਅੰਮ੍ਰਿਤਸਰ ਦੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਪ੍ਰਤੀ ਪਾਏ ਯੋਗਦਾਨ ਨੂੰ ਸਲਾਹਿਆ। ਸ੍ਰ. ਤਰਲੋਚਨ ਸਿੰਘ ਵੱਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਸਿੱਖ ਸਰੋਕਾਰਾਂ ਪ੍ਰਤੀ ਪਾਏ ਯੋਗਦਾਨ ਅਤੇ ਗੁਰੂ ਨਗਰੀ ਅੰਮ੍ਰਿਤਸਰ ਦੀ ਸ਼ਾਨ ਨੂੰ ਵਧਾਉਣ ਲਈ ਕੀਤੇ ਉਪਰਾਲਿਆਂ ਦੀ ਕਦਰ ਕਰਦੇ ਹੋਏ ਅੰਮ੍ਰਿਤਸਰ ਵਿਕਾਸ ਮੰਚ ਦੀ ਕਾਰਜਕਾਰਨੀ ਵੱਲੋਂ ਉਨ੍ਹਾਂ ਨੂੰ 'ਗੁਰੂ ਦਾ ਸਚਿਆਰ ਸਿੱਖ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।
ਸਮਾਗਮ ਨੂੰ ਸਫ਼ਲ ਬਣਾਉਣ ਵਿਚ ਸ. ਮਨਮੋਹਣ ਸਿੰਘ ਬਰਾੜ, ਪ੍ਰਧਾਨ ਸ.ਸੁਰਿੰਦਰ ਜੀਤ ਸਿੰਘ, ਇਤਿਹਾਸਕਾਰ ਸ੍ਰੀ ਸੁਰਿੰਦਰ ਕੋਛੜ, ਸਾਬਕਾ ਜਿਲਾ ਐਕਸਾਈਜ਼ ਐਂਡ ਟੈਕਸੇਸ਼ਨ ਅਫ਼ਸਰ ਸ. ਹਰਿੰਦਰ ਪਾਲ ਸਿੰਘ, ਸਾਬਕਾ ਜਿਲਾ ਸਿੱਖਿਆ ਅਫ਼ਸਰ ਸ. ਗੁਰਪ੍ਰਤਾਪ ਸਿੰਘ ਗੁਰੀ, ਸ. ਜਸਪਾਲ ਸਿੰਘ, ਸ. ਰਾਜਵਿੰਦਰਜੀਤ ਸਿੰਘ, ਸ.ਜਵਾਹਰ ਲਾਲ ਸਿੰਘ, ਸ.ਹਰਦਿਆਲ ਸਿੰਘ ਬਾਜਵਾ, ਸ. ਨਿਰਮਲ ਸਿੰਘ ਅਨੰਦ, ਸ. ਜਤਿੰਦਰ ਪਾਲ ਸਿੰਘ ਤਿਲਕ ਨਗਰ, ਸੀ.ਏ. ਹਰਪ੍ਰੀਤ ਸਿੰਘ, ਐਡਵੋਕੇਟ ਹਰਮਨਦੀਪ ਸਿੰਘ ਅਤੇ ਹੋਰ ਸ਼ਖ਼ਸੀਅਤਾਂ ਵੱਲੋਂ ਅਹਿਮ ਯੋਗਦਾਨ ਪਾਇਆ ਗਿਆ।

# ਕੁਦਰਤ ਦਾ 'ਹੌਲੀ' ਕਹਿਰ: ਇੰਡੋਨੇਸ਼ੀਆ ਦਾ ਪਾਦਾਸਰੀ ਪਿੰਡ ਬਣਿਆ 'ਮੁਰਦਾ ਘਰ', 863 ਮਕਾਨ ਤਬਾਹ !

ਜੈਤੀਨੇਗਾਰਾ (ਇੰਡੋਨੇਸ਼ੀਆ), (ਸਾਡੇ ਲੋਕ) : ਇੰਡੋਨੇਸ਼ੀਆ ਦੇ ਮੱਧ ਜਾਵਾ ਸੂਬੇ ਵਿੱਚ ਕੁਦਰਤ ਨੇ ਅਜਿਹੀ 'ਹੌਲੀ' ਪਰ ਭਿਆਨਕ ਤਬਾਹੀ ਮਚਾਈ ਹੈ, ਜਿਸ ਨੇ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਨੂੰ ਅਧਰੰਗ ਕਰ ਦਿੱਤਾ ਹੈ। ਪਾਦਾਸਰੀ ਪਿੰਡ (Padasari Village) ਵਿੱਚ ਵਾਪਰ ਰਹੀ 'ਸਲੋ-ਮੂਵਿੰਗ ਲੈਂਡਸਲਾਈਡ' (ਹੌਲੀ ਗਤੀ ਵਾਲੀ ਜ਼ਮੀਨ ਖਿਸਕਣ) ਦੀ ਘਟਨਾ ਨੇ ਪੂਰੇ ਇਲਾਕੇ ਨੂੰ ਇੱਕ 'ਰੈੱਡ ਜ਼ੋਨ' ਵਿੱਚ ਬਦਲ ਦਿੱਤਾ ਹੈ।

ਮੁੱਖ ਨੁਕਤੇ: ਤਬਾਹੀ ਦੇ ਅੰਕੜੇ

**ਮਕਾਨਾਂ ਦੀ ਬਲੀ:** ਹੁਣ ਤੱਕ ਲਗਭਗ 863 ਘਰ ਇਸ ਆਫ਼ਤ ਦੀ ਲਪੇਟ ਵਿੱਚ ਆ ਚੁੱਕੇ ਹਨ। ਜਿਨ੍ਹਾਂ ਵਿੱਚੋਂ 413 ਮਕਾਨ ਪੂਰੀ ਤਰ੍ਹਾਂ ਮਿੱਟੀ ਵਿੱਚ ਮਿਲ ਗਏ ਹਨ।

**ਬੇਘਰ ਹੋਏ ਹਜ਼ਾਰਾਂ ਲੋਕ:** ਤਕਰੀਬਨ 2,461 ਪਿੰਡ ਵਾਸੀ (ਲਗਭਗ 575 ਪਰਿਵਾਰ) ਆਪਣੀ ਪੁਰਖਿਆਂ ਦੀ ਜ਼ਮੀਨ ਛੱਡ ਕੇ ਰਾਹਤ ਕੈਂਪਾਂ ਵਿੱਚ ਰਹਿਣ ਲਈ ਮਜ਼ਬੂਰ ਹਨ।

**ਬੁਨਿਆਦੀ ਢਾਂਚਾ ਤਬਾਹ:** ਸਿਰਫ਼ ਘਰ ਹੀ ਨਹੀਂ, ਬਲਕਿ 7 ਸਕੂਲ, 7 ਮਸਜਿਦਾਂ ਅਤੇ ਕਈ ਸਰਕਾਰੀ ਇਮਾਰਤਾਂ ਵੀ ਇਸ ਹਿੱਲਦੀ ਜ਼ਮੀਨ ਦੀ ਭੇਟ ਚੜ੍ਹ ਚੁੱਕੀਆਂ ਹਨ।



**ਕਿਉਂ ਹੋ ਰਹੀ ਹੈ ਇਹ ਤਬਾਹੀ ?**

ਮਾਹਰਾਂ ਅਨੁਸਾਰ, ਇਹ ਕੋਈ ਅਚਾਨਕ ਆਇਆ ਹਾਦਸਾ ਨਹੀਂ ਹੈ। ਇਲਾਕੇ ਦੀ ਚੀਕਣੀ ਮਿੱਟੀ (Clay Soil) ਅਤੇ ਲਗਾਤਾਰ ਹੋ ਰਹੀ ਭਾਰੀ ਬਾਰਸ਼ ਨੇ ਜ਼ਮੀਨ ਦੇ ਅੰਦਰ ਇੱਕ ਤਿਲਕਣ ਵਾਲੀ ਸਤਹ ਬਣਾ ਦਿੱਤੀ ਹੈ। ਜ਼ਮੀਨ ਹੌਲੀ-ਹੌਲੀ (ਕੁਝ ਮਿਲੀਮੀਟਰ ਪ੍ਰਤੀ ਘੰਟਾ) ਖਿਸਕ ਰਹੀ ਹੈ, ਜਿਸ ਕਾਰਨ ਪੱਕੀਆਂ ਸੜਕਾਂ ਕਾਗਜ਼ ਵਾਂਗ ਪਾਟ ਗਈਆਂ ਹਨ।

'ਇਹ ਹੌਲੀ ਹੈ, ਪਰ ਯਕੀਨੀ ਤਬਾਹੀ ਹੈ। ਸਾਨੂੰ ਹਰ 3-4 ਮਿੰਟ ਬਾਅਦ ਜ਼ਮੀਨ ਦੇ ਅੰਦਰੋਂ ਕੜਕਣ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ।' - ਪੀਯੂਸ਼, ਪਿੰਡ ਵਾਸੀ

**ਸਰਕਾਰੀ ਕਾਰਵਾਈ ਅਤੇ ਭਵਿੱਖ**

ਇੰਡੋਨੇਸ਼ੀਆ ਦੇ ਉਪ-ਰਾਸ਼ਟਰਪਤੀ ਨੇ ਖੁਦ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਸਪੱਸ਼ਟ ਕੀਤਾ ਕਿ ਲੋਕਾਂ ਦੀ ਜਾਨ ਬਚਾਉਣਾ ਸਭ ਤੋਂ ਪਹਿਲੀ ਤਰਜੀਹ ਹੈ।

**ਸਥਾਈ ਮੁੜ-ਵਸੇਬਾ:** ਸਰਕਾਰ ਨੇ ਐਲਾਨ ਕੀਤਾ ਹੈ ਕਿ ਪਾਦਾਸਰੀ ਪਿੰਡ ਹੁਣ ਰਹਿਣ ਦੇ ਲਾਇਕ ਨਹੀਂ ਰਿਹਾ। ਲੋਕਾਂ ਨੂੰ ਹਮੇਸ਼ਾ ਲਈ ਨਵੀਆਂ ਸੁਰੱਖਿਅਤ ਥਾਵਾਂ 'ਤੇ ਵਸਾਇਆ ਜਾਵੇਗਾ।

**ਰਾਹਤ ਕਾਰਜ:** ਫੌਜ ਅਤੇ ਰਾਸ਼ਟਰੀ ਆਫ਼ਤ ਪ੍ਰਬੰਧਨ ਏਜੰਸੀ (BNPB) ਵੱਲੋਂ ਜੰਗੀ ਪੱਧਰ 'ਤੇ ਅਸਥਾਈ ਘਰ (Huntara) ਬਣਾਏ ਜਾ ਰਹੇ ਹਨ।

ਸਿੱਟਾ

ਪਾਦਾਸਰੀ ਪਿੰਡ ਦੀ ਇਹ ਘਟਨਾ ਸਾਨੂੰ ਚੇਤਾਵਨੀ ਦੇ ਰਹੀ ਹੈ ਕਿ ਵਾਤਾਵਰਣ ਵਿੱਚ ਆ ਰਹੇ ਬਦਲਾਅ ਅਤੇ ਭੂਗੋਲਿਕ ਅਸਥਿਰਤਾ ਕਿਵੇਂ ਮਨੁੱਖੀ ਵਸੋਂ ਨੂੰ ਮਿੰਟਾਂ ਵਿੱਚ ਨਹੀਂ, ਬਲਕਿ ਹੌਲੀ-ਹੌਲੀ ਮੌਤ ਦੇ ਮੂੰਹ ਵੱਲ ਧੱਕ ਸਕਦੀ ਹੈ। ਇਹ ਪਿੰਡ ਸ਼ਾਇਦ ਹੁਣ ਅਗਲੇ ਇੱਕ ਸਾਲ ਤੱਕ ਖ਼ਤਰੇ ਦੇ ਸਾਏ ਹੇਠ ਰਹੇਗਾ।

# ਗਵਾਚਦੀਆਂ ਰੌਣਕਾਂ, ਟੁੱਟਦੇ ਸੁਪਨੇ ਕੀ ਬਦਲ ਰਿਹਾ ਹੈ ਅਮਰੀਕਾ ਦਾ ਸਰੂਪ ?




ਲਿਵਰਮੋਰ/ਕੈਲੀਫੋਰਨੀਆਂ, (ਸਾਡੇ ਲੋਕ) : ਕਦੇ ਦੁਨੀਆ ਭਰ ਦੇ ਲੋਕਾਂ ਲਈ 'ਸੁਪਨਿਆਂ ਦਾ ਦੇਸ਼' ਕਹਾਉਣ ਵਾਲਾ ਅਮਰੀਕਾ ਅੱਜ ਇੱਕ ਅਜੀਬ ਖਾਮੋਸ਼ੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਲਾਸ ਵੇਗਾਸ ਦੀਆਂ ਰੰਗੀਨੀਆਂ ਤੋਂ ਲੈ ਕੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਤੱਕ, ਹਰ ਪਾਸੇ ਇੱਕ ਅਜਿਹੀ ਤਬਦੀਲੀ ਮਹਿਸੂਸ ਕੀਤੀ ਜਾ ਰਹੀ ਹੈ ਜੋ ਆਮ ਸ਼ਹਿਰੀ ਦੀ ਚਿੰਤਾ ਵਧਾ ਰਹੀ ਹੈ।

**ਉਜਾੜ ਪਏ ਮਨੋਰੰਜਨ ਦੇ ਕੇਂਦਰ :** ਜਿੱਥੇ ਕਦੇ ਪੈਰ ਰੱਖਣ ਨੂੰ ਜਗ੍ਹਾ ਨਹੀਂ ਸੀ ਮਿਲਦੀ, ਅੱਜ ਉਹ ਹਵਾਈ ਅੱਡੇ ਖਾਲੀ-ਖਾਲੀ ਨਜ਼ਰ ਆਉਂਦੇ ਹਨ। ਦੁਨੀਆ ਦੀ ਸਭ ਤੋਂ ਚਮਕਦਾਰ ਜਗ੍ਹਾ 'ਲਾਸ ਵੇਗਾਸ' ਵਿੱਚ ਵੀ ਹੁਣ ਉਹ ਪਹਿਲਾਂ ਵਾਲੀ ਰੌਣਕ ਨਹੀਂ ਰਹੀ; ਉੱਥੋਂ ਦੀਆਂ ਸੜਕਾਂ 'ਤੇ ਹੁਣ ਉਜਾੜ ਜਿਹਾ ਅਹਿਸਾਸ ਹੋਣ ਲੱਗਾ ਹੈ। ਇਹ ਸਿਰਫ਼ ਭੀੜ ਦੀ ਕਮੀ ਨਹੀਂ, ਸਗੋਂ ਲੋਕਾਂ ਦੇ ਉਤਸ਼ਾਹ ਵਿੱਚ ਆਈ ਗਿਰਾਵਟ ਦਾ ਪ੍ਰਤੀਕ ਹੈ।

ਅਸਮਾਨੀ ਚੜ੍ਹੀ ਮਹਿੰਗਾਈ ਆਮ ਆਦਮੀ ਲਈ ਹੁਣ ਬਾਜ਼ਾਰ ਜਾਣਾ ਕਿਸੇ ਚੁਣੌਤੀ ਤੋਂ ਘੱਟ ਨਹੀਂ। ਘਰੇਲੂ ਲੋੜਾਂ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਖਰੀਦਦਾਰੀ ਕਰਨ ਨਿਕਲੇ ਲੋਕਾਂ ਦੇ ਚਿਹਰਿਆਂ 'ਤੇ ਮਹਿੰਗਾਈ ਦਾ ਖੌਫ਼ ਸਾਫ਼ ਦੇਖਿਆ ਜਾ ਸਕਦਾ ਹੈ। ਅਮਰੀਕੀ ਸੁਪਨੇ ਦੀ ਬੁਨਿਆਦ 'ਖੁਸ਼ਹਾਲੀ' ਸੀ, ਪਰ ਹੁਣ ਇਹ ਸਿਰਫ਼ ਗੁਜ਼ਾਰੇ ਦੀ ਜੰਗ ਬਣ ਕੇ ਰਹਿ ਗਈ ਹੈ।

ਬੇਗਾਨਗੀ ਦਾ ਅਹਿਸਾਸ ਅਤੇ ਡਰ ਸਭ ਤੋਂ ਦੁਖਦਾਈ ਪਹਿਲੂ ਸਮਾਜਿਕ ਬਦਲਾਅ ਹੈ। ਘੱਟ ਗਿਣਤੀ ਭਾਈਚਾਰੇ ਅਤੇ ਖਾਸ ਕਰਕੇ ਪ੍ਰਵਾਸੀਆਂ ਵਿੱਚ ਇੱਕ ਅਣਜਾਣੇ ਡਰ ਦਾ ਮਾਹੌਲ ਬਣ ਰਿਹਾ ਹੈ। ਲੋਕ ਮਹਿਸੂਸ ਕਰ ਰਹੇ ਹਨ ਕਿ ਉਹ ਆਪਣੇ ਹੀ ਘਰ ਵਿੱਚ 'ਦੂਜੇ ਦਰਜੇ ਦੇ ਸ਼ਹਿਰੀ' ਬਣਦੇ ਜਾ ਰਹੇ ਹਨ। ਗੋਰਿਆਂ ਦੇ ਦਬਦਬੇ ਅਤੇ ਸਮਾਜਿਕ ਵੰਡ ਨੇ ਆਮ ਲੋਕਾਂ ਵਿੱਚ ਸਹਿਮ ਪੈਦਾ ਕਰ ਦਿੱਤਾ ਹੈ। ਇੱਕ ਬਦਲਿਆ ਹੋਇਆ ਅਮਰੀਕਾ ਅੱਜ ਦਾ ਅਮਰੀਕਾ ਉਹ ਨਹੀਂ ਰਿਹਾ ਜਿਸਦੀ ਤਸਵੀਰ ਦੁਨੀਆ ਦੇ ਮਨਾਂ ਵਿੱਚ ਸੀ। ਵਧਦੀ ਮਹਿੰਗਾਈ, ਸਮਾਜਿਕ ਦੂਰੀਆਂ ਅਤੇ ਆਰਥਿਕ ਮੰਦਹਾਲੀ ਨੇ ਇਸ 'ਸੁਪਨਿਆਂ ਦੇ ਦੇਸ਼' ਨੂੰ ਬਦਲ ਕੇ ਰੱਖ ਦਿੱਤਾ ਹੈ। ਸੱਚ ਤਾਂ ਇਹ ਹੈ ਕਿ ਹੁਣ ਅਮਰੀਕਾ ਬਦਲਿਆ-ਬਦਲਿਆ ਲੱਗਦਾ ਹੈ—ਜਿੱਥੇ ਉਮੀਦਾਂ ਦੀ ਥਾਂ ਹੁਣ ਸਿਰਫ਼ ਯਾਦਾਂ ਹੀ ਰਹਿ ਗਈਆਂ ਹਨ।

ਅੱਜ ਆਪਣੇ ਹੀ ਦੇਸ਼ ਵਿੱਚ 'ਦੂਜੇ ਦਰਜੇ ਦੇ ਸ਼ਹਿਰੀ' ਹੋਣ ਦਾ ਅਹਿਸਾਸ ਤੇ ਚਿਹਰਿਆਂ 'ਤੇ ਡਰ ਸਾਫ਼ ਦਿਸਦਾ ਹੈ। ਬਦਲ ਗਏ ਨੇ ਹਾਲਾਤ, ਤੇ ਬਦਲ ਗਿਆ ਹੈ ਅਮਰੀਕਾ।'

# ਅਫਗਾਨਿਸਤਾਨ ਦੇ ਤਾਲਿਬਾਨ ਮੰਤਰੀ ਸ਼ੇਰ ਮੁਹੰਮਦ ਅੱਬਾਸ ਸਟੈਨਿਕਜ਼ਈ (Sher Mohammad Abbas Stanikzai) ਦੀ ਪਾਕਿਸਤਾਨ ਨੂੰ ਗੰਭੀਰ ਚੇਤਾਵਨੀ

## ਜੇ ਅਸੀਂ ਆਪਣੀ ਆਈ ਤੇ ਆਏ ਤਾਂ 'ਦੁਨੀਆ ਦੇ ਨਕਸ਼ੇ ਤੋਂ ਮਿੱਟ ਜਾਵੇਗਾ ਪਾਕਿਸਤਾਨ'

ਕਾਬੁਲ/ਇਸਲਾਮਾਬਾਦ, (ਸਾਡੇ ਲੋਕ) : ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਵਿੱਚ ਪਈ ਤਰੇੜ ਹੁਣ ਇੱਕ ਭਿਆਨਕ ਮੋੜ ਲੈ ਚੁੱਕੀ ਹੈ। ਤਾਲਿਬਾਨ ਸਰਕਾਰ ਦੇ ਸੀਨੀਅਰ ਮੰਤਰੀ ਸ਼ੇਰ ਮੁਹੰਮਦ ਅੱਬਾਸ ਸਟੈਨਿਕਜ਼ਈ ਨੇ ਪਾਕਿਸਤਾਨ ਨੂੰ ਅਜਿਹੀ ਧਮਕੀ ਦਿੱਤੀ ਹੈ ਜਿਸ ਨੇ ਪੂਰੇ ਦੱਖਣੀ ਏਸ਼ੀਆ ਵਿੱਚ ਹਲਚਲ ਮਚਾ ਦਿੱਤੀ ਹੈ। ਇੱਕ ਜਨਤਕ ਸੰਬੋਧਨ ਦੌਰਾਨ ਸਟੈਨਿਕਜ਼ਈ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪਾਕਿਸਤਾਨ ਦੀ ਹੋਂਦ ਖ਼ਤਰੇ ਵਿੱਚ ਹੈ।



ਰਿਪੋਰਟ ਦੇ ਮੁੱਖ ਹਾਈਲਾਈਟਸ:

**ਨਕਸ਼ੇ ਤੋਂ ਮਿਟਾਉਣ ਦੀ ਧਮਕੀ:** ਤਾਲਿਬਾਨੀ ਮੰਤਰੀ ਨੇ ਕਿਹਾ ਕਿ ਜੇਕਰ ਅਫਗਾਨਿਸਤਾਨ ਨੇ ਆਪਣੀਆਂ ਇਤਿਹਾਸਕ ਸਰਹੱਦਾਂ ਅਤੇ ਅਸਲ ਮੁੱਦਿਆਂ 'ਤੇ ਸਟੈਂਡ ਲਿਆ, ਤਾਂ ਦੁਨੀਆ ਦੇ ਨਕਸ਼ੇ 'ਤੇ ਪਾਕਿਸਤਾਨ ਦਾ ਨਾਮੋ-ਨਿਸ਼ਾਨ ਨਹੀਂ ਰਹੇਗਾ।

**ਡੂਰੰਡ ਲਾਈਨ ਨੂੰ ਨਕਾਰਿਆ:** ਸਟੈਨਿਕਜ਼ਈ ਨੇ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰਲੀ ਕੌਮਾਂਤਰੀ ਸਰਹੱਦ (Durand Line) ਨੂੰ 'ਨਕਲੀ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਨੇ ਇਸ ਲਾਈਨ ਨੂੰ ਕਦੇ ਸਵੀਕਾਰ ਨਹੀਂ ਕੀਤਾ ਅਤੇ ਨਾ ਹੀ ਕਦੇ ਕਰੇਗਾ।

**ਗ੍ਰੇਟਰ ਅਫਗਾਨਿਸਤਾਨ ਦਾ ਇਸ਼ਾਰਾ:** ਤਾਲਿਬਾਨ ਵੱਲੋਂ 'ਲੋਇਆ ਅਫਗਾਨਿਸਤਾਨ' (ਗ੍ਰੇਟਰ ਅਫਗਾਨਿਸਤਾਨ) ਦਾ ਜ਼ਿਕਰ ਕਰਦਿਆਂ ਪਾਕਿਸਤਾਨ ਦੇ ਕਈ ਹਿੱਸਿਆਂ 'ਤੇ ਆਪਣਾ ਹੱਕ ਜਤਾਉਣ ਦਾ ਇਸ਼ਾਰਾ ਕੀਤਾ ਗਿਆ ਹੈ।

**ਸਿੱਧੀ ਚੇਤਾਵਨੀ:** ਪਾਕਿਸਤਾਨੀ ਫੌਜ ਅਤੇ ਸਰਕਾਰ ਨੂੰ ਸੰਬੋਧਿਤ ਹੁੰਦਿਆਂ ਉਨ੍ਹਾਂ ਕਿਹਾ ਕਿ ਉਹ ਅਫਗਾਨਿਸਤਾਨ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣਾ ਤੁਰੰਤ ਬੰਦ ਕਰਨ, ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹਿਣ।

**ਕਿਉਂ ਵਧਿਆ ਵਿਵਾਦ ? :** ਪਿਛਲੇ ਕੁੱਝ ਸਮੇਂ ਤੋਂ ਪਾਕਿਸਤਾਨ ਵੱਲੋਂ ਅਫਗਾਨਿਸਤਾਨ ਤੋਂ ਹੋਣ ਵਾਲੀ ਘੁਸਪੈਠ ਅਤੇ ਅੱਤਵਾਦੀ ਹਮਲਿਆਂ ਦੇ ਦੋਸ਼ ਲਗਾਏ ਜਾ ਰਹੇ ਹਨ, ਜਿਸ ਦੇ ਜਵਾਬ ਵਿੱਚ ਤਾਲਿਬਾਨ ਹੁਣ ਹਮਲਾਵਰ ਰੁਖ ਅਖਤਿਆਰ ਕਰ ਰਿਹਾ ਹੈ। ਸਟੈਨਿਕਜ਼ਈ ਦਾ ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਦੋਵਾਂ ਦੇਸ਼ਾਂ ਦੀਆਂ ਸਰਹੱਦਾਂ 'ਤੇ ਤਣਾਅ ਚਰਮ 'ਤੇ ਹੈ।

ਇਹ ਬਿਆਨ ਸਿਰਫ਼ ਇੱਕ ਧਮਕੀ ਨਹੀਂ, ਸਗੋਂ ਪਾਕਿਸਤਾਨ ਲਈ ਇੱਕ ਵੱਡੀ ਭੂ-ਸਿਆਸੀ (Geopolitical) ਚੁਣੌਤੀ ਹੈ। ਜੇਕਰ ਤਾਲਿਬਾਨ ਆਪਣੇ ਦਾਅਵਿਆਂ 'ਤੇ ਅੱਗੇ ਵਧਦਾ ਹੈ, ਤਾਂ ਖਿੱਤੇ ਵਿੱਚ ਜੰਗ ਦੇ ਬੱਦਲ ਹੋਰ ਗੂੜ੍ਹੇ ਹੋ ਸਕਦੇ ਹਨ।

## ਅਲਵਿਦਾ ਨਾਗਰਿਕ ਅਧਿਕਾਰਾਂ ਦੇ ਮਸੀਹਾ

# ਰੈਵਰੈਂਡ ਜੈਸੀ ਜੈਕਸਨ ਦਾ 84 ਸਾਲ ਦੀ ਉਮਰ 'ਚ ਦੇਹਾਂਤ

ਸ਼ਿਕਾਗੋ: ਅਮਰੀਕਾ ਵਿੱਚ ਨਾਗਰਿਕ ਅਧਿਕਾਰਾਂ (Civil Rights) ਦੀ ਲਹਿਰ ਦੇ ਮਹਾਨ ਯੋਧੇ ਅਤੇ ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਕਰੀਬੀ ਸਾਥੀ, ਰੈਵਰੈਂਡ ਜੈਸੀ ਜੈਕਸਨ ਹੁਣ ਸਾਡੇ ਵਿਚਕਾਰ ਨਹੀਂ ਰਹੇ। 84 ਸਾਲ ਦੀ ਉਮਰ ਵਿੱਚ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨਾਲ ਪੂਰੀ ਦੁਨੀਆ ਵਿੱਚ ਸੋਗ ਦੀ ਲਹਿਰ ਹੈ। ਉਹ ਲੰਮੇ ਸਮੇਂ ਤੋਂ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਸਨ, ਪਰ ਉਨ੍ਹਾਂ ਦਾ ਹੌਸਲਾ ਆਖਰੀ ਸਾਹ ਤੱਕ ਬਰਕਰਾਰ ਰਿਹਾ।

ਇੱਕ ਇਤਿਹਾਸਕ ਸਫ਼ਰ: ਸੈਲਮਾ ਦੀਆਂ ਸੜਕਾਂ ਤੋਂ ਵ੍ਹਾਈਟ ਹਾਊਸ ਦੀ ਦੌੜ ਤੱਕ

ਜੈਸੀ ਜੈਕਸਨ ਦਾ ਜੀਵਨ ਹਿੰਮਤ ਅਤੇ ਦ੍ਰਿੜਤਾ ਦੀ ਇੱਕ ਅਦੁੱਤੀ ਮਿਸਾਲ ਸੀ। ਉਨ੍ਹਾਂ ਦੇ ਸਫ਼ਰ ਦੇ ਕੁਝ ਅਹਿਮ ਪਹਿਲੂ:

**ਡਾ. ਕਿੰਗ ਦੇ ਸਾਥੀ:** ਸਾਲ 1968 ਵਿੱਚ ਜਦੋਂ ਡਾ. ਮਾਰਟਿਨ ਲੂਥਰ ਕਿੰਗ ਦਾ ਕਤਲ ਹੋਇਆ, ਜੈਸੀ ਜੈਕਸਨ ਉਸ ਵੇਲੇ ਉਨ੍ਹਾਂ ਦੇ ਬਿਲਕੁਲ ਨਾਲ ਮੌਜੂਦ ਸਨ।

**ਵੋਟਿੰਗ ਅਧਿਕਾਰਾਂ ਦੀ ਲੜਾਈ:** 1965 ਵਿੱਚ ਉਨ੍ਹਾਂ ਨੇ 'ਸੈਲਮਾ' (Selma) ਮਾਰਚ ਵਿੱਚ ਹਿੱਸਾ ਲਿਆ, ਜੋ ਅਮਰੀਕੀ ਇਤਿਹਾਸ ਵਿੱਚ ਵੋਟਿੰਗ ਅਧਿਕਾਰਾਂ ਲਈ ਇੱਕ ਨਵਾਂ ਮੋੜ ਸਾਬਿਤ ਹੋਇਆ।




**Rainbow/PUSH ਗੱਠਜੋੜ:** ਉਨ੍ਹਾਂ ਨੇ ਇਸ ਸੰਸਥਾ ਰਾਹੀਂ ਗਰੀਬਾਂ, ਘੱਟ ਗਿਣਤੀਆਂ ਅਤੇ ਮਜ਼ਲੂਮਾਂ ਦੀ ਆਵਾਜ਼ ਨੂੰ ਹਮੇਸ਼ਾ ਬੁਲੰਦ ਰੱਖਿਆ।

**ਰਾਸ਼ਟਰਪਤੀ ਉਮੀਦਵਾਰ:** 1984 ਅਤੇ 1988 ਵਿੱਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਨਾਮਜ਼ਦਗੀ ਲਈ ਚੋਣ ਲੜ ਕੇ ਉਨ੍ਹਾਂ ਨੇ ਇਤਿਹਾਸ ਸਿਰਜਿਆ। ਬਰਾਕ ਓਬਾਮਾ ਤੋਂ ਪਹਿਲਾਂ ਉਹ ਸਭ ਤੋਂ ਸਫਲ ਅਫਰੀਕੀ-ਅਮਰੀਕੀ ਰਾਸ਼ਟਰਪਤੀ ਉਮੀਦਵਾਰ ਸਨ।

**ਸਰਵਉੱਚ ਸਨਮਾਨ:** ਮਨੁੱਖਤਾ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਲਈ ਉਨ੍ਹਾਂ ਨੂੰ ਅਮਰੀਕਾ ਦਾ ਸਰਵਉੱਚ ਨਾਗਰਿਕ ਸਨਮਾਨ 'ਪ੍ਰੈਜ਼ੀਡੈਂਸ਼ੀਅਲ ਮੈਡਲ ਆਫ਼ ਫਰੀਡਮ' ਪ੍ਰਦਾਨ ਕੀਤਾ ਗਿਆ ਸੀ।

"Keep Hope Alive" (ਉਮੀਦ ਨੂੰ ਜਿਉਂਦਾ ਰੱਖੋ) — ਇਹ ਸਿਰਫ਼ ਇੱਕ ਨਾਅਰਾ ਨਹੀਂ ਸੀ, ਬਲਕਿ ਜੈਸੀ ਜੈਕਸਨ ਦੇ ਜੀਵਨ ਦਾ ਫਲਸਫਾ ਸੀ। ਉਨ੍ਹਾਂ ਨੇ ਨਾ ਸਿਰਫ਼ ਕਾਲੇ ਲੋਕਾਂ ਦੇ ਹੱਕਾਂ ਲਈ ਲੜਾਈ ਲੜੀ, ਸਗੋਂ ਹਰ ਉਸ ਇਨਸਾਨ ਲਈ ਆਵਾਜ਼ ਉਠਾਈ ਜਿਸ ਨਾਲ ਅਨਿਆਂ ਹੋ ਰਿਹਾ ਸੀ। ਉਨ੍ਹਾਂ ਦਾ ਜਾਣਾ ਇੱਕ ਯੁੱਗ ਦਾ ਅੰਤ ਹੈ, ਪਰ ਉਨ੍ਹਾਂ ਦੀ 'ਉਮੀਦ' ਦੀ ਮਸ਼ਾਲ ਹਮੇਸ਼ਾ ਜਲਦੀ ਰਹੇਗੀ।

## 'ਕੀ ਤੁਸੀਂ ਆਪਣੇ ਘਰ ਜਾਂ ਕਾਰੋਬਾਰ ਲਈ ਬਿਜਲੀ ਦੇ ਖਰਚੇ ਘਟਾਉਣਾ ਚਾਹੁੰਦੇ ਹੋ ?'

SINGH SOLAR

EST. 2025

# High-performance Bifacial Smart Panels

ਜੋ ਤੁਹਾਡੀ ਊਰਜਾ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦਗਾਰ ਹਨ।

## Residential/Business



- ਉੱਚ ਗੁਣਵੱਤਾ ਵਾਲੇ ਸੋਲਰ ਪੈਨਲ
- ਪੇਸ਼ੇਵਰ ਇੰਸਟਾਲੇਸ਼ਨ
- ਭਾਰੀ ਬੱਚਤ ਦਾ ਮੌਕਾ

**510-706-1300 | singhsolarusa@gmail.com**

# ਪੰਜਾਬੀ ਦੇ ਵਿਕਾਸ ਦੀ ਜ਼ਿੰਮੇਵਾਰੀ ਸਾਂਝੀ: ਜਸਵੰਤ ਸਿੰਘ ਜ਼ਫ਼ਰ

## ਭਾਸ਼ਾ ਵਿਭਾਗ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਸਮਾਗਮ




ਪਟਿਆਲਾ : ਇਥੇ ਭਾਸ਼ਾ ਵਿਭਾਗ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਭਾਸ਼ਾ ਭਵਨ ਵਿੱਚ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਹੇਠ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ। ਸ੍ਰੀ ਜ਼ਫ਼ਰ ਨੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਭਾਸ਼ਾ ਕਿਸੇ ਵਿਅਕਤੀ ਵਿਸ਼ੇਸ਼ ਦੀ ਨਹੀਂ ਹੁੰਦੀ, ਸਗੋਂ ਇਹ ਵਿਸ਼ੇਸ਼ ਖਿੱਤੇ ਦੇ ਲੋਕਾਂ ਦੀ ਸਾਂਝੀ ਹੁੰਦੀ ਹੈ। ਇਸ ਕਰ ਕੇ ਇਸ ਦੇ ਵਿਕਾਸ ਦੀ ਜ਼ਿੰਮੇਵਾਰੀ ਵੀ ਸਭ ਦੀ ਸਾਂਝੀ ਹੁੰਦੀ ਹੈ। ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾ. ਸਤਨਾਮ ਸਿੰਘ ਸੰਧੂ ਨੇ 'ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ ਅਤੇ ਭਵਿੱਖ' 'ਤੇ ਵਿਸ਼ੇਸ਼ ਭਾਸ਼ਣ ਦਿੱਤਾ। ਸ੍ਰੀ ਸੰਧੂ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਇਸ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣਾ ਪਵੇਗਾ। ਸਾਰਥਕ ਰੰਗਮੰਚ ਪਟਿਆਲਾ ਵੱਲੋਂ ਡਾ. ਲੱਖਾ ਲਹਿਰੀ ਦੀ ਨਿਰਦੇਸ਼ਨਾ ਹੇਠ ਇੱਕ ਪਾਤਰੀ ਨਾਟਕ 'ਪੀੜ੍ਹੀ ਦਰ ਪੀੜ੍ਹੀ' ਖੇਡਿਆ ਗਿਆ। ਡਾ. ਬਲਵਿੰਦਰ ਸਿੰਘ ਲੱਖੇਵਾਲੀ ਅਤੇ ਡਾ. ਬ੍ਰਿਜ ਮੋਹਨ ਭਾਰਦਵਾਜ ਦੀ ਪੁਸਤਕ 'ਰੁੱਖ-ਬੂਟਿਆਂ ਦੀ ਵਰਣਮਾਲਾ' ਰਿਲੀਜ਼ ਕੀਤੀ ਗਈ, ਜਿਸ ਬਾਰੇ ਬਾਬਾ ਗੁਰਮੀਤ ਸਿੰਘ ਖੋਸਾ ਪਾਂਡੋ ਨੇ ਵਿਚਾਰ ਪੇਸ਼ ਕੀਤੇ। ਖੋਜ ਭਰਪੂਰ ਪੁਸਤਕ 'ਵਿਰਾਸਤ-ਏ-ਪੰਜਾਬ' ਲਈ ਡਾ. ਹਰਪ੍ਰੀਤ ਸਿੰਘ ਪ੍ਰੀਤ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਵਾਤਾਵਰਨ ਪ੍ਰੇਮੀ ਬਾਬਾ ਗੁਰਮੀਤ ਸਿੰਘ ਖੋਸਾ ਪਾਂਡੋ ਨੇ ਕਿਹਾ ਮਨੁੱਖ ਮਿੱਟੀ 'ਚੋਂ ਵੱਖ-ਵੱਖ ਤਰ੍ਹਾਂ ਦੇ ਤੱਤ ਹਾਸਲ ਕਰਦਾ ਹੈ। ਨਾਟਕ 'ਪੀੜ੍ਹੀ ਦਰ ਪੀੜ੍ਹੀ' ਰਾਹੀਂ ਮਾਪਿਆਂ ਅਤੇ ਔਲਾਦ ਵੱਲੋਂ ਇੱਕ-ਦੂਜੇ ਨੂੰ ਸਮਝਣ ਦੀ ਥਾਂ ਨੁਕਸ ਕੱਢਣ ਦੀ ਪ੍ਰਵਿਰਤੀ ਤੋਂ ਬਚਣ ਦਾ ਸੰਦੇਸ਼ ਦਿੱਤਾ ਗਿਆ। ਮੰਚ ਸੰਚਾਲਨ ਖੋਜ ਅਫਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ।

## ਅਨਿਲ ਅੰਬਾਨੀ ਨੂੰ ਲੱਗਿਆ ਵੱਡਾ ਝਟਕਾ

# 3716 ਕਰੋੜ ਰੁਪਏ ਦਾ ਘਰ ਹੋਇਆ ਕੁਰਕ

ਨਵੀਂ ਦਿੱਲੀ : ਐਨਫੋਰਸਮੈਂਟ ਡਾਇਰੈਕਟੋਰੇਟ ਨੇ ਬੁੱਧਵਾਰ ਨੂੰ ਦੱਸਿਆ ਕਿ ਉਸ ਨੇ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ ਦਾ ਮੁੰਬਈ ਸਥਿਤ ਘਰ 'ਅਬੋਡ' ਕੁਰਕ ਕਰ ਲਿਆ ਹੈ, ਜਿਸ ਦੀ ਕੀਮਤ 3,716 ਕਰੋੜ ਰੁਪਏ ਹੈ। ਇਹ ਕੁਰਕੀ ਅੰਬਾਨੀ (66) ਦੇ ਵੀਰਵਾਰ ਨੂੰ ਸੰਘੀ ਜਾਂਚ ਏਜੰਸੀ ਦੇ ਸਾਹਮਣੇ ਪੇਸ਼ ਹੋਣ ਤੋਂ ਇੱਕ ਦਿਨ ਪਹਿਲਾਂ ਹੋਈ ਹੈ, ਜਿੱਥੇ ਰਿਲਾਇੰਸ ਕਮਿਊਨੀਕੇਸ਼ਨਜ਼ (RCOM) ਨਾਲ ਜੁੜੇ ਕਥਿਤ ਬੈਂਕ ਲੋਨ ਧੋਖਾਧੜੀ ਦੇ ਮਾਮਲੇ ਵਿੱਚ ਉਨ੍ਹਾਂ ਤੋਂ ਦੂਜੇ ਦੌਰ ਦੀ ਪੁੱਛਗਿੱਛ ਕੀਤੇ ਜਾਣ ਦੀ ਉਮੀਦ ਹੈ।

ਮੁੰਬਈ ਦੇ ਪਾਲੀ ਹਿੱਲ ਇਲਾਕੇ ਵਿੱਚ ਸਥਿਤ ਇਹ ਆਲੀਸ਼ਾਨ ਘਰ 66 ਮੀਟਰ ਉੱਚਾ ਹੈ ਅਤੇ ਇਸ ਦੀਆਂ 17 ਮੰਜ਼ਿਲਾਂ ਹਨ। ਸੰਘੀ ਜਾਂਚ ਏਜੰਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਅੰਬਾਨੀ ਦੀ ਗਰੁੱਪ ਕੰਪਨੀ RCOM ਦੁਆਰਾ ਕੀਤੇ ਗਏ ਕਥਿਤ ਬੈਂਕ ਧੋਖਾਧੜੀ ਨਾਲ ਜੁੜੇ ਮਾਮਲੇ ਵਿੱਚ ਇਸ ਬਹੁ-ਮੰਜ਼ਿਲਾ ਘਰ ਨੂੰ ਕੁਰਕ ਕਰਨ ਲਈ ਮਨੀ ਲਾਂਡਰਿੰਗ ਰੋਕੂ ਐਕਟ (PMLA) ਤਹਿਤ ਇੱਕ ਆਰਜ਼ੀ ਹੁਕਮ ਜਾਰੀ ਕੀਤਾ ਗਿਆ ਹੈ। ਏਜੰਸੀ ਅਨੁਸਾਰ ਕੁਰਕ ਕੀਤੀ ਜਾਇਦਾਦ ਦੀ ਕੀਮਤ 3,716.83 ਕਰੋੜ ਰੁਪਏ ਹੈ। ਇਸ ਜਾਇਦਾਦ ਦਾ ਇੱਕ ਹਿੱਸਾ, ਜਿਸ ਦੀ ਕੀਮਤ 473.17 ਕਰੋੜ ਰੁਪਏ ਸੀ, ਨਵੰਬਰ 2025 ਵਿੱਚ ਵੀ 54 ਵੱਲੋਂ ਕੁਰਕ ਕੀਤਾ ਗਿਆ ਸੀ।

ਈਡੀ ਅਨੁਸਾਰ RCOM ਅਤੇ ਇਸ ਦੀਆਂ ਗਰੁੱਪ ਕੰਪਨੀਆਂ ਨੇ ਦੇਸ਼ ਅਤੇ ਵਿਦੇਸ਼ੀ ਬੈਂਕਾਂ ਤੋਂ ਕਰਜ਼ੇ ਲਏ ਸਨ, ਜਿਨ੍ਹਾਂ ਦੀ ਕੁੱਲ ਬਕਾਇਆ ਰਕਮ 40,185 ਕਰੋੜ ਰੁਪਏ ਹੈ। ਜਾਂਚ ਵਿੱਚ ਪਾਇਆ ਗਿਆ ਕਿ ਪਾਲੀ ਹਿੱਲ ਵਾਲੀ ਜਾਇਦਾਦ ਨੂੰ 'ਰਾਈਜ਼ ਈ




ਟਰੱਸਟ' (RiseE Trust) ਵਿੱਚ ਸ਼ਾਮਲ ਕੀਤਾ ਗਿਆ ਸੀ, ਜੋ ਅੰਬਾਨੀ ਦੇ ਪਰਿਵਾਰਕ ਮੈਂਬਰਾਂ ਦਾ ਇੱਕ ਨਿੱਜੀ ਟਰੱਸਟ ਹੈ।

ਏਜੰਸੀ ਨੇ ਦਾਅਵਾ ਕੀਤਾ ਕਿ ਅਜਿਹਾ ਇਸ ਲਈ ਕੀਤਾ ਗਿਆ ਤਾਂ ਜੋ ਇਹ ਦਿਖਾਇਆ ਜਾ ਸਕੇ ਕਿ ਅਨਿਲ ਅੰਬਾਨੀ ਇਸ ਵਿੱਚ ਸ਼ਾਮਲ ਨਹੀਂ ਹਨ ਅਤੇ ਇਸ ਜਾਇਦਾਦ ਨੂੰ ਉਨ੍ਹਾਂ ਦੀਆਂ ਨਿੱਜੀ ਦੇਣਦਾਰੀਆਂ ਤੋਂ ਬਚਾਇਆ ਜਾ ਸਕੇ। ਏਜੰਸੀ ਨੇ ਅੱਗੇ ਕਿਹਾ ਕਿ ਇਸ ਜਾਇਦਾਦ ਦਾ ਉਦੇਸ਼ ਅਨਿਲ ਅੰਬਾਨੀ ਦੇ ਪਰਿਵਾਰ ਦੁਆਰਾ ਲਾਭਕਾਰੀ ਵਰਤੋਂ ਕਰਨਾ ਸੀ ਨਾ ਕਿ ਉਨ੍ਹਾਂ ਜਨਤਕ ਬੈਂਕਾਂ ਲਈ ਜਿਨ੍ਹਾਂ ਦੇ ਕਰਜ਼ੇ ਐਨਪੀਏ (NPA) ਬਣ ਗਏ ਹਨ।

ਤਾਜ਼ਾ ਹੁਕਮਾਂ ਨਾਲ ਇਸ ਕੇਸ ਵਿੱਚ ਕੁੱਲ ਕੁਰਕੀ ਦੀ ਕੀਮਤ ਲਗਪਗ 15,700 ਕਰੋੜ ਰੁਪਏ ਹੋ ਗਈ ਹੈ। ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਹਾਲ ਹੀ ਵਿੱਚ ਅਨਿਲ ਧੀਰੂਭਾਈ ਅੰਬਾਨੀ ਗਰੁੱਪ (1417) ਵਿਰੁੱਧ ਕਥਿਤ ਬੈਂਕ ਧੋਖਾਧੜੀ ਦੇ ਮਾਮਲਿਆਂ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਗਈ ਹੈ।

# 160 ਸਾਲ ਪਹਿਲਾਂ 'ਲੁੱਟੇ' ਸ਼ਾਹੀ ਗਹਿਣਿਆਂ ਦੀ ਵਾਪਸੀ ਲਈ ਮਹਾਰਾਜਾ ਸ਼ੇਰ ਸਿੰਘ ਦੇ ਵਾਰਸ ਲੜਨਗੇ ਕਾਨੂੰਨੀ ਲੜਾਈ

ਅੰਮ੍ਰਿਤਸਰ: ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ ਦੇ ਮੌਜੂਦਾ ਵਾਰਿਸਾਂ ਨੇ ਲਗਭਗ 160 ਸਾਲ ਪਹਿਲਾਂ ਅੰਗਰੇਜ਼ ਸ਼ਾਸਕਾਂ ਵਲੋਂ ਉਨ੍ਹਾਂ ਦੇ ਵਡੇਰਿਆਂ ਤੋਂ 'ਲੁੱਟੇ' ਸ਼ਾਹੀ ਗਹਿਣਿਆਂ ਦੀ ਵਾਪਸੀ ਲਈ ਬ੍ਰਿਟੇਨ ਦੀਆਂ ਅਦਾਲਤਾਂ 'ਚ ਕਾਨੂੰਨੀ ਲੜਾਈ ਲੜਨ ਦਾ ਫ਼ੈਸਲਾ ਕੀਤਾ ਹੈ। ਦਰਅਸਲ, ਸਾਜਿਸ਼ਾਂ ਤਹਿਤ ਸਿੱਖ ਰਾਜ ਨੂੰ ਖ਼ਤਮ ਕਰਨ ਤੋਂ ਬਾਅਦ ਅੰਗਰੇਜ਼ ਸ਼ਾਸਕਾਂ ਦਾ ਮੁੱਖ ਉਦੇਸ਼ ਸਿੱਖ ਸ਼ਾਹੀ ਪਰਿਵਾਰ ਦੀ ਸ਼ਕਤੀ ਅਤੇ ਪ੍ਰਭਾਵ ਨੂੰ ਤੋੜਨਾ ਸੀ। ਖ਼ਾਸ ਤੌਰ 'ਤੇ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜਿੰਦ ਕੌਰ ਨੂੰ ਨਿਸ਼ਾਨਾ ਬਣਾਇਆ ਗਿਆ ਤਾਂ ਜੋ ਸਿੱਖ ਪ੍ਰਭੂਸੱਤਾ ਦੇ ਪੁਨਰ-ਉਥਾਨ ਨੂੰ ਰੋਕਿਆ ਜਾ ਸਕੇ। ਸੰਨ 1848 ਤੋਂ 1856 ਤੱਕ ਭਾਰਤ ਦੇ ਗਵਰਨਰ ਜਨਰਲ ਰਹੇ ਲਾਰਡ ਡਲਹੌਜ਼ੀ ਜੇਮਜ਼ ਐਂਡਰਿਊ ਰਾਮਸੇ ਨੇ ਸੰਨ 1849 ਦੀ ਦੂਜੀ ਐਂਗਲੋ-ਸਿੱਖ ਜੰਗ ਤੋਂ ਬਾਅਦ ਸਿੱਖ ਸਾਮਰਾਜ ਦੇ ਯੋਜਨਾਬੱਧ ਖ਼ਾਤਮੇ 'ਚ ਕੇਂਦਰੀ ਭੂਮਿਕਾ ਨਿਭਾਈ। 29 ਮਾਰਚ 1849 ਨੂੰ ਸਿੱਖ ਰਾਜ ਦਾ ਆਖ਼ਰੀ ਦਰਬਾਰ ਹੋਇਆ ਅਤੇ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਕੇ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ 'ਚ ਸ਼ਾਮਿਲ ਕਰ ਲਿਆ ਗਿਆ। ਲਾਰਡ ਡਲਹੌਜ਼ੀ ਵਲੋਂ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖ਼ਾਨੇ ਦੀ ਤਲਾਸ਼ੀ ਲੈਣ ਲਈ ਡਾਕਟਰ ਜੌਨ ਸਪੈਂਸਰ ਲੌਗਿਨ ਤੇ ਜੌਹਰੀ ਇੰਗਲੈਂਡ ਤੋਂ ਲਿਆਂਦੇ ਗਏ। ਸਿੱਖ ਰਾਜ ਵੇਲੇ ਤੋਸ਼ੇਖ਼ਾਨੇ ਦਾ ਇੰਚਾਰਜ ਮਿਸਰ ਬੇਲੀ ਰਾਮ ਸੀ, ਪਰ ਅਪ੍ਰੈਲ 1849 'ਚ ਪੰਜਾਬ 'ਤੇ ਬ੍ਰਿਟਿਸ਼ ਸਰਕਾਰ ਦੇ ਕਬਜ਼ੇ ਤੋਂ ਬਾਅਦ ਡਾ: ਜੌਨ ਲੌਗਿਨ ਨੂੰ 10 ਸਾਲਾ ਮਹਾਰਾਜਾ ਦਲੀਪ ਸਿੰਘ ਦਾ ਸਰਪ੍ਰਸਤ ਨਿਯੁਕਤ ਕਰਨ ਦੇ ਨਾਲ ਹੀ ਉਸ ਨੂੰ ਲਾਹੌਰ ਸ਼ਾਹੀ ਕਿਲ੍ਹੇ ਦੇ ਤੋਸ਼ੇਖ਼ਾਨੇ ਦਾ ਵੀ ਇੰਚਾਰਜ ਬਣਾ ਦਿੱਤਾ ਗਿਆ। ਤੋਸ਼ੇਖ਼ਾਨਿਆਂ ਸਮੇਤ ਕੋਹ-ਏ-ਨੂਰ ਹੀਰਾ ਵੀ ਉਸ ਦੀ ਦੇਖ-ਰੇਖ 'ਚ ਸੀ। ਮਹਾਰਾਜਾ ਦੇ ਤੋਸ਼ੇਖ਼ਾਨੇ 'ਚ ਜੋ ਹੀਰੇ ਜਵਾਹਰਾਤ ਸਨ ਉਨ੍ਹਾਂ ਦੀ ਜੌਹਰੀਆਂ ਕੋਲੋਂ ਕੀਮਤ ਪਵਾ ਕੇ ਸੂਚੀ ਰਜਿਸਟਰ 'ਚ ਦਰਜ ਕੀਤੀ ਗਈ। ਮਹਾਰਾਜਾ ਰਣਜੀਤ ਸਿੰਘ ਦੀਆਂ





ਰਾਣੀਆਂ ਤੋਂ ਸਾਰੇ ਸ਼ਾਹੀ ਗਹਿਣੇ ਅਸਥਾਈ ਤੌਰ 'ਤੇ ਹਥਿਆਉਣ ਬਾਅਦ ਮਹਾਰਾਜਾ ਸ਼ੇਰ ਸਿੰਘ ਦੀਆਂ ਰਾਣੀਆਂ ਦੇ ਤੋਸ਼ੇਖ਼ਾਨੇ ਦੀ ਵੀ ਤਲਾਸ਼ੀ ਲਈ ਗਈ। ਮਹਾਰਾਜਾ ਸ਼ੇਰ ਸਿੰਘ ਦੀ ਰਾਣੀ ਧਰਮ ਕੌਰ ਰੰਧਾਵੀ ਦੇ ਵਾਰਿਸਾਂ ਕੰਵਰ ਕਰਵਿੰਦਰ ਪਾਲ ਸਿੰਘ ਅਤੇ ਕੰਵਰ ਮੀਤਪਾਲ ਸਿੰਘ ਨੇ ਦਸਤਾਵੇਜ਼ੀ ਸਬੂਤ ਪੇਸ਼ ਕਰਦਿਆਂ ਦੱਸਿਆ ਕਿ ਲਾਰਡ ਡਲਹੌਜ਼ੀ ਦੇ ਆਦੇਸ਼ਾਂ 'ਤੇ ਲਾਹੌਰ 'ਚ ਰਾਣੀ ਰੰਧਾਵੀ ਦੀ ਹਵੇਲੀ 'ਚ ਮੌਜੂਦ ਤੋਸ਼ੇਖ਼ਾਨੇ ਦੀ ਤਲਾਸ਼ੀ ਲੈ ਕੇ ਸਾਰੇ ਗਹਿਣੇ 4 ਮੇਜ਼ਾਂ 'ਤੇ ਰੱਖਣ ਉਪਰੰਤ ਉਨ੍ਹਾਂ ਨੂੰ ਤੁਲਵਾਇਆ ਗਿਆ ਅਤੇ ਫਿਰ ਸਾਰੇ ਗਹਿਣਿਆਂ ਤੇ ਹੋਰ ਸਾਮਾਨ ਦੀ ਸੂਚੀ ਤਿਆਰ ਕੀਤੀ ਗਈ। ਕੰਵਰ ਕਰਵਿੰਦਰ ਪਾਲ ਸਿੰਘ ਮੁਤਾਬਿਕ ਸ਼ੁੱਧ ਗਹਿਣਿਆਂ ਦਾ ਵਜ਼ਨ 20 ਕਿੱਲੋ ਤੋਂ ਵੀ ਜ਼ਿਆਦਾ ਸੀ। ਉਸ ਵੇਲੇ ਮਹਾਰਾਜਾ ਰਣਜੀਤ ਸਿੰਘ, ਖੜਕ ਸਿੰਘ, ਸ਼ੇਰ ਸਿੰਘ ਅਤੇ ਕੁੰਵਰ ਨੌਨਿਹਾਲ ਸਿੰਘ ਦੀਆਂ ਸਾਰੀਆਂ ਰਾਣੀਆਂ ਤੋਂ ਗਹਿਣੇ ਲੈਣ ਸਮੇਂ ਇਹ ਭਰੋਸਾ ਦਿੱਤਾ ਗਿਆ ਕਿ ਰਾਜ ਦੇ ਹਾਲਾਤ ਸੁਧਰਨ 'ਤੇ ਉਨ੍ਹਾਂ ਦੇ ਗਹਿਣੇ ਅਤੇ ਹੋਰ ਸਾਰਾ ਕੀਮਤੀ ਸਾਮਾਨ ਵਾਪਸ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰਾਣੀ ਧਰਮ ਕੌਰ ਰੰਧਾਵੀ ਨੇ ਵੱਡੀ ਜੱਦੋ-ਜਹਿਦ ਕਰਕੇ 13 ਅਪ੍ਰੈਲ 1870 ਨੂੰ ਲਾਹੌਰ ਦੇ ਡਿਪਟੀ ਕਮਿਸ਼ਨਰ ਕੋਲੋਂ ਰਜਿਸਟਰ ਤੋਂ ਉਤਾਰਾ ਕਰਵਾ ਕੇ ਗਹਿਣਿਆਂ ਅਤੇ ਬਾਕੀ ਸਾਮਾਨ ਦੀ ਰਸੀਦ ਪ੍ਰਾਪਤ ਕਰ ਲਈ। ਉਨ੍ਹਾਂ ਨੇ ਕਿਹਾ ਕਿ ਰਾਣੀ ਆਪਣੇ ਗਹਿਣੇ ਵਾਪਸ ਲੈਣ ਲਈ ਇੰਗਲੈਂਡ 'ਚ ਕਾਨੂੰਨੀ ਲੜਾਈ ਲੜਨਾ ਚਾਹੁੰਦੀ ਸੀ, ਪਰ ਉਸ ਦਾ ਦਿਹਾਂਤ ਹੋ ਗਿਆ। ਇਸ ਤੋਂ ਬਾਅਦ ਕੰਵਰ ਕਰਵਿੰਦਰ ਪਾਲ ਸਿੰਘ, ਕੰਵਰ ਮੀਤ ਪਾਲ ਸਿੰਘ, ਸਾਬਕਾ ਏਅਰ ਮਾਰਸ਼ਲ ਕੰਵਰ ਦਲਿੰਦਰਜੀਤ ਸਿੰਘ ਅਤੇ ਕੰਵਰ ਦਵਿੰਦਰਪਾਲ ਸਿੰਘ ਵਲੋਂ 21 ਮਾਰਚ 2001 ਨੂੰ ਯੂਨਾਈਟਿਡ ਕਿੰਗਡਮ ਦੀ ਮਹਾਰਾਣੀ ਐਲਿਜ਼ਾਬੈੱਥ-2 ਨੂੰ ਪੱਤਰ ਭੇਜ ਕੇ ਰਾਣੀ ਧਰਮ ਕੌਰ ਰੰਧਾਵੀ ਦੇ ਸ਼ਾਹੀ ਗਹਿਣਿਆਂ ਸਮੇਤ ਮਸ਼ਹੂਰ ਕੋਹਿਨੂਰ ਹੀਰਾ, ਮਹਾਰਾਜਾ ਰਣਜੀਤ ਸਿੰਘ ਦਾ ਸੋਨੇ ਦਾ ਸਿੰਘਾਸਣ, ਗੁਰੂ ਗੋਬਿੰਦ ਸਿੰਘ ਜੀ ਦੀ ਕਲਗ਼ੀ, ਮਹਾਰਾਜਾ ਖੜਕ ਸਿੰਘ ਦਾ ਦੋ-ਧਾਰੀ ਸੁਨਹਿਰੀ ਖੰਡਾ ਅਤੇ ਮਹਾਰਾਜਾ ਸ਼ੇਰ ਸਿੰਘ ਦੀ ਹੀਰੇ ਨਾਲ ਜੜੀ ਪੇਟੀ ਵਾਪਸ ਦਿੱਤੇ ਜਾਣ ਦੀ ਮੰਗ ਕੀਤੀ ਗਈ। ਸਾਬਕਾ ਏਅਰ ਮਾਰਸ਼ਲ ਕੰਵਰ ਦਲਿੰਦਰਜੀਤ ਸਿੰਘ ਨੇ ਕਿਹਾ ਕਿ ਇਸ ਪੱਤਰ ਦੇ ਬਾਅਦ ਮਹਾਰਾਣੀ ਐਲਿਜ਼ਾਬੈੱਥ-2 ਨੇ 5 ਅਪ੍ਰੈਲ 2001 ਨੂੰ ਜਵਾਬੀ ਪੱਤਰ ਭੇਜ ਕੇ ਭਰੋਸਾ ਦਿੱਤਾ ਕਿ ਯੂ. ਕੇ. ਦੇ ਵਿਦੇਸ਼ ਮੰਤਰਾਲੇ ਵਲੋਂ ਇਸ ਮਾਮਲੇ ਬਾਰੇ ਗੱਲਬਾਤ ਕਰਕੇ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਯੂ.ਕੇ. ਵਲੋਂ ਅਗਾਂਹ ਇਸ ਬਾਰੇ ਕੋਈ ਪਹਿਲਕਦਮੀ ਨਾ ਕੀਤੇ ਜਾਣ 'ਤੇ ਉਨ੍ਹਾਂ ਨੇ ਹੁਣ ਸ਼ਾਹੀ ਗਹਿਣਿਆਂ ਅਤੇ ਹੋਰ ਕੀਮਤੀ ਸਾਮਾਨ ਦੀ ਵਾਪਸੀ ਲਈ ਯੂਨਾਈਟਿਡ ਕਿੰਗਡਮ ਦੀਆਂ ਅਦਾਲਤਾਂ 'ਚ ਕਾਨੂੰਨੀ ਲੜਾਈ ਲੜਨ ਦਾ ਫ਼ੈਸਲਾ ਕੀਤਾ ਹੈ। ਇਸ ਲਈ ਭਾਰਤ ਸਰਕਾਰ ਦਾ ਵੀ ਸਹਿਯੋਗ ਲਿਆ ਜਾਵੇਗਾ।

# ਸੁਲਤਾਨਪੁਰ ਲੋਧੀ ਵਿਖੇ ਗੈਂਗਸਟਰਾਂ ਵਿਰੁਧ ਮੁਹਿੰਮ 'ਚ ਸੁਲਤਾਨਪੁਰ ਲੋਧੀ ਪੁਲਿਸ ਨੂੰ ਮਿਲੀ ਵੱਡੀ ਸਫ਼ਲਤਾ

## ਹਥਿਆਰਾਂ ਸਮੇਤ 3 ਵਿਅਕਤੀ ਕੀਤੇ ਗ੍ਰਿਫ਼ਤਾਰ

ਸੁਲਤਾਨਪੁਰ ਲੋਧੀ :ਪੰਜਾਬ ਸਰਕਾਰ ਵੱਲੋਂ ਰਾਜ ਭਰ ਵਿੱਚ ਗੈਂਗਸਟਰਾਂ ਅਤੇ ਅਪਰਾਧਕ ਤੱਤਾਂ ਖ਼ ?ਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਥਾਣਾ ਸੁਲਤਾਨਪੁਰ ਲੋਧੀ ਪੁਲਿਸ ਨੇ ਮਹੱਤਵਪੂਰਨ ਸਫਲਤਾ ਹਾਸਲ ਕਰਦਿਆਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਹਰਗੁਰਦੇਵ ਸਿੰਘ ਨੇ ਦੱਸਿਆ ਕਿ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਸ੍ਰੀ ਗੌਰਵ ਤੂਰਾ, ਪੁਲਿਸ ਕਪਤਾਨ ਤਫਤੀਸ਼ ਸ੍ਰੀ ਪ੍ਰਭਜੋਤ ਸਿੰਘ ਅਤੇ ਸਹਾਇਕ ਪੁਲਿਸ ਕਪਤਾਨ ਸੁਲਤਾਨਪੁਰ ਲੋਧੀ ਸ੍ਰੀ ਧਰੇਂਦਰ ਵਰਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਥਾਣਾ ਮੁਖੀ ਇੰਸਪੈਕਟਰ ਹਰਿੰਦਰ ਸਿੰਘ ਦੀ ਅਗਵਾਈ ਵਿੱਚ ਪੁਲਿਸ ਟੀਮ ਨੇ ਇਹ ਕਾਰਵਾਈ ਅੰਜਾਮ ਦਿੱਤੀ। ਉਹਨਾਂ ਦੱਸਿਆ ਕਿ 15-02-2026 ਨੂੰ ਏਐਸਆਈ ਲਖਵਿੰਦਰਪਾਲ ਸਿੰਘ ਚੌਕੀ ਮੋਠਾਂਵਾਲ ਸਮੇਤ ਪੁਲਿਸ ਪਾਰਟੀ ਅੱਡਾ ਡਡਵਿੰਡੀ ਬੱਸ ਸਟੈਂਡ 'ਤੇ ਸਮਾਜ ਵਿਰੋਧੀ ਅਨਸਰਾਂ ਦੀ ਤਲਾਸ਼ ਵਿੱਚ ਮੌਜੂਦ ਸੀ। ਇਸ ਦੌਰਾਨ ਮੁਖਬਰ ਖਾਸ ਤੋਂ ਇਤਲਾਹ ਮਿਲੀ ਕਿ ਵਿਸ਼ਾਲ ਪੁੱਤਰ ਬੱਗਾ ਸਿੰਘ ਵਾਸੀ ਤਲਵੰਡੀ ਪਾਈ (ਥਾਣਾ ਕੋਤਵਾਲੀ ਕਪੂਰਥਲਾ) ਕੋਲ ਨਜਾਇਜ਼ ਅਸਲਾ ਹੈ ਅਤੇ ਉਸਦੇ ਮਾੜੇ ਤੱਤਾਂ ਨਾਲ ਸੰਬੰਧ ਹਨ।

ਇਤਲਾਹ ਦੇ ਆਧਾਰ 'ਤੇ ਪੁਲਿਸ ਨੇ ਮੁਕੱਦਮਾ



ਨੰਬਰ 35 ਮਿਤੀ 15-02-2026 ਧਾਰਾ 25-54-59 ਅਸਲਾ ਐਕਟ ਤਹਿਤ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਅਤੇ ਵਿਸ਼ਾਲ ਨੂੰ ਗ੍ਰਿਫਤਾਰ ਕਰ ਲਿਆ। ਉਸ ਪਾਸੋਂ 02 ਨਜਾਇਜ਼ ਪਿਸਟਲਾਂ ਅਤੇ 04 ਜਿੰਦਾ ਰੌਂਦਾਂ ਬਰਾਮਦ ਕੀਤੀਆਂ ਗਈਆਂ। ਪੁੱਛਗਿੱਛ ਦੌਰਾਨ ਵਿਸ਼ਾਲ ਨੇ ਖੁਲਾਸਾ ਕੀਤਾ ਕਿ ਉਸ ਨੇ ਇਹ ਪਿਸਟਲ ਮਨਪ੍ਰੀਤ ਸਿੰਘ ਉਰਫ ਮਾਪੀ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਪੰਮਣ (ਥਾਣਾ ਤਲਵੰਡੀ ਚੌਧਰੀਆਂ) ਪਾਸੋਂ ਕਰੀਬ ਇੱਕ ਮਹੀਨਾ ਪਹਿਲਾਂ 03 ਲੱਖ ਰੁਪਏ ਵਿੱਚ ਖਰੀਦੇ ਸਨ। ਪੁਲਿਸ ਨੇ ਮਨਪ੍ਰੀਤ ਸਿੰਘ ਉਰਫ ਮਾਪੀ ਨੂੰ ਗ੍ਰਿਫਤਾਰ ਕਰਕੇ ਉਸਦੇ ਪਾਸੋਂ ਇੱਕ ਹੋਰ ਵਿਦੇਸ਼ੀ ਪਿਸਟਲ ਮਾਰਕਾ ਬਰੇਟਾ .30 ਬੋਰ ਬਰਾਮਦ ਕੀਤਾ। ਅੱਗੇ ਦੀ ਜਾਂਚ ਦੌਰਾਨ ਅਮਨਦੀਪ ਸਿੰਘ ਉਰਫ ਅਮਨ ਪੁੱਤਰ ਦਲਬੀਰ ਸਿੰਘ ਵਾਸੀ ਪੰਮਣ ਨੂੰ ਵੀ ਨਾਮਜ਼ਦ ਕੀਤਾ ਗਿਆ, ਜੋ ਪਹਿਲਾਂ ਹੀ ਹੁਸ਼ਿਆਰਪੁਰ ਜੇਲ੍ਹ ਵਿੱਚ ਬੰਦ ਸੀ। ਪੁਲਿਸ ਨੇ ਉਸਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਤਿੰਨਾਂ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਹੈ ਅਤੇ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ ਤਾਂ ਜੋ ਅਸਲੇ ਦੀ ਸਪਲਾਈ ਚੇਨ, ਸੰਭਾਵਿਤ ਅਪਰਾਧਕ ਯੋਜਨਾਵਾਂ ਅਤੇ ਹੋਰ ਸਾਥੀਆਂ ਬਾਰੇ ਜਾਣਕਾਰੀ ਮਿਲ ਸਕੇ।


ਕਲਿ ਤਾਰਣਿ ਗੁਰੂ ਨਾਨਕ ਆਇਆ ॥
ਯਾਤਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ
YATRA SRI NANKANA SAHIB PAKISTAN
VAISAKHI 08th APR – 16th APR 2026
ਵੈਸਾਖੀ ੦੮ ਅਪ੍ਰੈਲ – ੧੬ ਅਪ੍ਰੈਲ ੨੦੨੬
ਪਾਕਿਸਤਾਨ ਵਿੱਚ 20 ਤੋਂ ਵੱਧ ਗੁਰਦੁਆਰਿਆਂ ਦੇ ਦਰਸ਼ਨ
Darshan of over 20 Gurdwara Sahib in Pakistan
ਗੈਲੈਕਸੀ ਟ੍ਰੈਵਲਸ ਯੂ.ਐਸ.ਏ. "ਯਾਤਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ —ਤੁਹਾਡਾ ਭਰੋਸਾ, ਸਾਡੀ ਸੇਵਾ ਦੀ ਸ਼ਾਨ !"
Galaxy Travels USA
“ Your trust is the pride of our seva!”
Galaxy
TRAVELS USA
AMARDEEP SINGH SABHARWAL
CEL: 209-518-1585 OFFICE: 209-956-2181
galaxytravelsusa@yahoo.com

# ਟਾਟਾ ਸਟੀਲ ਪਲਾਂਟ ਮਾਰਚ ਤੋਂ ਹੋਵੇਗਾ ਚਾਲੂ

## 2,500 ਤੋਂ ਵੱਧ ਨੌਜਵਾਨਾਂ ਨੂੰ ਮਿਲੇਗਾ ਰੁਜ਼ਗਾਰ: ਭਗਵੰਤ ਮਾਨ



ਚੰਡੀਗੜ੍ਹ : ਲੁਧਿਆਣਾ ਵਿੱਚ 3200 ਕਰੋੜ ਰੁਪਏ ਦੀ ਲਾਗਤ ਵਾਲਾ ਟਾਟਾ ਸਟੀਲ ਪਲਾਂਟ ਮਾਰਚ ਮਹੀਨੇ ਤੋਂ ਚਾਲੂ ਹੋ ਜਾਵੇਗਾ। ਇਹ ਗੱਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਟਾਟਾ ਸਟੀਲ ਦੇ ਉਪ-ਪ੍ਰਧਾਨ (ਲੌਂਗ ਪ੍ਰੋਡਕਟਸ) ਆਸ਼ੀਸ਼ ਅਨੁਪਮ ਅਤੇ ਕਾਰਪੋਰੇਟ ਮਾਮਲਿਆਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਤੋਂ ਬਾਅਦ ਕੀਤਾ ਹੈ। ਉਨ੍ਹਾਂ ਕਿਹਾ ਕਿ 115 ਏਕੜ ਵਿੱਚ ਫੈਲੇ ਇਸ ਪ੍ਰਾਜੈਕਟ ਵਿੱਚ ਸ਼ੁਰੂ ’ਚ ਲਗਪਗ 2,600 ਕਰੋੜ ਦੇ ਨਿਵੇਸ਼ ਦਾ ਅਨੁਮਾਨ ਸੀ, ਜੋ ਹੁਣ ਵਧ ਕੇ 3,200 ਕਰੋੜ ਹੋ ਗਿਆ ਹੈ। ਇਸ ਪਲਾਂਟ ਤੋਂ ਲਗਪਗ 2,500 ਵਿਅਕਤੀਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਇਸ ਮੌਕੇ ਕੈਬਨਿਟ ਮੰਤਰੀ ਸੰਜੀਵ ਅਰੋੜਾ, ਮੁੱਖ ਸਕੱਤਰ ਕੇ ਏ ਪੀ ਸਿਨਹਾ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਪੰਜਾਬ ਕੋਲ ਕਿਸੇ ਹੋਰ ਨੂੰ ਦੇਣ ਲਈ ਵਾਧੂ ਪਾਣੀ ਨਹੀਂ: ਭਗਵੰਤ ਮਾਨ

## ਫਿਰੋਜ਼ਪੁਰ ਫੀਡਰ ਨਹਿਰ ਮਾਲਵਾ ਖੇਤਰ ਦੀ ਜੀਵਨ ਰੇਖਾ ਦੱਸਿਆ; ਸਾਡੇ ਲਈ ਪੰਜਾਬ ਦੇ ਹਿੱਤ ਸਭ ਤੋਂ ਉੱਤੇ: ਮੁੱਖ ਮੰਤਰੀ



ਫਿਰੋਜ਼ਪੁਰ/ਮੱਖੂ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਫਿਰੋਜ਼ਪੁਰ ਫੀਡਰ ਨਹਿਰ ਦੇ ਨਵੀਨੀਕਰਨ ਦੇ ਪਹਿਲੇ ਪੜਾਅ ਦਾ ਉਦਘਾਟਨ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਇਹ ਇਤਿਹਾਸਕ ਕਦਮ ਸਿੱਧ ਹੋਵੇਗਾ।

ਇਸ ਨਹਿਰ ਨੂੰ ਮਾਲਵਾ ਖੇਤਰ ਦੀ ਜੀਵਨ ਰੇਖਾ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪ੍ਰਾਜੈਕਟ ਫਿਰੋਜ਼ਪੁਰ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਲਈ ਵਰਦਾਨ ਸਾਬਤ ਹੋਵੇਗਾ।

180 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰਾਜੈਕਟ ਨਾਲ ਇਸ ਨਹਿਰ ਦੀ ਸਮਰੱਥਾ ਵਿੱਚ 2681 ਕਿਊਸਿਕ ਦਾ ਵਾਧਾ ਹੋਇਆ ਹੈ ਜਿਸ ਨਾਲ ਇਸ ਦੀ ਸਮਰੱਥਾ 11,192 ਕਿਊਸਿਕ ਤੋਂ ਵਧ ਕੇ 13,873 ਕਿਊਸਿਕ ਹੋ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ 74 ਸਾਲਾਂ ਤੱਕ ਨਹਿਰ ਦੀ ਸਮਰੱਥਾ ਵਧਾਉਣ ਜਾਂ ਕੰਕਰੀਟ ਲਾਈਨਿੰਗ ਕਰਨ ਵਿੱਚ ਅਸਫਲ ਰਹੀਆਂ, ਪਰ ਮੌਜੂਦਾ ਸਰਕਾਰ ਨੇ ਜ਼ਮੀਨੀ ਪੱਧਰ ’ਤੇ ਵੱਡੇ ਸੁਧਾਰ ਕੀਤੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਦੀ ਸਰਕਾਰ ਨੇ ਸੱਤਾ ਸੰਭਾਲੀ ਸੀ ਤਾਂ ਪੰਜਾਬ ਦੇ ਖੇਤਾਂ ਤੱਕ ਸਿਰਫ਼ 21 ਨਹਿਰੀ ਪਾਣੀ ਪਹੁੰਚਦਾ ਸੀ, ਜਦੋਂ ਕਿ ਅੱਜ ਇਹ 68 ਫੀਸਦੀ ਤੱਕ ਪਹੁੰਚ ਗਿਆ ਹੈ, ਜਿਸ ਨਾਲ ਸੂਬੇ ਭਰ ਵਿੱਚ ਸਿੰਚਾਈ ਵਿਵਸਥਾ ਵਿੱਚ ਕ੍ਰਾਂਤੀਕਾਰੀ ਸੁਧਾਰ ਹੋਇਆ ਹੈ।

ਮੁੱਖ ਮੰਤਰੀ ਨੇ ਅੱਜ ਮੁੜ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤ ਸਭ ਤੋਂ ਉੱਪਰ ਹਨ ਅਤੇ ਕਿਸੇ ਹੋਰ ਸੂਬੇ ਨੂੰ ਪਾਣੀ ਦੀ ਇੱਕ ਬੂੰਦ ਵੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੇ ਅਕਾਲੀ ਦਲ ’ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜਿਸ ਪਾਰਟੀ ਨੂੰ ਕਮੇਟੀ ਬਣਾਉਣ ਲਈ 11 ਮੈਂਬਰ ਨਹੀਂ ਮਿਲ ਰਹੇ, ਉਹ ਪੰਜਾਬ ਵਿੱਚ 117 ਸੀਟਾਂ ਜਿੱਤਣ ਦਾ ਸੁਪਨਾ ਦੇਖ ਰਹੀ ਹੈ।

# ਪੰਜਾਬ ’ਚ ‘ਮੇਰੀ ਰਸੋਈ ਸਕੀਮ’ ਅਪਰੈਲ ਤੋਂ

## ਸੂਬੇ ਦੇ 40 ਲੱਖ ਪਰਿਵਾਰਾਂ ਨੂੰ ਮਿਲੇਗਾ ਮੁਫ਼ਤ ਰਾਸ਼ਨ; ਮਾਰਕਫੈੱਡ ਨੂੰ ਨੋਡਲ ਏਜੰਸੀ ਬਣਾਇਆ



ਚੰਡੀਗੜ੍ਹ : ਪੰਜਾਬ ਸਰਕਾਰ ਨੇ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੇ 40 ਲੱਖ ਪਰਿਵਾਰਾਂ ਨੂੰ ‘ਮੇਰੀ ਰਸੋਈ’ ਸਕੀਮ ਤਹਿਤ ਮੁਫ਼ਤ ਕਣਕ, ਦਾਲ, ਖੰਡ, ਸਰ੍ਹੋਂ ਦਾ ਤੇਲ, ਹਲਦੀ ਅਤੇ ਲੂਣ ਦੇਣ ਦਾ ਫ਼ੈਸਲਾ ਕੀਤਾ ਹੈ। ‘ਪੰਜਾਬ ਸਰਕਾਰ ਖੁਰਾਕ ਪ੍ਰੋਗਰਾਮ’ ਦੇ ਬੈਨਰ ਹੇਠ ਕੌਮੀ ਖੁਰਾਕ ਸੁਰੱਖਿਆ ਐਕਟ ਅਧੀਨ ਪਹਿਲਾਂ ਹੀ ਕਣਕ ਲੈ ਰਹੇ 40.48 ਲੱਖ ਪਰਿਵਾਰਾਂ ਨੂੰ ਹੁਣ ਸੂਬਾ ਸਰਕਾਰ ਵੱਲੋਂ ‘ਮੁਫ਼ਤ ਰਾਸ਼ਨ ਕਿੱਟ’ ਵੀ ਦਿੱਤੀ ਜਾਵੇਗੀ। ਰਾਸ਼ਨ ਕਿੱਟ ’ਚ ਦੋ ਕਿਲੋ ਦਾਲ, ਦੋ ਕਿਲੋ ਖੰਡ, ਇਕ ਲਿਟਰ ਸਰ੍ਹੋਂ ਦਾ ਤੇਲ, ਕਿਲੋ ਲੂਣ ਅਤੇ 200 ਗਰਾਮ ਹਲਦੀ ਦਿੱਤੀ ਜਾਵੇਗੀ। ਇਸ ਸਕੀਮ ਲਈ ਮਾਰਕਫੈੱਡ ਨੂੰ ਨੋਡਲ ਏਜੰਸੀ ਬਣਾਇਆ ਗਿਆ ਹੈ।

ਸਕੀਮ ਦੇ ਐਲਾਨ ਨਾਲ ਪੰਜਾਬ ਹੁਣ ਉਨ੍ਹਾਂ ਸੂਬਿਆਂ ’ਚ ਸ਼ੁਮਾਰ ਹੋ ਗਿਆ ਹੈ ਜਿੱਥੇ ਪਹਿਲਾਂ ਹੀ ਰਸੋਈ ਦਾ ਰਾਸ਼ਨ ਕਿਸੇ ਨਾ ਕਿਸੇ ਸਕੀਮ ਅਧੀਨ ਸਰਕਾਰਾਂ ਦੇ ਰਹੀਆਂ ਹਨ। ਕੇਂਦਰ ਸਰਕਾਰ ਨੇ ਉਜਵਲਾ ਸਕੀਮ ਤਹਿਤ ਗੈਸ ਕੁਨੈਕਸ਼ਨ ਤੇ ਸਿਲੰਡਰ ਆਦਿ ਦੇਣੇ ਸ਼ੁਰੂ ਕੀਤੇ ਸਨ। ਪੰਜਾਬ ’ਚ ਸਾਲ 2017 ’ਚ ਕਾਂਗਰਸ ਸਰਕਾਰ ਨੇ ‘ਸਸਤੀ ਰੋਟੀ’ ਸਕੀਮ ਸ਼ੁਰੂ ਕੀਤੀ ਸੀ ਜਿਸ ਦਾ ਬੋਝ ਦਾਨੀ ਸੱਜਣਾਂ ’ਤੇ ਪਾਇਆ ਗਿਆ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਜ਼ਾਰਤ ਦੀ ਮੀਟਿੰਗ ’ਚ ‘ਪੰਜਾਬ ਸਰਕਾਰ ਖੁਰਾਕ ਪ੍ਰੋਗਰਾਮ’ ਨੂੰ ਹਰੀ ਝੰਡੀ ਦੇਣ ਮਗਰੋਂ ਦੱਸਿਆ ਕਿ ਸੂਬੇ ਦੇ 40 ਲੱਖ ਪਰਿਵਾਰਾਂ ਨੂੰ ਪੌਸ਼ਟਿਕ ਭੋਜਨ ਦੇਣ ਅਤੇ ਬੱਚਿਆਂ ਦੇ ਕੁਪੋਸ਼ਣ ਦੇ ਮੱਦੇਨਜ਼ਰ ਇਹ ਫ਼ੈਸਲਾ ਕੀਤਾ ਗਿਆ ਹੈ। ਪੰਜਾਬ ਸਰਕਾਰ ਕਣਕ ਦੀ ਵੰਡ ਦੇ ਨਾਲ ਹਰ ਤਿਮਾਹੀ ਇੱਕ ਰਾਸ਼ਨ ਕਿੱਟ ਹਰ ਪਰਿਵਾਰ ਨੂੰ ਦੇਵੇਗੀ ਅਤੇ ਇਸ ਸਕੀਮ ਦੀ ਸ਼ੁਰੂਆਤ ਅਪਰੈਲ ਮਹੀਨੇ ਤੋਂ ਕੀਤੀ ਜਾਣੀ ਹੈ। ਨੀਲੇ ਕਾਰਡ ਧਾਰਕਾਂ ਨੂੰ ਪ੍ਰਤੀ ਮਹੀਨਾ ਪੰਜ ਕਿਲੋ ਕਣਕ ਪ੍ਰਤੀ ਵਿਅਕਤੀ ਅਤੇ ਤਿਮਾਹੀ ਦੀ 15 ਕਿਲੋ ਪ੍ਰਤੀ ਵਿਅਕਤੀ ਕਣਕ ਦਿੱਤੀ ਜਾਂਦੀ ਹੈ।

ਸੱਤਾਧਾਰੀ ਪਾਰਟੀ ਨੇ ਅਗਾਮੀ ਪੰਜਾਬ ਅਸੈਂਬਲੀ ਚੋਣਾਂ ਦੇ ਮੱਦੇਨਜ਼ਰ ਇਹ ਫ਼ੈਸਲਾ ਕੀਤਾ ਹੈ ਤਾਂ ਜੋ ਵੋਟਰਾਂ ਨੂੰ ਲੁਭਾ ਕੇ ਵੋਟ ਯਕੀਨੀ ਬਣਾਈ ਜਾ ਸਕੇ। ਆਮ ਆਦਮੀ ਪਾਰਟੀ ਇਸ ਵੇਲੇ ਇਕੱਲੇ ਪੰਜਾਬ ਵਿੱਚ ਹੀ ਸੱਤਾ ’ਚ ਹੈ। ਅਕਾਲੀ-ਭਾਜਪਾ ਸਰਕਾਰ ਨੇ ਸਾਲ 2007 ’ਚ ਆਟਾ ਦਾਲ ਸਕੀਮ ਸ਼ੁਰੂ ਕੀਤੀ ਸੀ ਜਿਸ ਤਹਿਤ 4 ਰੁਪਏ ਕਿਲੋ ਕਣਕ ਅਤੇ 20 ਰੁਪਏ ਕਿਲੋ ਛੋਲਿਆਂ ਦੀ ਦਾਲ ਪ੍ਰਤੀ ਮਹੀਨਾ ਦਿੱਤੀ ਜਾਂਦੀ ਸੀ। ਸਾਲ 2012 ’ਚ ਮੁੜ ਗੱਠਜੋੜ ਦੇ ਸੱਤਾ ’ਚ ਆਉਣ ਪਿੱਛੇ ਇਸੇ ਸਕੀਮ ਨੂੰ ਮੁੱਖ ਕਾਰਨ ਸਮਝਿਆ ਗਿਆ ਸੀ। ਪੰਜਾਬ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਕੌਮੀ ਖੁਰਾਕ ਸੁਰੱਖਿਆ ਐਕਟ ਤਹਿਤ ਕਣਕ ਲੈਣ ਵਾਲੇ ਕਰੀਬ 23 ਲੱਖ ਲਾਭਪਾਤਰੀ ਅਯੋਗ ਨਿੱਕਲੇ ਸਨ। ਪਿਛਲੇ ਸਾਲ ਅਗਸਤ ਮਹੀਨੇ ’ਚ ਮੁੱਖ ਮੰਤਰੀ ਦੀ ਰਿਹਾਇਸ਼ ’ਤੇ ‘ਮੇਰੀ ਰਸੋਈ’ ਸਕੀਮ ਬਾਰੇ ਚਰਚਾ ਹੋਈ ਸੀ। ਅੱਜ ਹੋਏ ਫ਼ੈਸਲੇ ਅਨੁਸਾਰ ਮਾਰਕਫੈੱਡ ਰਾਸ਼ਨ ਖ਼ਰੀਦਣ ਲਈ ਟੈਂਡਰ ਕਰੇਗਾ ਅਤੇ ਇਸ ਰਾਸ਼ਨ ਨੂੰ ਡੀਲਰ ਨਿਰਧਾਰਿਤ ਕੀਤੇ 100 ਗੁਦਾਮਾਂ/ ਕਵਰਡ ਸਟੋਰੇਜ ਕੇਂਦਰਾਂ ’ਤੇ ਜਮ੍ਹਾਂ ਕਰਾਉਣਗੇ। ਤਿਮਾਹੀ ਮੌਕੇ ਕਣਕ ਦੀ ਵੰਡ ਦੇ ਨਾਲ ਹੀ ਰਾਸ਼ਨ ਕਿੱਟਾਂ ਜਾਰੀ ਹੋਣਗੀਆਂ। ਸਪਲਾਇਰ ਵੱਲੋਂ ਹਰ ਉਤਪਾਦ ਦੀ ਵੱਖੋ-ਵੱਖਰੀ ਪੈਕਿੰਗ ਕੀਤੀ ਜਾਵੇਗੀ ਅਤੇ ਫਿਰ ਇਨ੍ਹਾਂ ਸਾਰੇ ਪੈਕਟਾਂ ਨੂੰ ਇੱਕ ਵੱਡੇ ਬੈਗ ’ਚ ਪੈਕ ਕੀਤਾ ਜਾਵੇਗਾ। ਬੈਗ ਦੀ ਬ੍ਰਾਂਡਿੰਗ ਮਾਰਕਫੈੱਡ ਵੱਲੋਂ ਸਪਲਾਇਰ ਤੋਂ ਕਰਵਾਈ ਜਾਵੇਗੀ। ਰਾਸ਼ਨ ਸਪਲਾਈ ਕਰਨ ਵਾਲੇ ਡੀਲਰਾਂ ਵਾਸਤੇ ਹਰ ਤਿਮਾਹੀ 250 ਕਰੋੜ ਰੁਪਏ ਜਾਰੀ ਕੀਤੇ ਜਾਣਗੇ। ‘ਆਪ’ ਸਰਕਾਰ ਨੇ ਸੱਤਾ ’ਚ ਆਉਣ ਮਗਰੋਂ ਪੰਜਾਬ ’ਚ ਅਨਾਜ ਦੀ ਹੋਮ ਡਲਿਵਰੀ ਦਾ ਫ਼ੈਸਲਾ ਕੀਤਾ ਸੀ ਪਰ ਮਗਰੋਂ ਕਾਨੂੰਨੀ ਅੜਿੱਕਿਆਂ ਕਰ ਕੇ ਅਮਲ ’ਚ ਨਹੀਂ ਆ ਸਕਿਆ।

# ਸਿਆਸੀ ਚੋਗ਼ਾ: ਪੰਜਾਬ ‘ਸਸਤੀ ਰੋਟੀ’ ਤੋਂ ‘ਮੇਰੀ ਰਸੋਈ’ ਤੱਕ

## ਮੇਰੀ ਰਸੋਈ ਲਈ 950 ਕਰੋੜ ਦਾ ਬਜਟ ਰੱਖੇਗੀ ਸਰਕਾਰ; ਪਹਿਲੇ ਵਰ੍ਹੇ ਹੀ ਮੁੱਕ ਗਈ ਸੀ ਕਾਂਗਰਸ ਦੀ ‘ਸਸਤੀ ਰੋਟੀ’



ਚੰਡੀਗੜ੍ਹ : ਪੰਜਾਬ ਹੁਣ ‘ਸਸਤੀ ਰੋਟੀ’ ਤੋਂ ‘ਮੇਰੀ ਰਸੋਈ’ ਤੱਕ ਪੁੱਜ ਗਿਆ ਹੈ, ਜਦੋਂ ਕਾਂਗਰਸੀ ਹਕੂਮਤ ਸੀ ਤਾਂ ਪਹਿਲੀ ਕੈਬਨਿਟ ਮੀਟਿੰਗ ’ਚ ਹੀ ‘ਸਸਤੀ ਰੋਟੀ’ ਸਕੀਮ ਨੂੰ 18 ਮਾਰਚ 2017 ਨੂੰ ਹਰੀ ਝੰਡੀ ਦਿੱਤੀ ਗਈ ਸੀ। ਅਮਰਿੰਦਰ ਸਰਕਾਰ ਨੇ ਉਸ ਵਕਤ ਲਹਿੰਦੇ ਪੰਜਾਬ ਦੀ ਸਰਕਾਰ ਦੀ ਤਰਜ਼ ’ਤੇ ‘ਸਸਤੀ ਰੋਟੀ’ ਸਕੀਮ ਲਿਆਂਦੀ ਸੀ, ਜੋ ਥੋੜ੍ਹੇ ਸਮੇਂ ਮਗਰੋਂ ਹੀ ਦਮ ਤੋੜ ਗਈ। ਕਾਂਗਰਸ ਸਰਕਾਰ ਨੇ ਪਹਿਲੇ ਵਿੱਤੀ ਵਰ੍ਹੇ ਦੌਰਾਨ ‘ਸਸਤੀ ਰੋਟੀ’ ਰੈੱਡ ਕਰਾਸ ਦਫ਼ਤਰਾਂ ਦੇ ਹਵਾਲੇ ਕਰ ਦਿੱਤੀ ਸੀ।

ਕਾਂਗਰਸ ਸਰਕਾਰ ਨੇ ਪਹਿਲੇ ਸਾਲ ’ਚ ਹੀ ਦਾਨੀਆਂ ਦਾ ਆਸਰਾ ਤੱਕਿਆ ਅਤੇ ਰੈੱਡ ਕਰਾਸ ਦਫ਼ਤਰਾਂ ਨੂੰ ਸਸਤੀ ਰੋਟੀ ਸਕੀਮ ਨੂੰ ਜਾਰੀ ਰੱਖਣ ਲਈ ਪਾਪੜ ਵੇਲਣੇ ਪਏ। ਡਿਪਟੀ ਕਮਿਸ਼ਨਰ ਸਰਕਾਰ ਨੂੰ ‘ਸਸਤੀ ਰੋਟੀ’ ਸਕੀਮ ਲਈ ਫ਼ੰਡ ਲੈਣ ਲਈ ਤਰਲੇ ਮਾਰਦੇ ਰਹੇ ਪ੍ਰੰਤੂ ਜ਼ਿਲ੍ਹਿਆਂ ਨੂੰ ਬਹੁਤੇ ਫ਼ੰਡ ਨਸੀਬ ਨਾ ਹੋਏ। ਡਿਪਟੀ ਕਮਿਸ਼ਨਰਾਂ ਨੇ ਕਾਰੋਬਾਰੀ ਲੋਕਾਂ ਦੇ ਬੂਹੇ ਖੜਕਾਏ ਅਤੇ ਕੁਝ ਸਮਾਂ ਇਹ ਸਕੀਮ ਜਾਰੀ ਰਹਿ ਸਕੀ। ਮੌਜੂਦਾ ਸਰਕਾਰ ਨੇ ‘ਮੇਰੀ ਰਸੋਈ’ ਸਕੀਮ ਨੂੰ ਅੱਜ ਪ੍ਰਵਾਨਗੀ ਦਿੱਤੀ ਹੈ ਅਤੇ ਸਕੀਮ ਲਈ 950 ਕਰੋੜ ਦਾ ਬਜਟ ਵੀ ਰੱਖਿਆ ਜਾ ਰਿਹਾ ਹੈ। ਪੰਜਾਬ ਦੇ 40 ਲੱਖ ਪਰਿਵਾਰਾਂ ਨੂੰ ‘ਮੇਰੀ ਰਸੋਈ’ ਸਕੀਮ ਤਹਿਤ ਮੁਫ਼ਤ ’ਚ ਖੰਡ, ਦਾਲ, ਨਮਕ, ਹਲਦੀ ਤੇ ਤੇਲ ਦਿੱਤਾ ਜਾਣਾ ਹੈ।

ਅਕਾਲੀ ਭਾਜਪਾ ਗੱਠਜੋੜ ਨੇ ਸਾਲ 2007 ’ਚ ਆਟਾ ਦਾਲ ਸਕੀਮ ਸ਼ੁਰੂ ਕੀਤੀ ਸੀ ਅਤੇ ਸਾਲ 2012 ’ਚ ਮੁੜ ਸੱਤਾ ’ਚ ਆਉਣ ਲਈ ਗੱਠਜੋੜ ਨੂੰ ਇਹ ਸਕੀਮ ਸਹਾਈ ਹੋਈ ਸੀ। ਇਹ ਵੱਖਰੀ ਗੱਲ ਹੈ ਕਿ ਇਸ ਸਕੀਮ ਨੇ ਖ਼ਰੀਦ ਏਜੰਸੀਆਂ ’ਤੇ 900 ਕਰੋੜ ਤੋਂ ਜ਼ਿਆਦਾ ਦਾ ਕਰਜ਼ਾ ਚਾੜ੍ਹ ਦਿੱਤਾ ਸੀ, ਜਿਸ ਦਾ ਅੱਜ ਸਾਲਾਨਾ ਵਿਆਜ ਵੀ ਕਰੋੜਾਂ ’ਚ ਤਾਰਿਆ ਜਾ ਰਿਹਾ ਹੈ।

ਕਾਂਗਰਸ ਨੇ 2017 ’ਚ ਚੋਣਾਂ ਵੇਲੇ ਚਾਹ ਪੱਤੀ ਦੇਣ ਦੀ ਗੱਲ ਕੀਤੀ ਸੀ ਅਤੇ ਫੂਡ ਕੰਟੀਨਾਂ ਖੋਲ੍ਹਣ ਦਾ ਵਾਅਦਾ ਕੀਤਾ ਸੀ ਜਿੱਥੇ ਪੰਜ ਰੁਪਏ ਦੀ ਥਾਲੀ ਮਿਲਣੀ ਸੀ। ਪੰਜਾਬ ’ਚ ਇਸ ਵੇਲੇ 40.48 ਲੱਖ ਰਾਸ਼ਨ ਕਾਰਡ ਹਨ ਜਿਨ੍ਹਾਂ ’ਤੇ 1.52 ਕਰੋੜ ਲਾਭਪਾਤਰੀ ਦਰਜ ਹਨ। ਸਾਲ 2013 ’ਚ ਤਾਮਿਲਨਾਡੂ ’ਚ ਜੈਲਲਿਤਾ ਨੇ ‘ਅੰਮਾ ਕੰਟੀਨ’ ਦੀ ਸ਼ੁਰੂਆਤ ਕੀਤੀ ਸੀ ਅਤੇ ਉੜੀਸਾ ਨੇ ‘ਆਹਾਰ’ ਨਾਮ ਦੀ ਸਕੀਮ ਦੀ ਸ਼ੁਰੂਆਤ ਕੀਤੀ ਸੀ। ਕਰੀਬ ਇੱਕ ਸਾਲ ਪਹਿਲਾਂ 10 ਜਨਵਰੀ 2025 ਨੂੰ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ’ਚ ‘ਮਾਂ ਕੀ ਰਸੋਈ’ ਨਾਮ ਦੀ ਸਕੀਮ ਦਾ ਉਦਘਾਟਨ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕੀਤਾ ਸੀ।

ਰਾਜਸਥਾਨ ’ਚ ਕਾਂਗਰਸ ਸਰਕਾਰ ਨੇ ‘ਕੋਈ ਵੀ ਨਾ ਸੌਂਵੇਂ ਭੁੱਖਾ’ ਦੇ ਨਾਅਰੇ ਹੇਠ ‘ਇੰਦਰਾ ਕੰਟੀਨ’ ਦੀ ਸ਼ੁਰੂਆਤ ਕੀਤੀ ਸੀ ਜਿਸ ਤਹਿਤ ਅੱਠ ਰੁਪਏ ਪ੍ਰਤੀ ਥਾਲੀ ਕੀਮਤ ਤੈਅ ਕੀਤੀ ਗਈ ਸੀ। ਜਦੋਂ ਰਾਜਸਥਾਨ ’ਚ ਭਾਜਪਾ ਸਰਕਾਰ ਬਣੀ ਤਾਂ ਇਸ ਸਕੀਮ ਦਾ ਨਾਮ ਬਦਲ ਕੇ ‘ਸ੍ਰੀ ਅੰਨਾਪੂਰਨਾ ਰਸੋਈ’ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਮੱਧ ਪ੍ਰਦੇਸ਼ ’ਚ ਵੀ ‘ਦੀਨ ਦਿਆਲ ਰਸੋਈ ਯੋਜਨਾ’ ਚੱਲ ਰਹੀ ਹੈ ਜੋ ਕਿ ਸਾਲ 2017 ’ਚ ਸ਼ੁਰੂ ਕੀਤੀ ਗਈ ਸੀ। ਸ਼ਹਿਰੀ ਖੇਤਰ ਦੇ ਵਰਕਰਾਂ ਨੂੰ ਪੰਜ ਰੁਪਏ ’ਚ ਥਾਲੀ ਦਿੱਤੀ ਜਾਂਦੀ ਹੈ।

ਉੜੀਸਾ ’ਚ ਦਸੰਬਰ 2024 ’ਚ ਡਰਾਈਵਰਾਂ ਨੂੰ ਸਰਕਾਰ ਨੇ ਮੁਫ਼ਤ ’ਚ ਚਾਹ ਪਿਲਾਉਣ ਦੀ ਯੋਜਨਾ ਸ਼ੁਰੂ ਕੀਤੀ ਸੀ ਜਿਸ ਤਹਿਤ ਕੌਮੀ ਸੜਕ ਮਾਰਗਾਂ ’ਤੇ ਪੈਂਦੇ ਢਾਬਿਆਂ ’ਤੇ ਲੰਮੇ ਸਫ਼ਰ ’ਤੇ ਚੱਲਣ ਵਾਲੇ ਡਰਾਈਵਰਾਂ ਨੂੰ ਮੁਫ਼ਤ ਚਾਹ ਪਿਲਾਈ ਜਾਂਦੀ ਸੀ। ਤ੍ਰਿਪੁਰਾ ਦੇ ਅਗਰਤਲਾ ਕਾਰਪੋਰੇਸ਼ਨ ਦੇ ਖੇਤਰ ’ਚ ਟੀ ਸਟਾਲ ਵਾਲਿਆਂ ਨੂੰ ਮੁਫ਼ਤ ’ਚ ਸਰਕਾਰ ਨੇ ਕੱਪ ਵੰਡੇ ਸਨ। ਪੰਜਾਬ ’ਚ ਪਹਿਲੀ ਵਾਰ ‘ਮੇਰੀ ਰਸੋਈ’ ਸਕੀਮ ਤਹਿਤ ਮੁਫ਼ਤ ’ਚ ਰਾਸ਼ਨ ਦੇਣ ਦੀ ਯੋਜਨਾ ਆਈ ਹੈ, ਜੋ ‘ਆਪ’ ਸਰਕਾਰ ਦਾ ਨਵਾਂ ਤਜਰਬਾ ਹੈ।



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

'ਡਾ. ਗੁਰਿੰਦਰ ਸਿੰਘ ਗ੍ਰੇਵਾਲ ਇੱਕ ਪ੍ਰਬੁੱਧ ਵਿਦਵਾਨ ਅਤੇ ਵਿਸ਼ਲੇਸ਼ਕ ਹਨ, ਜਿਨ੍ਹਾਂ ਦਾ ਕੰਮ ਅੰਤਰਰਾਸ਼ਟਰੀ ਰਾਜਨੀਤੀ, ਮਨੁੱਖੀ ਅਧਿਕਾਰਾਂ ਅਤੇ ਰਾਸ਼ਟਰੀ ਸੁਰੱਖਿਆ ਦੇ ਗੁੰਝਲਦਾਰ ਸੁਮੇਲ 'ਤੇ ਕੇਂਦਰਿਤ ਹੈ। ਇਸ ਖੋਜ-ਭਰਪੂਰ ਲੇਖ ਵਿੱਚ, ਡਾ. ਗ੍ਰੇਵਾਲ ਨੇ ਬਹੁਤ ਹੀ ਬਾਰੀਕੀ ਨਾਲ 'ਰਾਜਕੀ ਅੱਤਵਾਦ' (State Terrorism) ਅਤੇ 'ਅੰਤਰਰਾਸ਼ਟਰੀ ਦਮਨ' (Transnational Repression) ਵਰਗੇ ਗੰਭੀਰ ਵਿਸ਼ਿਆਂ ਦੀ ਪੜਚੋਲ ਕੀਤੀ ਹੈ। ਉਨ੍ਹਾਂ ਦਾ ਇਹ ਵਿਸ਼ਲੇਸ਼ਣ ਖਾਸ ਤੌਰ 'ਤੇ ਭਾਰਤ ਦੇ ਮੌਜੂਦਾ ਵਿਦੇਸ਼ੀ ਅਤੇ ਸੁਰੱਖਿਆ ਨੀਤੀਆਂ ਦੇ ਸੰਦਰਭ ਵਿੱਚ ਹੈ, ਜਿੱਥੇ ਉਹ ਨਿਖਿਲ ਗੁਪਤਾ ਅਤੇ ਹਰਦੀਪ ਸਿੰਘ ਨਿੱਝਰ ਵਰਗੇ ਹਾਈ-ਪ੍ਰੋਫਾਈਲ ਮਾਮਲਿਆਂ ਦੀ ਤੁਲਨਾ ਰੂਸ, ਸਾਊਦੀ ਅਰਬ ਅਤੇ ਈਰਾਨ ਵਰਗੇ ਦੇਸ਼ਾਂ ਦੇ ਇਤਿਹਾਸਕ ਪੈਟਰਨਾਂ ਨਾਲ ਕਰਦੇ ਹਨ। ਡਾ. ਗ੍ਰੇਵਾਲ ਇਸ ਲੇਖ ਰਾਹੀਂ ਪਾਠਕਾਂ ਨੂੰ ਇੱਕ ਅਜਿਹੀ ਬਹਿਸ ਵੱਲ ਲੈ ਜਾਂਦੇ ਹਨ ਜੋ ਨਾ ਸਿਰਫ਼ ਅਕਾਦਮਿਕ ਹੈ, ਸਗੋਂ ਵਿਸ਼ਵ ਪੱਧਰ 'ਤੇ ਲੋਕਤੰਤਰੀ ਜਵਾਬਦੇਹੀ ਅਤੇ ਪ੍ਰਭੂਸੱਤਾ ਦੀਆਂ ਹੱਦਾਂ ਨੂੰ ਮੁੜ-ਪਰਿਭਾਸ਼ਿਤ ਕਰਦੀ ਹੈ। ਉਨ੍ਹਾਂ ਦੀ ਲਿਖਤ ਰਾਜਨੀਤੀ ਵਿਗਿਆਨ ਦੇ ਸਿਧਾਂਤਾਂ ਅਤੇ ਮੌਜੂਦਾ ਭੂ-ਰਾਜਨੀਤਿਕ (Geopolitical) ਹਕੀਕਤਾਂ ਵਿਚਕਾਰ ਇੱਕ ਮਹੱਤਵਪੂਰਨ ਪੁਲ ਦਾ ਕੰਮ ਕਰਦੀ ਹੈ। ਇਸ ਹਫਤੇ ਅਸੀ ਉਹਨਾ ਦਾ ਅੰਤਰਰਾਸ਼ਟਰੀ ਦਮਨ ਉਪਰ ਖੋਜ ਭਰਭੂਰ ਇਤਿਹਾਸਕ ਦਸਤਾਵੇਜ਼ ਰਾਜਕੀ ਅੱਤਵਾਦ, ਅੰਤਰਰਾਸ਼ਟਰੀ ਦਮਨ ਅਤੇ ਸਮਕਾਲੀ ਅੰਤਰਰਾਸ਼ਟਰੀ ਪ੍ਰਣਾਲੀ 'ਸਾਡੇ ਲੋਕ' ਦੇ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਫ਼ਖਰ ਮਹਿਸੂਸ ਕਰ ਰਹੇ ਹਾਂ।' — ਸਤਨਾਮ ਸਿੰਘ ਖਾਲਸਾ

# ਰਾਜਕੀ ਅੱਤਵਾਦ, ਅੰਤਰਰਾਸ਼ਟਰੀ ਦਮਨ ਅਤੇ ਸਮਕਾਲੀ ਅੰਤਰਰਾਸ਼ਟਰੀ ਪ੍ਰਣਾਲੀ

## *ਇਹ ਰਿਪੋਰਟ ਰਾਜਕੀ ਅੱਤਵਾਦ (State Terrorism), ਅੰਤਰਰਾਸ਼ਟਰੀ ਦਮਨ (Transnational Repression) ਅਤੇ ਭਾਰਤ ਦੇ ਸੰਦਰਭ ਵਿੱਚ ਮੌਜੂਦਾ ਅੰਤਰਰਾਸ਼ਟਰੀ ਪ੍ਰਣਾਲੀ ਦੀ ਪੜਚੋਲ ਕਰਦਾ ਖੋਜ ਭਰਭੂਰ ਇਤਿਹਾਸਕ ਦਸਤਾਵੇਜ਼*

ਰਾਜਕੀ ਅੱਤਵਾਦ ਤੋਂ ਭਾਵ ਹੈ ਸਰਕਾਰ ਦੁਆਰਾ ਆਪਣੇ ਨਾਗਰਿਕਾਂ ਜਾਂ ਵਿਰੋਧੀਆਂ ਵਿਰੁੱਧ ਹਿੰਸਾ ਜਾਂ ਡਰਾਉਣ-ਧਮਕਾਉਣ ਦੀ ਵਰਤੋਂ ਕਰਨਾ ਤਾਂ ਜੋ ਕੰਟਰੋਲ ਬਣਾਈ ਰੱਖਿਆ ਜਾ ਸਕੇ ਅਤੇ ਅਸਹਿਮਤੀ ਨੂੰ ਦਬਾਇਆ ਜਾ ਸਕੇ। ਗੈਰ-ਸਰਕਾਰੀ ਅੱਤਵਾਦ ਦੇ ਉਲਟ, ਰਾਜਕੀ ਅੱਤਵਾਦ ਵਿੱਚ ਖੁਫੀਆ ਏਜੰਸੀਆਂ ਜਾਂ ਸੁਰੱਖਿਆ ਬਲਾਂ ਵਰਗੀਆਂ ਸੰਸਥਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ।

**ਰੂਥ ਬਲੇਕਲੀ ਅਨੁਸਾਰ:** 'ਰਾਜਕੀ ਕਾਰਕੁੰਨਾਂ ਦੁਆਰਾ ਉਹਨਾਂ ਵਿਅਕਤੀਆਂ ਵਿਰੁੱਧ ਹਿੰਸਾ ਅਤੇ ਡਰ ਪੈਦਾ ਕਰਨਾ ਜਿਨ੍ਹਾਂ ਨੂੰ ਰਾਜ ਆਪਣੇ ਸਿਆਸੀ ਵਿਰੋਧੀ ਜਾਂ ਖ਼ਤਰਾ ਮੰਨਦਾ ਹੈ।'

**ਮਾਈਕਲ ਸਟੋਲ ਅਨੁਸਾਰ:** ਰਾਜਕੀ ਅੱਤਵਾਦ ਦਾ ਮੁੱਖ ਲੱਛਣ ਸਿਰਫ਼ ਹਿੰਸਾ ਨਹੀਂ, ਸਗੋਂ ਡਰ ਦਾ ਸਿਆਸੀ ਸੰਦੇਸ਼ ਦੇਣਾ ਹੈ—ਯਾਨੀ ਦੁਨੀਆ ਨੂੰ ਇਹ ਦਿਖਾਉਣਾ ਕਿ ਵਿਰੋਧ ਕਰਨ ਦਾ ਨਤੀਜਾ ਜਾਨਲੇਵਾ ਹੋ ਸਕਦਾ ਹੈ।

**ਅੰਤਰਰਾਸ਼ਟਰੀ ਦਮਨ:** ਇਸ ਦਾ ਅਰਥ ਹੈ ਵਿਦੇਸ਼ਾਂ ਵਿੱਚ ਰਹਿ ਰਹੇ ਵਿਰੋਧੀਆਂ ਦੀ ਨਿਗਰਾਨੀ ਕਰਨਾ, ਉਹਨਾਂ ਨੂੰ ਧਮਕਾਉਣਾ ਜਾਂ ਉਹਨਾਂ 'ਤੇ ਹਮਲਾ ਕਰਨਾ।

**99. ਦੇਸ਼ ਦੀਆਂ ਸਰਹੱਦਾਂ ਤੋਂ ਬਾਹਰ ਨਿਸ਼ਾਨਾ ਬਣਾਉਣ ਦਾ ਉਭਾਰ**

**ਨਿਖਿਲ ਗੁਪਤਾ ਅਤੇ ਅਮਰੀਕਾ ਦਾ ਮਾਮਲਾ:** ਅਮਰੀਕੀ ਅਦਾਲਤ ਵਿੱਚ ਨਿਖਿਲ ਗੁਪਤਾ ਵਿਰੁੱਧ ਚੱਲ ਰਿਹਾ ਕੇਸ ਇਸ ਦੀ ਇੱਕ ਵੱਡੀ ਮਿਸਾਲ ਹੈ। ਦੋਸ਼ਾਂ ਅਨੁਸਾਰ ਗੁਪਤਾ ਨੇ ਇੱਕ ਭਾਰਤੀ ਸਰਕਾਰੀ ਕਰਮਚਾਰੀ (ਵਿਕਾਸ਼ ਯਾਦਵ) ਨਾਲ ਮਿਲ ਕੇ ਨਿਊਯਾਰਕ ਵਿੱਚ ਇੱਕ ਸਿੱਖ ਸਿਆਸੀ ਕਾਰਕੁੰਨ (ਗੁਰਪਤਵੰਤ ਸਿੰਘ ਪੰਨੂ) ਦੀ ਹੱਤਿਆ ਦੀ ਸਾਜ਼ਿਸ਼ ਰਚੀ। ਇਸ ਲਈ ਲਗਭਗ 1,00,000 ਡਾਲਰ ਦਾ ਸੌਦਾ ਹੋਇਆ ਸੀ।

**ਨਿਖਿਲ ਗੁਪਤਾ 'ਤੇ ਦੋਸ਼:** ਹੱਤਿਆ ਲਈ ਸੁਪਾਰੀ ਦੇਣਾ, ਕਤਲ ਦੀ ਸਾਜ਼ਿਸ਼ ਅਤੇ ਮਨੀ ਲਾਂਡਰਿੰਗ।

**FBI ਦੀ ਕਾਰਵਾਈ:** FBI ਨੇ ਵਿਕਾਸ਼ ਯਾਦਵ ਨੂੰ ਲੋੜੀਂਦੇ ਵਿਅਕਤੀਆਂ ਦੀ ਸੂਚੀ ਵਿੱਚ ਪਾਇਆ ਹੈ। ਜੇਕਰ ਇਹ ਸਾਬਤ ਹੁੰਦਾ ਹੈ, ਤਾਂ ਇਹ 'ਅੰਤਰਰਾਸ਼ਟਰੀ ਦਮਨ' ਦੀ ਸ਼੍ਰੇਣੀ ਵਿੱਚ ਆਵੇਗਾ।

**ਕੈਨੇਡਾ (ਹਰਦੀਪ ਸਿੰਘ ਨਿੱਝਰ ਮਾਮਲਾ) :** ਕੈਨੇਡਾ ਨੇ ਜੂਨ 2023 ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੇ ਜਨਤਕ ਦੋਸ਼ ਲਗਾਏ ਹਨ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ ਅਤੇ ਇਸ ਮਾਮਲੇ ਦੀ ਕਾਨੂੰਨੀ ਪ੍ਰਕਿਰਿਆ ਅਜੇ ਜਾਰੀ ਹੈ।

**III. ਖੁਫੀਆ ਢਾਂਚਾ ਅਤੇ ਜਵਾਬਦੇਹੀ ਦੀਆਂ ਚੁਣੌਤੀਆਂ**

ਭਾਰਤ ਦੀ ਬਾਹਰੀ ਖੁਫੀਆ ਏਜੰਸੀ R&AW ਪ੍ਰਧਾਨ ਮੰਤਰੀ ਦਫ਼ਤਰ (PMO) ਨੂੰ ਰਿਪੋਰਟ ਕਰਦੀ ਹੈ। ਵਿਦਵਾਨ ਖੁਫੀਆ ਕਾਰਵਾਈਆਂ ਦੀ ਜਵਾਬਦੇਹੀ ਦੇ ਤਿੰਨ ਪੱਧਰ ਮੰਨਦੇ ਹਨ:

1. ਕਾਰਜਸ਼ੀਲ ਪ੍ਰਵਾਨਗੀ (ਵਿਅਕਤੀਗਤ ਅਧਿਕਾਰੀ)।
2. ਏਜੰਸੀ ਦੀ ਪ੍ਰਵਾਨਗੀ (ਸੰਸਥਾਗਤ ਪੱਧਰ)।
3. ਕਾਰਜਕਾਰੀ ਪ੍ਰਵਾਨਗੀ (ਸਰਕਾਰ ਦੇ ਉੱਚਤਮ ਪੱਧਰ)।

ਅਮਰੀਕੀ ਅਦਾਲਤੀ ਦਸਤਾਵੇਜ਼ ਸਰਕਾਰੀ ਕਰਮਚਾਰੀ ਦੀ ਸ਼ਮੂਲੀਅਤ ਦਾ ਦਾਅਵਾ ਤਾਂ ਕਰਦੇ ਹਨ, ਪਰ ਉੱਚ-ਪੱਧਰੀ ਸਰਕਾਰੀ ਪ੍ਰਵਾਨਗੀ ਦੇ ਸਬੂਤ ਅਜੇ ਜਨਤਕ ਨਹੀਂ ਕੀਤੇ ਗਏ।



**IV. ਤੁਲਨਾਤਮਿਕ ਇਤਿਹਾਸਕ ਸੰਦਰਭ**

ਕੀ ਅਜਿਹੀਆਂ ਘਟਨਾਵਾਂ ਸਿਰਫ਼ ਭਾਰਤ ਨਾਲ ਜੁੜੀਆਂ ਹਨ? ਨਹੀਂ, ਹੋਰ ਦੇਸ਼ਾਂ ਵਿੱਚ ਵੀ ਅਜਿਹਾ ਦੇਖਿਆ ਗਿਆ ਹੈ:

**ਰੂਸ:** ਬ੍ਰਿਟੇਨ ਵਿੱਚ ਅਲੈਗਜ਼ੈਂਡਰ ਲਿਟਵਿਨੇਨਕੋ ਅਤੇ ਸਰਗੇਈ ਸਕ੍ਰਿਪਾਲ ਨੂੰ ਜ਼ਹਿਰ ਦੇਣ ਦੇ ਮਾਮਲੇ।

**ਸਾਊਦੀ ਅਰਬ:** 2018 ਵਿੱਚ ਇਸਤਾਂਬੁਲ ਵਿੱਚ ਪੱਤਰਕਾਰ ਜਮਾਲ ਖ਼ਸ਼ੋਗੀ ਦਾ ਕਤਲ।

**ਈਰਾਨ:** 1992 ਵਿੱਚ ਬਰਲਿਨ ਵਿੱਚ ਮਾਈਕੋਨੋਸ ਕਤਲਕਾਂਡ।

**ਇਜ਼ਰਾਈਲ:** ਵਿਦੇਸ਼ਾਂ ਵਿੱਚ ਆਪਣੇ ਵਿਰੋਧੀਆਂ ਵਿਰੁੱਧ 'ਟਾਰਗੇਟਿਡ ਕਿਲਿੰਗ' ਕਾਰਵਾਈਆਂ।

V. ਭਾਰਤੀ ਮਾਮਲੇ ਵਿੱਚ ਵਿਸ਼ਲੇਸ਼ਣਾਤਮਕ ਸੰਕੇਤ

ਨਿਊਯਾਰਕ ਸਾਜ਼ਿਸ਼ ਦੇ ਮਾਮਲੇ ਵਿੱਚ ਕੁਝ ਅਜਿਹੇ ਤੱਥ ਹਨ ਜੋ 'ਰਾਜਕੀ ਅੱਤਵਾਦ' ਦੀਆਂ ਨੀਤੀਆਂ ਨਾਲ ਮੇਲ ਖਾਂਦੇ ਹਨ:

1. **ਸਿਆਸੀ ਨਿਸ਼ਾਨਾ:** ਨਿਸ਼ਾਨਾ ਬਣਾਇਆ ਗਿਆ ਵਿਅਕਤੀ ਇੱਕ ਸਿਆਸੀ ਕਾਰਕੁੰਨ ਸੀ।
2. **ਗੁਪਤ ਤਰੀਕਾ:** ਵਿਚੋਲਿਆਂ ਅਤੇ ਪੈਸੇ ਦੇ ਲੈਣ-ਦੇਣ ਦੀ ਵਰਤੋਂ।
3. **ਡਰ ਪੈਦਾ ਕਰਨਾ:** ਵਿਦੇਸ਼ਾਂ ਵਿੱਚ ਰਹਿ ਰਹੇ ਭਾਈਚਾਰੇ (Diaspora) ਨੂੰ ਚੇਤਾਵਨੀ ਦੇਣਾ।
4. **ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ:** ਕਿਸੇ ਦੂਜੇ ਪ੍ਰਭੂਸੱਤਾ ਸੰਪੰਨ ਦੇਸ਼ ਦੀ ਸਰਹੱਦ ਅੰਦਰ ਕਾਰਵਾਈ।

VI. ਵੱਡੇ ਦੇਸ਼ਾਂ ਨੂੰ 'ਅੱਤਵਾਦੀ ਰਾਜ' ਕਿਉਂ ਨਹੀਂ ਕਿਹਾ ਜਾਂਦਾ?

ਵੱਡੀਆਂ ਤਾਕਤਾਂ ਵਿਰੁੱਧ ਸਖ਼ਤ ਲੇਬਲ ਨਾ ਲੱਗਣ ਦੇ ਦੋ ਮੁੱਖ ਕਾਰਨ ਹਨ:

1. **ਅਮਰੀਕੀ ਪਰਿਭਾਸ਼ਾ:** ਅਮਰੀਕਾ 'State Sponsor of Terrorism' ਦਾ ਲੇਬਲ ਉਹਨਾਂ ਦੇਸ਼ਾਂ 'ਤੇ ਲਗਾਉਂਦਾ ਹੈ ਜੋ ਗੈਰ-ਸਰਕਾਰੀ ਅੱਤਵਾਦੀ ਜਥੇਬੰਦੀਆਂ ਦੀ ਮਦਦ ਕਰਦੇ ਹਨ।
2. **ਕੂਟਨੀਤੀ ਅਤੇ ਵਪਾਰ:** ਅੰਤਰਰਾਸ਼ਟਰੀ ਸਬੰਧਾਂ ਵਿੱਚ ਦੇਸ਼ ਇੱਕ-ਦੂਜੇ ਨੂੰ ਅਲੱਗ-ਥਲੱਗ ਕਰਨ ਦੀ ਬਜਾਏ ਵੀਜ਼ਾ ਪਾਬੰਦੀਆਂ ਜਾਂ ਕੂਟਨੀਤਕ ਕਾਰਵਾਈਆਂ ਨੂੰ ਤਰਜੀਹ ਦਿੰਦੇ ਹਨ।

**ਸਿੱਟਾ:** ਰਾਜ ਦੀ ਸ਼ਕਤੀ, ਸੁਰੱਖਿਆ ਅਤੇ ਲੋਕਤੰਤਰੀ ਜਵਾਬਦੇਹੀ

ਗੁਪਤਾ ਕੇਸ ਆਧੁਨਿਕ ਦੌਰ ਦੀਆਂ ਸਭ ਤੋਂ ਮਹੱਤਵਪੂਰਨ ਉਦਾਹਰਣਾਂ ਵਿੱਚੋਂ ਇੱਕ ਹੈ, ਜਿਸ ਵਿੱਚ ਅਮਰੀਕੀ ਸਰਕਾਰੀ ਵਕੀਲਾਂ ਨੇ ਜਨਤਕ ਤੌਰ 'ਤੇ ਇਹ ਦੋਸ਼ ਲਗਾਇਆ ਹੈ ਕਿ ਇੱਕ ਮੌਜੂਦਾ ਵਿਦੇਸ਼ੀ ਸਰਕਾਰੀ ਕਰਮਚਾਰੀ ਨੇ ਅਮਰੀਕਾ ਦੇ ਅੰਦਰ ਇੱਕ ਨਾਗਰਿਕ ਰਾਜਨੀਤਿਕ ਵਿਰੋਧੀ ਦੀ ਹੱਤਿਆ ਦੀ ਸਾਜ਼ਿਸ਼ ਦਾ ਨਿਰਦੇਸ਼ਨ ਕੀਤਾ ਸੀ।

ਹਾਲਾਂਕਿ ਮੌਜੂਦਾ ਜਨਤਕ ਸਬੂਤ ਰਾਜ ਨਾਲ ਜੁੜੀ ਕਾਰਜਸ਼ੀਲ ਸ਼ਮੂਲੀਅਤ (operational involvement) ਦੇ ਸਿੱਟੇ ਦਾ ਸਮਰਥਨ ਕਰਦੇ ਹਨ, ਪਰ ਇਹ ਜਨਤਕ ਤੌਰ 'ਤੇ ਉੱਚਤਮ ਕਾਰਜਕਾਰੀ ਪੱਧਰ (highest executive level) ਦੀ ਮਨਜ਼ੂਰੀ ਨੂੰ ਸਾਬਤ ਨਹੀਂ ਕਰਦੇ। ਫਿਰ ਵੀ, ਇਹ ਕਥਿਤ ਵਿਵਹਾਰ ਅੰਤਰਰਾਸ਼ਟਰੀ ਦਮਨ (Transnational Repression) ਦੇ ਵਿਸ਼ਲੇਸ਼ਣਾਤਮਕ ਢਾਂਚੇ ਦੇ ਅੰਦਰ ਆਉਂਦਾ ਹੈ ਅਤੇ ਰਾਸ਼ਟਰੀ ਸੁਰੱਖਿਆ ਨੀਤੀ, ਗੁਪਤ ਖੁਫੀਆ ਗਤੀਵਿਧੀਆਂ ਅਤੇ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਦੇ ਵਿਚਕਾਰ ਦੀਆਂ ਹੱਦਾਂ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਬਲਵੰਤ ਸਿੰਘ ਬਨਾਮ ਪੰਜਾਬ ਰਾਜ (1995) ਦੇ ਮਾਮਲੇ ਵਿੱਚ, ਭਾਰਤ ਦੀ ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਸੀ ਕਿ ਹਿੰਸਾ ਜਾਂ ਜਨਤਕ ਵਿਗਾੜ ਨੂੰ ਭੜਕਾਏ ਬਿਨਾਂ, ਸਿਰਫ਼ ਖਾਲਿਸਤਾਨ ਪੱਖੀ ਨਾਅਰੇ ਲਗਾਉਣਾ ਦੇਸ਼ ਧ੍ਰੋਹ ਨਹੀਂ ਹੈ। ਅਦਾਲਤ ਨੇ ਪੁਸ਼ਟੀ ਕੀਤੀ ਕਿ ਇਕੱਲੀ ਰਾਜਨੀਤਿਕ ਅਭਿਵਿਅਕਤੀ ਸੰਵਿਧਾਨਕ ਤੌਰ 'ਤੇ ਸੁਰੱਖਿਅਤ ਹੈ, ਭਾਵੇਂ ਉਹ ਵਿਵਾਦਪੂਰਨ ਜਾਂ ਵੱਖਵਾਦੀ ਵਿਚਾਰਾਂ ਦੀ ਵਕਾਲਤ ਹੀ ਕਿਉਂ ਨਾ ਕਰਦੀ ਹੋਵੇ। ਇਸ ਦੇ ਨਾਲ ਹੀ, ਭਾਰਤ ਦੇ ਰਾਸ਼ਟਰੀ-ਸੁਰੱਖਿਆ ਕਾਨੂੰਨ ਰਾਜ ਨੂੰ ਵੱਖਵਾਦੀ ਮੰਨੀਆਂ ਜਾਣ ਵਾਲੀਆਂ ਜਥੇਬੰਦੀਆਂ 'ਤੇ ਪਾਬੰਦੀ ਲਗਾਉਣ ਦੀ ਇਜਾਜ਼ਤ ਦਿੰਦੇ ਹਨ, ਜਿਸ ਨਾਲ ਇੱਕ ਦੋਹਰਾ ਢਾਂਚਾ ਬਣਦਾ ਹੈ ਜਿਸ ਵਿੱਚ ਸ਼ਾਂਤਮਈ ਵਿਅਕਤੀਗਤ ਭਾਸ਼ਣ ਸੁਰੱਖਿਅਤ ਹੋ ਸਕਦਾ ਹੈ ਜਦੋਂ ਕਿ ਸੰਗਠਿਤ ਲਹਿਰਾਂ 'ਤੇ ਅਜੇ ਵੀ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ।

ਅੱਜ ਦਾ ਭਾਰਤ ਹੈ:

ਗੈਰ-ਉਦਾਰਵਾਦੀ ਲੋਕਤੰਤਰ (Illiberal democracy)

ਬਹੁਗਿਣਤੀਵਾਦੀ ਰਾਜ (Majoritarian state)

ਸੁਰੱਖਿਆ-ਕੇਂਦ੍ਰਿਤ ਸ਼ਾਸਨ (Security-driven governance)

ਤਾਨਾਸ਼ਾਹੀ ਵੱਲ ਝੁਕਾਅ (Authoritarian drift)

ਦਮਨਕਾਰੀ ਪ੍ਰਵਾਸੀ ਨੀਤੀ (Coercive diaspora policy)

ਕੇਂਦਰੀਕ੍ਰਿਤ ਕਾਰਜਕਾਰੀ ਰਾਜ (Centralizing executive state)

ਰਾਜਨੀਤਿਕ ਨੇਤਾਵਾਂ ਦੁਆਰਾ ਰਾਸ਼ਟਰੀ ਸਰਹੱਦਾਂ ਤੋਂ ਬਾਹਰ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਦੀ ਇੱਛਾ 'ਤੇ ਜ਼ੋਰ ਦੇਣ ਵਾਲੇ ਜਨਤਕ ਐਲਾਨ, ਅਤੇ ਰਾਜ ਨਾਲ ਜੁੜੀਆਂ ਕਾਰਜਸ਼ੀਲ ਸਾਜ਼ਿਸ਼ਾਂ ਦੇ ਦੋਸ਼ਾਂ ਨੂੰ ਮਿਲਾ ਕੇ, 'ਬਾਹਰੀ ਖੇਤਰੀ ਜ਼ਬਰਦਸਤੀ' (Extraterritorial Coercion) ਦੇ ਇੱਕ ਉੱਭਰ ਰਹੇ ਸਿਧਾਂਤ ਦੇ ਸਬੂਤ ਵਜੋਂ ਦੇਖਿਆ ਜਾ ਸਕਦਾ ਹੈ।

ਸ਼ਿਕਾਗੋ-ਸ਼ੈਲੀ ਫੁਟਨੋਟਸ (Chicago-Style Footnotes)

1. ਬ੍ਰੂਸ ਹਾਫਮੈਨ, Inside Terrorism, ਦੂਜਾ ਐਡੀਸ਼ਨ (ਨਿਊਯਾਰਕ: ਕੋਲੰਬੀਆ ਯੂਨੀਵਰਸਿਟੀ ਪ੍ਰੈਸ, 2006)।
2. ਰੂਥ ਬਲੇਕਲੀ, State Terrorism and Neoliberalism (ਲੰਡਨ: ਰੂਟਲੇਜ, 2009), 4।
3. ਮਾਈਕਲ ਸਟੋਲ, TThe State as Terrorist,UDemocracy and Security 2, ਨੰਬਰ 1 (2006): 1-25।
4. ਫਰੀਡਮ ਹਾਊਸ, Out of Sight, Not Out of Reach: Transnational Repression (ਵਾਸ਼ਿੰਗਟਨ, ਡੀ.ਸੀ., 2021)।
5. ਸੰਯੁਕਤ ਰਾਜ ਦੇ ਨਿਆਂ ਵਿਭਾਗ (DOJ), ਗੁਪਤਾ ਸਾਜ਼ਿਸ਼ ਕੇਸ ਵਿੱਚ ਦੋਸ਼ ਪੱਤਰ ਅਤੇ ਸਬੰਧਤ ਫਾਈਲਾਂ।
6. ਉਹੀ (Ibid)।
7. ਵਿਕਾਸ਼ ਯਾਦਵ ਲਈ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (FBI) ਦਾ ਵਾਂਟੇਡ ਨੋਟਿਸ।
8. ਕੌਂਸਲ ਆਨ ਫੋਰਨ ਰਿਲੇਸ਼ਨਜ਼, ਭਾਰਤ ਦੇ ਖੁਫੀਆ ਢਾਂਚੇ ਦਾ ਪਿਛੋਕੜ ਵਿਸ਼ਲੇਸ਼ਣ।
9. ਯੂਕੇ ਇੰਟੈਲੀਜੈਂਸ ਐਂਡ ਸਕਿਓਰਿਟੀ ਕਮੇਟੀ, Russia Report (ਲੰਡਨ, 2020)।
10. ਮਾਰਕ ਗੈਲੀਓਟੀ, The Vory (ਨਿਊ ਹੈਵਨ: ਯੇਲ ਯੂਨੀਵਰਸਿਟੀ ਪ੍ਰੈਸ, 2018)।
11. ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ, ਖ਼ਸ਼ੋਗੀ ਦੇ ਕਤਲ ਬਾਰੇ ਵਿਸ਼ੇਸ਼ ਰਿਪੋਰਟਰ ਦੀ ਰਿਪੋਰਟ, 2019।
12. ਮਾਈਕੋਨੋਸ ਕਤਲ ਕੇਸ ਵਿੱਚ ਜਰਮਨ ਫੈਡਰਲ ਕੋਰਟ ਦਾ ਫੈਸਲਾ, 1997।
13. ਚੀਨੀ ਅੰਤਰਰਾਸ਼ਟਰੀ ਦਮਨ ਮੁਹਿੰਮਾਂ 'ਤੇ ਹਿਊਮਨ ਰਾਈਟਸ ਵਾਚ ਦੀਆਂ ਰਿਪੋਰਟਾਂ।
14. ਅਮਰੀਕੀ ਰਾਜ ਵਿਭਾਗ (U.S. Department of State), ਅੱਤਵਾਦ ਦੇ ਰਾਜ ਪ੍ਰਾਯੋਜਕਾਂ (State Sponsors of Terrorism) ਨੂੰ ਨਾਮਜ਼ਦ ਕਰਨ ਦੇ ਮਾਪਦੰਡ।

# ਮੰਤਰੀਆਂ ਅਤੇ ਭਾਜਪਾ ਆਗੂਆਂ ਦੇ ਘਰਾਂ ਅੱਗੇ ਗਰਜੇ ਕਿਸਾਨ

## ਭਾਰਤ ਅਮਰੀਕਾ ਵਪਾਰ ਸਮਝੌਤਾ, ਜੀ ਰਾਮ ਜੀ ਕਾਨੂੰਨ ਰੱਦ ਕਰਨ ਸਣੇ ਬਿਜਲੀ ਅਤੇ ਬੀਜ ਬਿੱਲ ਵਾਪਸ ਲੈਣ ਦੀ ਮੰਗ



ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਰਤ-ਅਮਰੀਕਾ ਵਪਾਰ ਸਮਝੌਤਾ ਰੱਦ ਕਰਨ, ਕਿਸਾਨਾਂ ਅਤੇ ਮਜ਼ਦੂਰਾਂ ਸਣੇ ਹੋਰਨਾਂ ਵਰਗਾਂ ਦੀਆਂ ਮੰਗਾਂ ਮਨਵਾਉਣ ਲਈ ਪੰਜਾਬ ਭਰ ਵਿੱਚ ਮੁੱਖ ਮੰਤਰੀ ਭਗਵੰਤ ਮਾਨ, ਹੋਰਨਾਂ ਵਜ਼ੀਰਾਂ ਅਤੇ ਭਾਜਪਾ ਆਗੂਆਂ ਦੇ ਘਰਾਂ ਅੱਗੇ ਮੁਜ਼ਾਹਰੇ ਕੀਤੇ ਗਏ। ਇਨ੍ਹਾਂ ਮੁਜ਼ਾਹਰਿਆਂ 'ਚ ਸੰਯੁਕਤ ਕਿਸਾਨ ਮੋਰਚਾ ਤੋਂ ਇਲਾਵਾ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ, ਟਰੇਡ ਯੂਨੀਅਨਾਂ, ਠੇਕਾ ਮੁਲਾਜ਼ਮਾਂ ਅਤੇ ਹੋਰਨਾਂ ਵਰਗਾਂ ਨੇ ਸ਼ਿਰਕਤ ਕੀਤੀ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਸੰਗਰੂਰ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਮੂਹਰੇ ਦਿੱਤੇ ਧਰਨੇ ਵਿੱਚ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅੱਗੇ ਗੋਡੇ ਟੇਕ ਦਿੱਤੇ ਹਨ। ਇਸੇ ਕਰ ਕੇ ਅਮਰੀਕਾ ਦੇ ਕਹੇ ਅਨੁਸਾਰ ਭਾਰਤ-ਅਮਰੀਕਾ ਵਿਚਕਾਰ ਕਰ ਮੁਕਤ ਵਪਾਰ ਸਮਝੌਤੇ ਕੀਤੇ ਜਾ ਰਹੇ ਹਨ। ਇਹ ਸਮਝੌਤੇ ਕਿਸਾਨਾਂ, ਮਜ਼ਦੂਰਾਂ ਤੇ ਹੋਰਨਾਂ ਵਰਗਾਂ ਲਈ ਵਧੇਰੇ ਘਾਤਕ ਹਨ। ਇਸ ਨਾਲ ਪੰਜਾਬ ਦੀ ਕਿਸਾਨੀ ਤਬਾਹ ਹੋ ਜਾਵੇਗੀ ਜਦੋਂ ਕਿ ਅਮਰੀਕਾ ਦਾ ਭਾਰੀ ਮਾਤਰਾ ਵਿੱਚ ਸਾਮਾਨ ਭਾਰਤ ਵਿੱਚ ਆਉਣ ਨਾਲ ਭਾਰਤੀਆਂ ਦੇ ਕਾਰੋਬਾਰ ਉੱਤੇ ਵੀ ਅਸਰ ਪਵੇਗਾ।

ਬਲਵੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਮਨਜੀਤ ਸਿੰਘ ਧਨੇਰ ਸਣੇ ਹੋਰਨਾਂ ਆਗੂਆਂ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਤੋਂ ਮੰਗ ਕੀਤੀ ਕਿ ਦੇਸ਼ ਦੇ ਕਰੋੜਾਂ ਲੋਕਾਂ ਦੇ ਹਿੱਤਾਂ ਨੂੰ ਟਰੰਪ ਸਰਕਾਰ ਸਾਹਮਣੇ ਵੇਚਣ ਵਾਲੇ ਵਣਜ ਮੰਤਰੀ ਪਿਯੂਸ਼ ਗੋਇਲ ਨੂੰ ਬਰਖ਼ਾਸਤ ਕੀਤਾ ਜਾਵੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਨਾਲ ਵਪਾਰ ਸਮਝੌਤੇ 'ਤੇ ਦਸਤਖ਼ਤ ਨਾ ਕਰਨ ਦੇ ਨਿਰਦੇਸ਼ ਦਿੱਤੇ ਜਾਣ।

ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਵੱਖ-ਵੱਖ ਥਾਵਾਂ 'ਤੇ ਸੰਬੋਧਨ ਕਰਦਿਆਂ ਸੂਬੇ ਵਿੱਚ ਪਾਣੀ ਦੇ ਵਧ ਰਹੇ ਸੰਕਟ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਅਤੇ ਪੰਜਾਬ ਸਰਕਾਰ ਤੋਂ ਠੋਸ ਕਦਮ ਚੁੱਕਣ ਦੀ ਮੰਗ ਕੀਤੀ। ਮੋਰਚੇ ਦੇ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਮਗਨਰੇਗਾ ਦੀ ਥਾਂ ਜੀ ਰਾਮ ਜੀ ਕਾਨੂੰਨ ਲਿਆਉਣ ਦੀ ਨਿਖੇਧੀ ਕੀਤੀ। ਉਨ੍ਹਾਂ ਮੰਗ ਕੀਤੀ ਕਿ ਜੀ ਰਾਮ ਜੀ ਕਾਨੂੰਨ ਨੂੰ ਮੁੜ ਤੋਂ ਬਹਾਲ ਕੀਤਾ ਜਾਵੇ। ਇਸ ਤੋਂ ਇਲਾਵਾ ਬਿਜਲੀ ਤੇ ਬੀਜ ਬਿੱਲ ਵਾਪਸ ਲਏ ਜਾਣ। ਆਗੂਆਂ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਲਈ 10 ਮਾਰਚ ਨੂੰ ਬਰਨਾਲਾ ਵਿੱਚ ਕੀਤੀ ਜਾਣ ਵਾਲੀ ਰੈਲੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਇਸ ਮੌਕੇ ਕਿਸਾਨ ਆਗੂ ਬੂਟਾ ਸਿੰਘ ਬੁਰਜ ਗਿੱਲ, ਨਿਰਭੈ ਸਿੰਘ ਢੁੱਡੀਕੇ, ਡਾ. ਦਰਸ਼ਨਪਾਲ, ਬਲਦੇਵ ਸਿੰਘ ਨਿਹਾਲਗੜ੍ਹ, ਰੁਲਦੂ ਸਿੰਘ ਮਾਨਸਾ, ਡਾ. ਸਤਨਾਮ ਸਿੰਘ ਅਜਨਾਲਾ, ਹਰਮੀਤ ਸਿੰਘ ਕਾਦੀਆਂ, ਸੁਖਦੇਵ ਸਿੰਘ ਅਰਾਈਆਂਵਾਲਾ, ਬਲਵਿੰਦਰ ਸਿੰਘ ਮੱਲੀ ਨੰਗਲ, ਬੋਘ ਸਿੰਘ ਮਾਨਸਾ, ਫੁਰਮਾਨ ਸਿੰਘ ਸੰਧੂ, ਮਲੂਕ ਸਿੰਘ ਹੀਰਕੇ, ਬਿੰਦਰ ਸਿੰਘ ਗੋਲੇਵਾਲਾ, ਬੂਟਾ ਸਿੰਘ ਸ਼ਾਦੀਪੁਰ, ਜੰਗਵੀਰ ਸਿੰਘ ਚੌਹਾਨ, ਹਰਦੇਵ ਸਿੰਘ ਸੰਧੂ, ਵੀਰ ਸਿੰਘ ਬੜਵਾ, ਨਛੱਤਰ ਸਿੰਘ ਜੈਤੋ, ਹਰਬੰਸ ਸੰਘਾ, ਪ੍ਰੇਮ ਸਿੰਘ ਭੰਗੂ, ਬਲਜੀਤ ਸਿੰਘ ਗਰੇਵਾਲ, ਹਰਜਿੰਦਰ ਸਿੰਘ ਟਾਂਡਾ, ਬੋਘ ਸਿੰਘ ਮਾਨਸਾ, ਕਿਰਨਜੀਤ ਸਿੰਘ ਸੇਖੋਂ, ਨਿਰਵੈਲ ਸਿੰਘ ਡਾਲੇਕੇ, ਬਲਵਿੰਦਰ ਸਿੰਘ ਰਾਜੂ ਔਲਖ, ਕੰਵਲਪ੍ਰੀਤ ਸਿੰਘ ਪੰਨੂ, ਏਟਕ ਆਗੂ ਨਿਰਮਲ ਸਿੰਘ ਧਾਲੀਵਾਲ, ਸੀਟੂ (ਚੰਦਰ ਸ਼ੇਖਰ) ਤੋਂ ਮਹਾਂ ਸਿੰਘ ਰੋੜੀ, ਇਫਟੂ ਦੇ ਕੁਲਵਿੰਦਰ ਸਿੰਘ ਵੜੈਚ, ਸਾਂਝਾ ਮਜ਼ਦੂਰ ਮੋਰਚਾ ਦੇ ਆਗੂਆਂ ਲਛਮਣ ਸਿੰਘ ਸੇਵੇਵਾਲਾ, ਤਰਸੇਮ ਪੀਟਰ, ਗੁਰਨਾਮ ਸਿੰਘ ਦਾਊਦ, ਦੇਵੀ ਕੁਮਾਰੀ, ਹਰਪਾਲ ਸਿੰਘ, ਗੋਬਿੰਦ ਸਿੰਘ ਛਾਂਜਲੀ, ਬਿੱਕਰ ਸਿੰਘ ਹਥੋਆਂ ਅਤੇ ਕੁਲਵੰਤ ਸਿੰਘ ਸੇਲਬਰਾਹ ਨੇ ਸੰਬੋਧਨ ਕੀਤਾ।

# ਅਮਰੀਕਾ-ਭਾਰਤ ਸਮਝੌਤੇ ਦਾ ਵਿਰੋਧ; ਭਾਜਪਾ ਆਗੂਆਂ ਦੇ ਘਰ ਵੀ ਘੇਰੇ



ਅੰਮ੍ਰਿਤਸਰ : ਅਮਰੀਕਾ-ਭਾਰਤ ਸਮਝੌਤੇ ਖ਼ਿਲਾਫ਼ ਅਤੇ ਬਿਜਲੀ ਸੋਧ ਬਿੱਲ, ਬੀਜ ਐਕਟ, ਕਿਰਤ ਕੋਡ ਰੱਦ ਕਰਾਉਣ ਅਤੇ ਮਗਨਰੇਗਾ ਦਾ ਪੁਰਾਣਾ ਸਰੂਪ ਬਹਾਲ ਕਰਵਾਉਣ ਵਾਸਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੰਮ੍ਰਿਤਸਰ ਵਿੱਚ ਭਾਰਤੀ ਜਨਤਾ ਪਾਰਟੀ ਦੇ ਕੌਮੀ ਆਗੂ ਤਰੁਣ ਚੁੱਘ ਦੇ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ। ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਿਤ ਵੱਖ ਵੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਸ਼ਮੂਲੀਅਤ ਕੀਤੀ ਅਤੇ ਸਰਕਾਰ ਖ਼ ?ਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਡਾ. ਸਤਨਾਮ ਸਿੰਘ ਅਜਨਾਲਾ, ਸੁੱਚਾ ਸਿੰਘ ਅਜਨਾਲਾ, ਜਤਿੰਦਰ ਸਿੰਘ ਛੀਨਾ, ਡਾ. ਪਰਮਿੰਦਰ ਸਿੰਘ ਪੰਡੋਰੀ, ਰਤਨ ਸਿੰਘ ਰੰਧਾਵਾ, ਕ੍ਰਿਸ਼ਨ ਸਿੰਘ ਟੀ ਐੱਸ ਯੂ, ਸੁੱਚਾ ਸਿੰਘ ਅਜਨਾਲਾ, ਧਨਵੰਤ ਸਿੰਘ ਖਤਰਾਏ ਕਲਾਂ ਅਤੇ ਲਖਬੀਰ ਸਿੰਘ ਨਿਜਾਮਪੁਰਾ ਆਦਿ ਨੇ ਇਕੱਠ ਨੂੰ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਭਾਰਤ ਸਰਕਾਰ ਜੋ ਦਬਾਅ ਹੇਠ ਕਰ ਮੁਕਤ ਸਮਝੌਤਾ ਅਮਰੀਕਾ ਤੇ ਹੋਰਨਾਂ ਯੂਰਪੀ ਮੁਲਕਾਂ ਨਾਲ ਕਰ ਰਹੀ ਹੈ, ਉਸ ਦੇ ਨਤੀਜੇ ਬਹੁਤ ਭਿਆਨਕ ਹੋਣਗੇ।

ਇਸੇ ਦੌਰਾਨ ਸੰਯੁਕਤ ਕਿਸਾਨ ਮੋਰਚਾ, ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ, ਟਰੇਡ ਯੂਨੀਅਨਾਂ, ਔਰਤਾਂ, ਮੁਲਾਜ਼ਮਾਂ, ਪੈਨਸ਼ਨਰਾਂ, ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਵੱਲੋਂ ਭਾਰਤ ਅਮਰੀਕਾ ਮੁਕਤ ਵਪਾਰ ਸਮਝੌਤਾ ਨੂੰ ਰੱਦ ਕਰਵਾਉਣ ਲਈ ਅੱਜ ਸਵੇਰੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਦੇ ਜਲੰਧਰ ਸਥਿਤ ਘਰ ਅੱਗੇ ਮੁਜ਼ਾਹਰਾ ਕੀਤਾ ਗਿਆ। ਆਗੂਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ, ਮਜ਼ਦੂਰਾਂ ਤੇ ਹੋਰ ਮਿਹਨਤੀ ਲੋਕਾਂ ਨੂੰ ਖ਼ਤਮ ਕਰਨ ਲਈ ਲਗਾਤਾਰ ਨਵੇਂ ਨਵੇਂ ਬਿੱਲ, ਨੀਤੀਆਂ ਲੈ ਕੇ ਆ ਰਹੀ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ, ਕੇਂਦਰ ਦੀ ਹਾਂ 'ਚ ਹਾਂ ਮਿਲਾ ਰਹੀ ਹੈ। ਇਸ ਮੌਕੇ ਆਗੂਆਂ ਨੇ ਸੰਯੁਕਤ ਕਿਸਾਨ ਮੋਰਚਾ ਵਲੋਂ ਮੁਕਤ ਵਪਾਰ ਸਮਝੌਤਾ ਖਿਲਾਫ਼ 10 ਮਾਰਚ ਨੂੰ ਬਰਨਾਲਾ ਵਿਖੇ ਸੂਬਾ ਪੱਧਰੀ ਪ੍ਰਦਰਸ਼ਨ ਨੂੰ ਸਫ਼ਲ ਬਣਾਉਣ ਦਾ ਸੱਦਾ ਵੀ ਦਿੱਤਾ।

ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਪੰਜਾਬ ਦੇ ਸੱਦੇ 'ਤੇ ਸ਼ਹੀਦ ਭਗਤ ਸਿੰਘ ਸਮਾਰਕ 'ਤੇ ਕਿਸਾਨ ਇਕੱਠੇ ਹੋਏ ਅਤੇ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ਼ ਨਾਅਰੇ ਲਾਏ। ਇਸ ਮਗਰੋਂ ਮਾਰਚ ਕਰ ਕੇ ਡਾਕਖ਼ਾਨੇ ਅੱਗੇ ਪ੍ਰਦਰਸ਼ਨ ਕੀਤਾ ਗਿਆ। ਬੁਲਾਰਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਮਰੀਕੀ ਸਮਰਾਜ ਅੱਗੇ ਝੁਕਦਿਆਂ ਕਿਸਾਨ ਵਿਰੋਧੀ ਮੁਕਤ ਵਪਾਰ ਸਮਝੌਤੇ ਤਹਿਤ ਦੇਸ਼ ਤੇ ਕਿਸਾਨਾਂ ਦੇ ਹਿੱਤ ਵੇਚੇ ਗਏ ਹਨ, ਮਗਨਰੇਗਾ ਕਾਨੂੰਨ ਨੂੰ ਰੱਦ ਕਰਨ ਲਈ ਇਸ ਦਾ ਸਰੂਪ ਬਦਲ ਦਿੱਤਾ ਗਿਆ, ਬਿਜਲੀ ਬਿੱਲ 2025 ਰਾਹੀਂ ਇਸ ਨੂੰ ਪੂੰਜੀਪਤੀਆਂ ਨੂੰ ਵੇਚਿਆ ਜਾ ਰਿਹਾ ਹੈ ਸੀਡ ਬਿੱਲ ਲੇਬਰ ਐਕਟ ਰਾਹੀਂ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ ਖੋਹੇ ਜਾ ਰਹੇ ਹਨ।

# ਸਮਾਣਾ 'ਚ ਕਿਸਾਨਾਂ ਅਤੇ ਪੁਲਿਸ ਦਰਮਿਆਨ ਟਕਰਾਅ; 90 ਕਿਸਾਨ ਹਿਰਾਸਤ ਵਿਚ ਲਏ'

## ਬੇਅਦਬੀ ਖ਼ਿਲਾਫ਼ ਕਾਰਵਾਈ ਤੇ ਗੁਰਜੀਤ ਸਿੰਘ ਖਾਲਸਾ ਦੇ ਸਮਰਥਨ ਵਿੱਚ ਲਾਇਆ ਪੱਕਾ ਧਰਨਾ



ਪਟਿਆਲਾ : ਸਮਾਣਾ ਵਿੱਚ ਕਿਸਾਨਾਂ ਨੇ ਗੁਰਜੀਤ ਸਿੰਘ ਖਾਲਸਾ ਦੇ ਸਮਰਥਨ ਵਿੱਚ ਅਣਮਿੱਥੇ ਸਮੇਂ ਲਈ ਧਰਨਾ ਦੇਣ ਦਾ ਐਲਾਨ ਕੀਤਾ। ਉਸ ਸਮੇਂ ਹਾਲਾਤ ਤਣਾਅਪੂਰਨ ਹੋ ਗਏ ਜਦੋਂ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਮੈਂਬਰ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕਰਨ ਪਹੁੰਚੇ ਤੇ ਪੁਲੀਸ ਨਾਲ ਉਨ੍ਹਾਂ ਦੀ ਝੜਪ ਹੋ ਗਈ। ਦੱਸ ਦੇਈਏ ਕਿ ਗੁਰਜੀਤ ਸਿੰਘ ਖਾਲਸਾ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਦੀ ਮੰਗ ਨੂੰ ਲੈ ਕੇ ਅਕਤੂਬਰ 2024 ਤੋਂ ਸਮਾਣਾ ਵਿੱਚ ਇੱਕ 400 ਫੁੱਟ ਉੱਚੇ ਬੀ.ਐਸ.ਐਨ.ਐਲ. ਟਾਵਰ ਉੱਤੇ ਚੜਿਆ ਹੋਇਆ ਹੈ। ਉਹ ਬੇਅਦਬੀ ਕਰਨ ਵਾਲਿਆਂ ਖ਼ ?ਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਲਈ ਨਵਾਂ ਕਾਨੂੰਨ ਬਣਾਉਣ ਦੀ ਮੰਗ ਕਰ ਰਹੇ ਹਨ।

ਪਟਿਆਲਾ ਪੁਲੀਸ ਨੇ ਕਿਸਾਨਾਂ ਨੂੰ ਸਮਾਣਾ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਸਖ਼ਤ ਨਾਕਾਬੰਦੀ ਕੀਤੀ ਹੋਈ ਸੀ। ਜਦੋਂ ਕਿਸਾਨਾਂ ਨੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲੀਸ ਅਤੇ ਕਿਸਾਨਾਂ ਵਿਚਾਲੇ ਝੜਪ ਹੋ ਗਈ। ਕਿਸਾਨਾਂ ਨੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਪੁਲੀਸ ਨੂੰ ਉਨ੍ਹਾਂ ਨੂੰ ਰੋਕਣ ਲਈ ਹਲਕਾ ਲਾਠੀਚਾਰਜ ਕੀਤਾ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪੁਲੀਸ ਨੇ ਵਾਰ-ਵਾਰ ਅਪੀਲ ਕੀਤੀ। ਇਸ ਦੇ ਬਾਵਜੂਦ ਜਦੋਂ ਕਿਸਾਨ ਟਾਵਰ ਵੱਲ ਵਧਦੇ ਰਹੇ ਤਾਂ ਉਨ੍ਹਾਂ ਨੂੰ ਜ਼ਬਰਦਸਤੀ ਰੋਕਣਾ ਪਿਆ। ਇਸ ਭੱਜ-ਦੌੜ ਅਤੇ ਟਕਰਾਅ ਵਿੱਚ ਕੁਝ ਪੁਲੀਸ ਮੁਲਾਜ਼ਮਾਂ ਅਤੇ ਕਿਸਾਨਾਂ ਨੂੰ ਮਾਮੂਲੀ ਸੱਟਾਂ ਵੀ ਲੱਗੀਆਂ ਹਨ।

ਇਸ ਪ੍ਰਦਰਸ਼ਨ ਨੂੰ ਰੋਕਣ ਲਈ ਪੁਲੀਸ ਨੇ ਪਹਿਲਾਂ ਹੀ ਤਿਆਰੀ ਕੀਤੀ ਹੋਈ ਸੀ। ਪੰਜਾਬ ਪੁਲੀਸ ਨੇ ਸੰਗਰੂਰ ਜ਼ਿਲ੍ਹੇ ਸਮੇਤ ਕਈ ਥਾਵਾਂ ਤੋਂ ਲਗਪਗ 90 ਕਿਸਾਨ ਆਗੂਆਂ ਅਤੇ ਕਾਰਕੁਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਇਨ੍ਹਾਂ ਵਿੱਚ ਬੀ.ਕੇ.ਯੂ. ਸਿੱਧੂਪੁਰ ਦੇ ਸੀਨੀਅਰ ਆਗੂ ਅਤੇ ਕਾਰਕੁਨ ਭਾਣਾ ਸਿੱਧੂ ਵੀ ਸ਼ਾਮਲ ਹਨ। ਭਾਣਾ ਸਿੱਧੂ ਨੂੰ ਉਸ ਸਮੇਂ ਰੋਕਿਆ ਗਿਆ ਜਦੋਂ ਉਹ ਆਪਣੀ ਗੱਡੀ ਵਿੱਚ ਧਰਨੇ ਵਾਲੀ ਥਾਂ ਵੱਲ ਜਾ ਰਹੇ ਸਨ। ਪੁਲੀਸ ਨੇ ਥਾਂ-ਥਾਂ ਨਾਕੇ ਲਗਾ ਕੇ ਕਿਸਾਨਾਂ ਨੂੰ ਸਮਾਣਾ ਪਹੁੰਚਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਆਪਣੀ ਮੰਗ 'ਤੇ ਅੜੇ ਹੋਏ ਹਨ।

**ਗੁਰਜੀਤ ਸਿੰਘ ਖਾਲਸਾ ਦਾ ਲੰਬਾ ਸੰਘਰਸ਼**

43 ਸਾਲਾ ਗੁਰਜੀਤ ਸਿੰਘ ਖਾਲਸਾ ਪਿਛਲੇ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਟਾਵਰ ਦੇ ਉੱਪਰ ਡਟੇ ਹੋਏ ਹਨ। ਖ਼ਰਾਬ ਮੌਸਮ ਅਤੇ ਸਿਹਤ ਸਬੰਧੀ ਚਿੰਤਾਵਾਂ ਦੇ ਬਾਵਜੂਦ ਉਹ ਹੇਠਾਂ ਆਉਣ ਲਈ ਤਿਆਰ ਨਹੀਂ ਹਨ। ਉਨ੍ਹਾਂ ਦੇ ਸਮਰਥਕਾਂ ਨੇ 1 ਜਨਵਰੀ ਤੋਂ ਪੈਦਲ ਮਾਰਚ ਵੀ ਸ਼ੁਰੂ ਕੀਤਾ ਸੀ ਤਾਂ ਜੋ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ। ਗੁਰਜੀਤ ਸਿੰਘ ਦਾ ਕਹਿਣਾ ਹੈ ਕਿ ਜਦੋਂ ਤੱਕ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਨਹੀਂ ਬਣਦਾ, ਉਹ ਆਪਣਾ ਸੰਘਰਸ਼ ਜਾਰੀ ਰੱਖਣਗੇ।

# ਕਿਸਾਨਾਂ 'ਤੇ ਕਥਿਤ ਤਸ਼ੱਦਦ ਦੇ ਵਿਰੋਧ 'ਚ 9 ਮਾਰਚ ਨੂੰ ਕਚਹਿਰੀ ਬਠਿੰਡਾ ਅੱਗੇ ਧਰਨਾ: ਯੂਨਾਈਟਡ ਅਕਾਲੀ ਦਲ

ਬਠਿੰਡਾ : ਯੂਨਾਈਟਡ ਅਕਾਲੀ ਦਲ ਨੇ ਪਿੰਡ ਜਿਉਂਦ ਵਿੱਚ ਕਿਸਾਨਾਂ ਉੱਪਰ ਹੋਏ ਕਥਿਤ ਤਸ਼ੱਦਦ ਦੇ ਰੋਸ ਵਜੋਂ 9 ਮਾਰਚ ਨੂੰ ਕਚਹਿਰੀ ਬਠਿੰਡਾ ਵਿਖੇ ਇੱਕ ਦਿਨ ਦਾ ਧਰਨਾ ਦੇਣ ਦਾ ਐਲਾਨ ਕੀਤਾ ਹੈ। ਪਾਰਟੀ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ, ਜ਼ਿਲ੍ਹਾ ਪ੍ਰਧਾਨ ਇੰਜੀ. ਸੁਖਜੀਤ ਸਿੰਘ ਡਾਲਾ ਅਤੇ ਸ਼ਹਿਰੀ ਪ੍ਰਧਾਨ ਰਮਨਦੀਪ ਸਿੰਘ ਰਮੀਤਾ ਨੇ ਸਾਂਝੇ ਲਿਖਤੀ ਬਿਆਨ ਵਿੱਚ ਦੋਸ਼ ਲਗਾਇਆ ਕਿ ਐਸ.ਐਸ.ਪੀ. ਬਠਿੰਡਾ ਦੀ ਅਗਵਾਈ ਹੇਠ ਕਿਸਾਨਾਂ ਨਾਲ ਅਣਮਨੁੱਖੀ ਅਤੇ ਗੈਰ-ਕਾਨੂੰਨੀ ਵਤੀਰਾ ਅਪਣਾਇਆ ਗਿਆ। ਉਨ੍ਹਾਂ ਕਿਹਾ ਕਿ ਕਿਸਾਨ ਸ਼ਾਂਤਮਈ ਢੰਗ ਨਾਲ ਧਰਨਾ ਲਗਾਉਣ ਆ ਰਹੇ ਸਨ ਪਰ ਪੁਲੀਸ ਵੱਲੋਂ ਭਾਰੀ ਬਲ ਤਾਇਨਾਤ ਕਰਕੇ ਸਥਿਤੀ ਨੂੰ ਤਣਾਭਰਪੂਰ ਬਣਾਇਆ ਗਿਆ।



ਆਗੂਆਂ ਨੇ ਦਾਅਵਾ ਕੀਤਾ ਕਿ ਪੁਲੀਸ ਵੱਲੋਂ ਘਰਾਂ ਵਿੱਚ ਦਾਖਲ ਹੋ ਕੇ ਕਾਰਵਾਈ ਕੀਤੀ ਗਈ ਅਤੇ ਕਥਿਤ ਤੌਰ 'ਤੇ ਜ਼ਬਰ ਵਰਤਿਆ ਗਿਆ। ਉਨ੍ਹਾਂ ਇਸਨੂੰ ਲੋਕਤੰਤਰਿਕ ਅਧਿਕਾਰਾਂ 'ਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਵਰਗੇ ਸੰਵੇਦਨਸ਼ੀਲ ਰਾਜ ਵਿੱਚ ਅਜਿਹੀ ਕਾਰਵਾਈ ਹਾਲਾਤਾਂ ਨੂੰ ਭੜਕਾ ਸਕਦੀ ਹੈ।

ਯੂਨਾਈਟਡ ਅਕਾਲੀ ਦਲ ਨੇ ਸਰਕਾਰ ਤੋਂ ਮੰਗ ਕੀਤੀ ਕਿ ਇੱਕ ਹਫ਼ਤੇ ਅੰਦਰ ਘਟਨਾ ਦੀ ਨਿਰਪੱਖ ਜਾਂਚ ਕਰਵਾ ਕੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ 9 ਮਾਰਚ ਨੂੰ ਕਚਹਿਰੀ ਬਠਿੰਡਾ ਅੱਗੇ ਧਰਨਾ ਦਿੱਤਾ ਜਾਵੇਗਾ ਅਤੇ ਡੀ.ਸੀ. ਰਾਹੀਂ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਪਾਰਟੀ ਆਗੂਆਂ ਨੇ ਕਿਹਾ ਕਿ ਅਗਲੇ ਪੜਾਅ ਵਿੱਚ ਪੰਥਕ ਜਥੇਬੰਦੀਆਂ ਨਾਲ ਸਲਾਹ-ਮਸ਼ਵਰਾ ਕਰਕੇ ਵੱਡਾ ਸੰਮੇਲਨ ਬੁਲਾਉਣ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

# ਕੁਦਰਤ ਦੀ ਕਰੋਪੀ ਅੱਗੇ NYC ਦਾ ਹੌਸਲਾ: ਬਰਫ਼ੀਲੇ ਤੂਫ਼ਾਨ 'ਚ ਪਹਿਰੇਦਾਰ ਬਣ ਕੇ ਖੜ੍ਹੀ ਪੁਲਿਸ

## 'ਤੂਫ਼ਾਨ ਭਾਵੇਂ ਜਿੰਨਾ ਮਰਜ਼ੀ ਵੱਡਾ ਹੋਵੇ, ਨਿਊਯਾਰਕ ਤਿਆਰ ਹੈ— ਹਰ ਗਲੀ, ਹਰ ਮੋੜ 'ਤੇ ਬਰਫ਼ੀਲੇ ਕਹਿਰ 'ਚ NYC ਪੁਲਿਸ ਦਾ ਫੌਲਾਦੀ ਪਹਿਰਾ: ਜੰਗੀ ਪੱਧਰ 'ਤੇ ਰਾਹਤ ਕਾਰਜ ਜਾਰੀ, ਹਰ ਨਿਊਯਾਰਕ ਵਾਸੀ ਦੀ ਸੁਰੱਖਿਆ ਦਾ ਲਿਆ ਜ਼ਿੰਮਾ'

ਨਿਊਯਾਰਕ, (ਸਾਡੇ ਲੋਕ) : ਨਿਊਯਾਰਕ ਸਿਟੀ ਵਿੱਚ ਕੁਦਰਤ ਨੇ ਆਪਣਾ ਰੌਦਰ ਰੂਪ ਦਿਖਾਇਆ ਹੈ। ਭਾਰੀ ਬਰਫ਼ਬਾਰੀ ਅਤੇ ਬਰਫ਼ੀਲੇ ਤੂਫ਼ਾਨ ਨੇ ਪੂਰੇ ਸ਼ਹਿਰ ਦੀ ਰਫ਼ਤਾਰ ਨੂੰ ਬਰੇਕਾਂ ਲਗਾ ਦਿੱਤੀਆਂ ਹਨ। ਅਜਿਹੇ ਨਾਜ਼ੁਕ ਹਾਲਾਤ ਵਿੱਚ, ਨਿਊਯਾਰਕ ਪੁਲਿਸ (NYPD) ਦੇ ਜਵਾਨ ਮਸੀਹਾ ਬਣ ਕੇ ਸੜਕਾਂ 'ਤੇ ਉਤਰੇ ਹੋਏ ਹਨ।

ਮੁੱਖ ਜਾਣਕਾਰੀ:

**ਮੁਸਤੈਦੀ:** ਸ਼ਹਿਰ ਦੇ ਪੰਜੇ ਬੋਰੋ (Manhattan, Brooklyn, Queens, Bronx, Staten Island) ਵਿੱਚ ਪੁਲਿਸ ਅਧਿਕਾਰੀ ਪੂਰੀ ਤਾਕਤ ਨਾਲ ਤਾਇਨਾਤ ਹਨ।

**ਗਸ਼ਤ ਅਤੇ ਸਹਾਇਤਾ:** ਸੜਕਾਂ 'ਤੇ ਲਗਾਤਾਰ ਗਸ਼ਤ ਕੀਤੀ ਜਾ ਰਹੀ ਹੈ। ਬਰਫ਼ ਵਿੱਚ ਫਸੇ ਵਾਹਨਾਂ ਨੂੰ ਕੱਢਣ ਅਤੇ ਫਸੇ ਹੋਏ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਪੁਲਿਸ ਜੀ-ਜਾਨ ਨਾਲ ਜੁਟ ਗਈ ਹੈ।

**ਭਰੋਸਾ:** ਪ੍ਰਸ਼ਾਸਨ ਨੇ ਹਰ ਨਿਊਯਾਰਕ ਵਾਸੀ ਨੂੰ ਇਹ ਭਰੋਸਾ ਦਿੱਤਾ ਹੈ ਕਿ ਮੁਸੀਬਤ ਦੀ ਇਸ ਘੜੀ ਵਿੱਚ ਉਹ ਇਕੱਲੇ ਨਹੀਂ ਹਨ। ਪੁਲਿਸ ਵਿਭਾਗ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ— 'ਜੇਕਰ ਤੁਹਾਨੂੰ ਸਾਡੀ ਲੋੜ ਹੈ, ਤਾਂ ਅਸੀਂ ਤਿਆਰ ਹਾਂ।'

**ਜਨਤਕ ਅਪੀਲ:** ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਵਿੱਚ ਰਹਿਣ, ਨਿੱਘੇ ਰਹਿਣ ਅਤੇ ਮੌਸਮ ਬਾਰੇ ਤਾਜ਼ਾ ਜਾਣਕਾਰੀ ਰੱਖਣ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਮਦਦ ਲਈ ਪੁਲਿਸ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਹੈ।












(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# ਅਮਰੀਕਾ 'ਚ ਆਏ ਬਰਫ਼ੀਲੇ ਤੂਫ਼ਾਨ ਕਾਰਨ 11,000 ਤੋਂ ਵੱਧ ਉਡਾਣਾਂ ਰੱਦ

## 5 ਲੱਖ ਘਰ ਤੇ ਵਪਾਰਕ ਅਦਾਰਿਆਂ ਦੀ ਬਿਜਲੀ ਹੋਈ ਗੁੱਲ

## ਸੜਕਾਂ 'ਤੇ ਬਰਫ਼ 'ਚ ਫਸੀਆਂ ਕਾਰਾਂ ਨੂੰ ਬਾਹਰ ਕੱਢਣ 'ਚ ਆ ਰਹੀ ਮੁਸ਼ਕਿਲ










(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)





ਨਿਊਯਾਰਕ : ਅਮਰੀਕਾ 'ਚ ਇਕ ਵਾਰ ਫ਼ਿਰ ਤੋਂ ਬਰਫੀਲੇ ਤੂਫ਼ਾਨ ਦੀ ਮਾਰ ਦੇਖਣ ਨੂੰ ਮਿਲ ਰਹੀ ਹੈ, ਜਿੱਥੋਂ ਦੇ ਈਸਟ ਕੋਸਟ 'ਤੇ ਆਏ ਭਿਆਨਕ ਤੂਫ਼ਾਨ 'ਨਾਰਈਸਟਰ' ਨੇ ਹਵਾਈ ਯਾਤਰਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਸੰਯੁਕਤ ਅਰਬ ਅਮੀਰਾਤ ਦੀਆਂ ਪ੍ਰਮੁੱਖ ਏਅਰਲਾਈਨਾਂ ਅਮੀਰਾਤਸ, ਇਤਿਹਾਦ ਏਅਰਵੇਜ਼ ਅਤੇ ਏਅਰ ਇੰਡੀਆ ਨੇ ਨਿਊਯਾਰਕ, ਨੇਵਾਰਕ ਅਤੇ ਬੋਸਟਨ ਲਈ ਕਈ ਉਡਾਣਾਂ ਰੱਦ ਜਾਂ ਰੀ-ਸ਼ੈਡਿਊਲ ਕਰ ਦਿੱਤੀਆਂ ਹਨ। ਏਅਰਲਾਈਨਾਂ ਨੇ ਯਾਤਰੀਆਂ ਨੂੰ ਆਪਣੀ ਫਲਾਈਟ ਦਾ ਸਟੇਟਸ ਚੈੱਕ ਕਰਨ ਅਤੇ ਮੁੜ-ਬੁਕਿੰਗ ਲਈ ਸੰਪਰਕ ਕਰਨ ਦੀ ਸਲਾਹ ਦਿੱਤੀ ਹੈ। ਮੌਸਮ ਵਿਭਾਗ ਅਨੁਸਾਰ ਨਿਊਯਾਰਕ, ਬੋਸਟਨ, ਫਿਲਾਡੇਲਫੀਆ ਅਤੇ ਵਾਸ਼ਿੰਗਟਨ ਸਮੇਤ ਕਈ ਵੱਡੇ ਸ਼ਹਿਰਾਂ 'ਚ 1 ਤੋਂ 2 ਫੁੱਟ ਤੱਕ ਬਰਫ਼ ਪੈਣ ਦਾ ਖਦਸ਼ਾ ਹੈ। ਤੇਜ਼ ਹਵਾਵਾਂ ਅਤੇ ਬਰਫੀਲੇ ਤੂਫਾਨ ਕਾਰਨ ਯਾਤਰਾ ਦੀ ਸਥਿਤੀ ਬਹੁਤ ਖਰਾਬ ਹੋ ਸਕਦੀ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਘਰਾਂ 'ਚ ਰਹਿਣ ਦੀ ਸਲਾਹ ਦਿੱਤੀ ਹੈ। ਮੌਸਮ ਵਿਭਾਗ ਦੇ ਮਾਹਿਰਾਂ ਮੁਤਾਬਕ 50 ਮਿਲੀਅਨ ਭਾਵ 5 ਕਰੋੜ ਤੋਂ ਜ਼ਿਆਦਾ ਅਮਰੀਕੀ ਇਸ ਤੂਫ਼ਾਨ ਦੀ ਲਪੇਟ 'ਚ ਆ ਸਕਦੇ ਹਨ।

**ਏਅਰ ਇੰਡੀਆ ਨੇ ਵੀ ਰੱਦ ਕੀਤੀਆਂ ਸੇਵਾਵਾਂ**

ਏਅਰ ਇੰਡੀਆ ਨੇ 23 ਫਰਵਰੀ ਨੂੰ ਨਿਊਯਾਰਕ ਅਤੇ ਨੇਵਾਰਕ ਲਈ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ। ਏਅਰਲਾਈਨ ਨੇ ਸਪੱਸ਼ਟ ਕੀਤਾ ਕਿ ਇਹ ਫੈਸਲਾ ਯਾਤਰੀਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖ ਕੇ ਲਿਆ ਗਿਆ ਹੈ। ਯਾਤਰੀਆਂ ਨੂੰ 24x7 ਕਾਲ ਸੈਂਟਰ ਜਾਂ ਅਧਿਕਾਰਤ ਵੈੱਬਸਾਈਟ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਗਈ ਹੈ।

ਇਸ ਤੋਂ ਇਲਾਵਾ ਅਮੀਰਾਤਸ ਨੇ ਨਿਊਯਾਰਕ (ਜੇ.ਐੱਫ.ਕੇ.) ਅਤੇ ਨੇਵਾਰਕ (ਈ.ਡਬਲਿਊ.ਆਰ.) ਲਈ ਕਈ ਉਡਾਣਾਂ ਰੱਦ ਕਰ ਦਿੱਤੀਆਂ ਹਨ। ਏਅਰਲਾਈਨ ਨੇ ਕਿਹਾ ਕਿ ਜਿਨ੍ਹਾਂ ਯਾਤਰੀਆਂ ਨੇ ਸਿੱਧੇ ਤੌਰ 'ਤੇ ਅਮੀਰਾਤਸ ਤੋਂ ਟਿਕਟ ਬੁੱਕ ਕੀਤੀਆਂ ਹਨ, ਉਹ ਕੰਪਨੀ ਨਾਲ ਸੰਪਰਕ ਕਰਨ, ਜਦਕਿ ਟਰੈਵਲ ਏਜੰਸੀ ਰਾਹੀਂ ਬੁਕਿੰਗ ਕਰਨ ਵਾਲੇ ਯਾਤਰੀ ਆਪਣੇ ਏਜੰਟ ਨਾਲ ਸੰਪਰਕ ਕਨ।

**ਅਵਿਵਸਥਾ ਅਤੇ ਭਾਰੀ ਨੁਕਸਾਨ ਦਾ ਖਦਸ਼ਾ**

ਇਕ ਰਿਪੋਰਟ ਦੇ ਮੁਤਾਬਕ ਪ੍ਰਸ਼ਾਸਨ ਨੇ ਨਿਊ ਜਰਸੀ ਵਿਚ ਐਮਰਜੈਂਸੀ ਐਲਾਨ ਦਿੱਤੀ ਹੈ, ਜਦਕਿ ਨਿਊਯਾਰਕ 'ਚ 2016 ਤੋਂ ਬਾਅਦ ਪਹਿਲਾ ਵੱਡਾ ਬਰਫੀਲਾ ਤੂਫਾਨ ਆਉਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ।

ਇਹ ਰਿਪੋਰਟ ਪੰਜਾਬ ਦੀ ਆਰਥਿਕਤਾ ਅਤੇ ਸਮਾਜਿਕ ਸਥਿਤੀ ਦਾ ਇੱਕ ਬਹੁਤ ਹੀ ਗੰਭੀਰ ਅਤੇ ਕਰੂਪ ਚਿਹਰਾ ਪੇਸ਼ ਕਰਦੀ ਹੈ। ਚਰਨਜੀਤ ਭੁੱਲਰ ਦੀ ਇਸ ਵਿਸ਼ੇਸ਼ ਰਿਪੋਰਟ ਨੂੰ ਅਸੀਂ 'ਸਾਡੇ ਲੋਕ' ਦੇ ਪਾਠਕਾਂ ਦੀ ਜਾਣਕਾਰੀ ਹਿੱਤ ਪੇਸ਼ ਕਰ ਰਹੇ ਹਾਂ

# 'ਖ਼ਜ਼ਾਨਾ ਭਰ ਰਹੀ ਹੈ 'ਲਾਲ ਪਰੀ', ਪਰ ਖਾਲੀ ਹੋ ਰਹੇ ਨੇ ਪੰਜਾਬੀਆਂ ਦੇ ਘਰ !'

- 'ਸਰਕਾਰਾਂ ਬਦਲੀਆਂ, ਨੀਤੀਆਂ ਬਦਲੀਆਂ, ਪਰ ਸ਼ਰਾਬ ਦੀ ਰਫ਼ਤਾਰ ਨਹੀਂ ਰੁਕੀ— 25 ਸਾਲਾਂ 'ਚ 10 ਗੁਣਾ ਵਾਧਾ !'
- 'ਪੰਜਾਬ 'ਚ 'ਲਾਲ ਪਰੀ' ਦਾ ਕਹਿਰ: ਰੋਜ਼ਾਨਾ 30 ਕਰੋੜ ਦੀ ਸ਼ਰਾਬ ਗਟਕ ਰਹੇ ਨੇ ਪੰਜਾਬੀ; ਢਾਈ ਦਹਾਕਿਆਂ 'ਚ ਪੀ ਗਏ 3 ਲੱਖ ਕਰੋੜ !'

ਚੰਡੀਗੜ੍ਹ : ਪੰਜਾਬ ਵਿੱਚ ਨਸ਼ਿਆਂ ਵਿਰੁੱਧ ਜੰਗ ਦੇ ਦਾਅਵਿਆਂ ਦੇ ਵਿਚਕਾਰ ਇੱਕ ਹੈਰਾਨ ਕਰਨ ਵਾਲਾ ਸੱਚ ਸਾਹਮਣੇ ਆਇਆ ਹੈ। ਸੂਬੇ ਵਿੱਚ ਸ਼ਰਾਬ ਤੋਂ ਹੋਣ ਵਾਲੀ ਕਮਾਈ ਨੇ ਪਿਛਲੇ ਸਾਰੇ ਰਿਕਾਰਡ ਮਾਤ ਦੇ ਦਿੱਤੇ ਹਨ। ਜਿੱਥੇ 25 ਸਾਲ ਪਹਿਲਾਂ ਸਰਕਾਰ ਨੂੰ ਰੋਜ਼ਾਨਾ 3.69 ਕਰੋੜ ਦੀ ਕਮਾਈ ਹੁੰਦੀ ਸੀ, ਉੱਥੇ ਹੀ ਹੁਣ ਇਹ ਅੰਕੜਾ ਵਧ ਕੇ 30.19 ਕਰੋੜ ਰੁਪਏ ਰੋਜ਼ਾਨਾ ਹੋ ਗਿਆ ਹੈ।

ਖ਼ਬਰ ਦੇ ਮੁੱਖ ਨੁਕਤੇ:

**ਕਮਾਈ ਦਾ ਪਹਾੜ:** ਪਿਛਲੇ 25 ਸਾਲਾਂ ਵਿੱਚ ਪੰਜਾਬੀਆਂ ਨੇ 1.07 ਲੱਖ ਕਰੋੜ ਰੁਪਏ ਸਿਰਫ਼ ਆਬਕਾਰੀ ਟੈਕਸ ਵਜੋਂ ਸਰਕਾਰ ਦੀ ਝੋਲੀ ਪਾਏ ਹਨ। ਜੇਕਰ ਸ਼ਰਾਬ ਦੀ ਕੁੱਲ ਕੀਮਤ ਦੇਖੀ ਜਾਵੇ ਤਾਂ ਇਹ ਅੰਕੜਾ 3 ਲੱਖ ਕਰੋੜ ਰੁਪਏ ਨੂੰ ਪਾਰ ਕਰਦਾ ਹੈ।

ਕਮਾਈ ਦਾ ਇਤਿਹਾਸਕ ਤੁਲਨਾਤਮਕ ਵੇਰਵਾ (Table):

| ਵਿੱਤੀ ਵਰ੍ਹੇ | ਕੁੱਲ ਆਬਕਾਰੀ ਆਮਦਨ (ਕਰੋੜਾਂ ਵਿੱਚ) | ਰੋਜ਼ਾਨਾ ਔਸਤਨ ਕਮਾਈ (ਕਰੋੜ) |
|---|---|---|
| 2002-07 (ਕਾਂਗਰਸ) | 7,326 | 4.01 |
| 2007-12 (ਅਕਾਲੀ-ਭਾਜਪਾ) | 10,808 | 5.92 |
| 2012-17 (ਅਕਾਲੀ-ਭਾਜਪਾ) | 21,294 | 11.66 |
| 2017-22 (ਕਾਂਗਰਸ) | 28,002 | 15.34 |
| 2022-26 (ਆਪ) | 39,838 | 27.28 |

**ਸਰਕਾਰਾਂ ਦਾ ਬਦਲਿਆ ਰੂਪ:** 'ਆਪ' ਸਰਕਾਰ ਨੇ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਵਿੱਚ ਹੀ 39,838 ਕਰੋੜ ਰੁਪਏ ਦੀ ਕਮਾਈ ਕਰਕੇ ਪਿਛਲੀ ਕਾਂਗਰਸ ਸਰਕਾਰ (28,002 ਕਰੋੜ) ਦਾ ਪੰਜ ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ।

**ਨਵਾਂ ਟੀਚਾ:** ਸਾਲ 2026-27 ਦੀ ਨਵੀਂ ਆਬਕਾਰੀ ਨੀਤੀ ਤਹਿਤ ਸਰਕਾਰ ਨੇ 12,800 ਕਰੋੜ ਰੁਪਏ ਦੀ ਕਮਾਈ ਦਾ ਵਿਸ਼ਾਲ ਟੀਚਾ ਮਿੱਥਿਆ ਹੈ।

**ਸਮਾਜਿਕ ਚਿੰਤਾ:** ਮਾਹਿਰਾਂ ਅਨੁਸਾਰ ਪੰਜਾਬ ਦੇ ਬਜਟ ਦਾ ਲਗਭਗ 21.4% ਹਿੱਸਾ ਸ਼ਰਾਬ ਦੀ ਖਪਤ ਵਿੱਚ ਜਾ ਰਿਹਾ ਹੈ। ਪ੍ਰਤੀ ਵਿਅਕਤੀ ਰੋਜ਼ਾਨਾ ਔਸਤਨ 121 ਰੁਪਏ ਦੀ ਸ਼ਰਾਬ ਪੀਤੀ ਜਾ ਰਹੀ ਹੈ, ਜੋ ਸੂਬੇ ਦੀ ਸਿਹਤ ਅਤੇ ਆਰਥਿਕਤਾ ਲਈ ਇੱਕ ਵੱਡਾ ਖਤਰਾ ਹੈ।




# ਅਮਰੀਕਾ ਵਿੱਚ 90 ਫੁੱਟ ਉੱਚੀ ਹਨੂਮਾਨ ਮੂਰਤੀ 'ਤੇ ਮਹਾਂ-ਸੰਗਰਾਮ: ਸ਼ਰਧਾ ਬਨਾਮ ਸਿਆਸੀ ਹਮਲਾ

ਟੈਕਸਾਸ (ਸ਼ੂਗਰ ਲੈਂਡ): (ਸਾਡੇ ਲੋਕ) ਅਮਰੀਕਾ ਦੇ ਟੈਕਸਾਸ ਰਾਜ ਵਿੱਚ ਸਥਾਪਿਤ ਉੱਤਰੀ ਅਮਰੀਕਾ ਦੀ ਸਭ ਤੋਂ ਉੱਚੀ ਹਨੂਮਾਨ ਮੂਰਤੀ, 'ਸਟੈਚੂ ਆਫ ਯੂਨੀਅਨ', ਇਸ ਸਮੇਂ ਇੱਕ ਭਾਰੀ ਸਿਆਸੀ ਅਤੇ ਧਾਰਮਿਕ ਵਿਵਾਦ ਦੇ ਕੇਂਦਰ ਵਿੱਚ ਹੈ। ਜਿੱਥੇ ਇੱਕ ਪਾਸੇ ਇਹ ਮੂਰਤੀ ਸ਼ਾਂਤੀ ਅਤੇ ਏਕਤਾ ਦਾ ਪ੍ਰਤੀਕ ਬਣ ਕੇ ਉਭਰੀ ਹੈ, ਉੱਥੇ ਹੀ ਕੁਝ ਕੱਟੜਪੰਥੀ ਸਿਆਸੀ ਕਾਰਕੁੰਨਾਂ ਵੱਲੋਂ ਇਸ ਨੂੰ 'ਵਿਦੇਸ਼ੀ ਹਮਲਾ' ਦੱਸ ਕੇ ਨਫ਼ਰਤ ਭਰੀ ਬਹਿਸ ਛੇੜ ਦਿੱਤੀ ਗਈ ਹੈ।



**ਵਿਵਾਦ ਦੀ ਚੰਗਿਆੜੀ: 'ਤੀਜੀ ਦੁਨੀਆ ਦਾ ਹਮਲਾ'** : ਹਾਲ ਹੀ ਵਿੱਚ ਰਿਪਬਲਿਕਨ ਕਾਰਕੁੰਨ ਕਾਰਲੋਸ ਟਰਸੀਓਸ ਨੇ ਇਸ ਮੂਰਤੀ ਦੀ ਵੀਡੀਓ ਸਾਂਝੀ ਕਰਦਿਆਂ ਇਸ ਨੂੰ "Third World Invasion" (ਤੀਜੀ ਦੁਨੀਆ ਦਾ ਹਮਲਾ) ਕਰਾਰ ਦਿੱਤਾ। ਉਸਦੇ ਇਸ ਬਿਆਨ ਨੇ ਅਮਰੀਕਾ ਵਿੱਚ ਰਹਿ ਰਹੇ ਲੱਖਾਂ ਹਿੰਦੂ-ਅਮਰੀਕੀਆਂ ਅਤੇ ਭਾਰਤੀ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਕਈ ਸੱਜੇ-ਪੱਖੀ ਨੇਤਾਵਾਂ ਨੇ ਇਸ ਨੂੰ 'ਝੂਠੇ ਦੇਵਤੇ ਦੀ ਮੂਰਤੀ' ਕਹਿ ਕੇ ਅਪਮਾਨਿਤ ਕਰਨ ਦੀ ਕੋਸ਼ਿਸ਼ ਕੀਤੀ ਸੀ।

'ਸਟੈਚੂ ਆਫ ਯੂਨੀਅਨ': ਇੱਕ ਇੰਜੀਨੀਅਰਿੰਗ ਕਰਿਸ਼ਮਾ

ਉਚਾਈ: 90 ਫੁੱਟ (ਅਮਰੀਕਾ ਦੀ ਤੀਜੀ ਸਭ ਤੋਂ ਉੱਚੀ ਮੂਰਤੀ)।

ਨਿਰਮਾਣ: ਇਹ ਮੂਰਤੀ ਪੂਰੀ ਤਰ੍ਹਾਂ ਕਾਂਸੀ (Bronze) ਦੀ ਬਣੀ ਹੋਈ ਹੈ, ਜਿਸ ਦਾ ਢਾਂਚਾ ਭਾਰਤ ਵਿੱਚ ਤਿਆਰ ਕੀਤਾ ਗਿਆ ਅਤੇ ਟੈਕਸਾਸ ਵਿੱਚ ਅਸੈਂਬਲ ਕੀਤਾ ਗਿਆ। ਸਥਾਨ: ਸ਼ੂਗਰ ਲੈਂਡ ਦਾ ਸ਼੍ਰੀ ਅਸ਼ਟਲਕਸ਼ਮੀ ਮੰਦਰ, ਜੋ ਕਿ ਪ੍ਰਸਿੱਧ ਅਧਿਆਤਮਿਕ ਗੁਰੂ ਸ਼੍ਰੀ ਚਿੰਨਾ ਜੀਅਰ ਸਵਾਮੀ ਜੀ ਦੀ ਰਹਿਨੁਮਾਈ ਹੇਠ ਚੱਲਦਾ ਹੈ। ਮੰਦਰ ਦਾ ਪੱਖ: ਧਾਰਮਿਕ ਆਜ਼ਾਦੀ ਅਤੇ ਕਾਨੂੰਨੀ ਮਜ਼ਬੂਤੀ

ਮੰਦਰ ਪ੍ਰਬੰਧਕਾਂ ਨੇ ਸਾਰੇ ਇਲਜ਼ਾਮਾਂ ਨੂੰ ਨਕਾਰਦਿਆਂ ਸਪੱਸ਼ਟ ਕੀਤਾ ਹੈ ਕਿ:

ਸੰਵਿਧਾਨਕ ਅਧਿਕਾਰ: ਅਮਰੀਕੀ ਸੰਵਿਧਾਨ ਹਰ ਨਾਗਰਿਕ ਨੂੰ ਆਪਣੀ ਨਿੱਜੀ ਜਾਇਦਾਦ 'ਤੇ ਆਪਣੇ ਧਰਮ ਦੀ ਪਾਲਣਾ ਕਰਨ ਦੀ ਪੂਰੀ ਆਜ਼ਾਦੀ ਦਿੰਦਾ ਹੈ।

1. ਸੁਰੱਖਿਆ ਤੇ ਟਰੈਫਿਕ: ਮੂਰਤੀ ਦਾ ਨਿਰਮਾਣ ਸਾਰੇ ਸਥਾਨਕ ਨਿਯਮਾਂ (Zoning laws) ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ। ਟ ?ਰੈਫਿਕ ਵਿਭਾਗ ਜਾਂ ਪੁਲਿਸ ਵੱਲੋਂ ਇਸ 'ਤੇ ਕੋਈ ਇਤਰਾਜ਼ ਨਹੀਂ ਜਤਾਇਆ ਗਿਆ।

ਭਾਈਚਾਰਕ ਸਾਂਝ: ਮੰਦਰ ਦਾ ਉਦੇਸ਼ ਕਿਸੇ ਦਾ ਦਿਲ ਦੁਖਾਉਣਾ ਨਹੀਂ, ਸਗੋਂ ਭਾਰਤੀ ਸੱਭਿਆਚਾਰ ਅਤੇ 'ਵਸੂਧੈਵ ਕੁਟੁੰਬਕਮ' (ਸਾਰਾ ਸੰਸਾਰ ਇੱਕ ਪਰਿਵਾਰ ਹੈ) ਦਾ ਸੰਦੇਸ਼ ਦੇਣਾ ਹੈ।

ਅਮਰੀਕਾ ਵਿੱਚ ਬਦਲਦਾ ਸੱਭਿਆਚਾਰਕ ਦ੍ਰਿਸ਼

ਇਹ ਵਿਵਾਦ ਸਿਰਫ ਇੱਕ ਮੂਰਤੀ ਤੱਕ ਸੀਮਤ ਨਹੀਂ ਹੈ, ਸਗੋਂ ਇਹ ਅਮਰੀਕਾ ਵਿੱਚ ਵੱਧ ਰਹੀ ਭਾਰਤੀ-ਅਮਰੀਕੀ ਆਬਾਦੀ, ਉਨ੍ਹਾਂ ਦੇ ਪ੍ਰਭਾਵ ਅਤੇ ਸੱਭਿਆਚਾਰਕ ਵਿਭਿੰਨਤਾ 'ਤੇ ਚੱਲ ਰਹੀ ਡੂੰਘੀ ਬਹਿਸ ਦਾ ਹਿੱਸਾ ਹੈ। ਜਦਕਿ ਇੱਕ ਪਾਸੇ ਨਫ਼ਰਤ ਭਰੇ ਬਿਆਨ ਆ ਰਹੇ ਹਨ, ਦੂਜੇ ਪਾਸੇ ਹਜ਼ਾਰਾਂ ਅਮਰੀਕੀ ਲੋਕ ਇਸ ਮੂਰਤੀ ਦੀ ਕਲਾ ਅਤੇ ਸ਼ਾਂਤਮਈ ਸਰੂਪ ਦੀ ਸ਼ਲਾਘਾ ਕਰ ਰਹੇ ਹਨ।

# ਪੰਜਾਬ ਦੀ ਚੜ੍ਹਦੀ ਕਲਾ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ 'ਖ਼ਾਲਸਾ ਵਹੀਰ' ਦਾ ਆਗਾਜ਼

ਅੰਮ੍ਰਿਤਸਰ : ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੰਥ ਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ 'ਖਾਲਸਾ ਵਹੀਰ' ਦੀ ਸ਼ੁਰੂਆਤ ਕੀਤੀ ਗਈ। ਇਸ ਸਬੰਧ ਵਿੱਚ ਜਥੇਬੰਦੀ ਦੇ ਕਾਰਕੁਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਅਰਦਾਸ ਕੀਤੀ ਗਈ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਖ਼ਾਲਸਾਈ ਜਾਹੋ-ਜਲਾਲ ਦੇ ਨਾਲ 'ਖਾਲਸਾ ਵਹੀਰ' ਦੀ ਆਰੰਭਤਾ ਹੋਈ। ਇਸ ਮੌਕੇ 'ਤੇ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਦੇ ਨਾਲ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖ਼ਾਲਸਾ, ਮਾਤਾ ਬਲਵਿੰਦਰ ਕੌਰ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਾਈ ਮਨਦੀਪ ਸਿੰਘ ਸਿੱਧੂ, ਬਾਬੂ ਸਿੰਘ ਬਰਾੜ, ਕਾਬਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਗੂ ਤੇ ਇੱਕ ਵਰਕਰ ਹਾਜ਼ਰ ਸਨ।

ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਇਹ ਖਾਲਸਾ ਵਹੀਰ ਪੂਰਨ ਤੌਰ 'ਤੇ ਧਾਰਮਿਕ ਹੈ ਜਿਸ ਵਿੱਚ ਅੱਗੇ ਨਗਾਰਾ, ਪੰਜ ਪਿਆਰੇ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਅਤੇ ਪਿੱਛੇ ਕਾਰਾਂ ਦਾ ਵੱਡਾ ਕਾਫ਼ਲਾ ਮੌਜੂਦ ਸੀ। ਸ੍ਰੀ ਦਰਬਾਰ ਸਾਹਿਬ ਤੋਂ ਲੈ ਕੇ ਅੰਮ੍ਰਿਤਸਰ ਗੋਲਡਨ ਗੇਟ ਤੱਕ ਸਾਰੇ ਰਾਹ "ਬੋਲੇ ਸੋ ਨਿਹਾਲ" ਤੇ 'ਰਾਜ ਕਰੇਗਾ ਖ਼ਾਲਸਾ' ਦੇ ਜੈਕਾਰੇ ਲਾਏ ਗਏ।

ਇਸ ਮੌਕੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਹੀ ਪੰਜਾਬ ਦੀ ਨੌਜਵਾਨੀ ਅਤੇ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। ਅੱਜ ਪੰਜਾਬ ਦੀ ਨੌਜਵਾਨੀ ਨਸ਼ਿਆਂ, ਬੇਰੁਜ਼ਗਾਰੀ ਅਤੇ ਪਰਵਾਸ ਦੇ ਹਮਲਿਆਂ ਦਾ ਸ਼ਿਕਾਰ ਹੈ। ਇਸ ਹਾਲਾਤ ਵਿੱਚ ਖ਼ਾਲਸਾ ਵਹੀਰ ਦਾ ਮਕਸਦ ਨੌਜਵਾਨਾਂ ਨੂੰ ਗੁਰਬਾਣੀ, ਗੁਰਮਤਿ ਅਤੇ ਖ਼ਾਲਸਾਈ ਜੀਵਨ ਸ਼ੈਲੀ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਸਾਨੂੰ ਸਿਆਸੀ ਚਾਲਾਂ ਜਾਂ ਖਾਲ੍ਹੀ ਵਾਅਦਿਆਂ ਦੀ ਨਹੀਂ, ਸਗੋਂ ਗੁਰੂ ਦੀ ਰਹਿਣੀ-ਬਹਿਣੀ ਅਤੇ ਅਮਲ ਦੀ ਲੋੜ ਹੈ। ਜੇਕਰ ਨੌਜਵਾਨ ਗੁਰੂ ਦੇ ਸਿਧਾਂਤਾਂ ਨੂੰ ਅਪਨਾਉਣਗੇ ਤਾਂ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਦਾ ਖ਼ਾਤਮਾ ਆਪਣੇ ਆਪ ਹੋ ਜਾਵੇਗਾ।



ਖ਼ਾਲਸਾ ਵਹੀਰ ਦੌਰਾਨ ਪੰਜਾਬ ਦੇ ਪਾਣੀਆਂ ਦੀ ਲੁੱਟ, ਧਾਰਮਿਕ ਅਸਥਾਨਾਂ ਦੀ ਅਜ਼ਾਦੀ, ਕਿਸਾਨੀ ਸੰਕਟ ਅਤੇ ਨੌਜਵਾਨੀ ਦੇ ਭਵਿੱਖ ਵਰਗੇ ਮੁੱਦਿਆਂ ਨੂੰ ਵੀ ਉਭਾਰਿਆ ਜਾਵੇਗਾ। ਇਸ ਸਬੰਧ ਵਿੱਚ ਟਰਾਲੇ ਅਤੇ ਟਰਾਲੀਆਂ 'ਤੇ ਹੋਰਡਿੰਗ ਲਗਾ ਕੇ ਪ੍ਰਦਰਸ਼ਨ ਕੀਤਾ ਗਿਆ। ਪਾਰਟੀ ਆਗੂਆਂ ਨੇ ਕਿਹਾ ਕਿ ਇਹ ਵਹੀਰ ਕੇਵਲ ਇਕ ਪ੍ਰੋਗਰਾਮ ਨਹੀਂ, ਸਗੋਂ ਪੰਜਾਬ ਦੀ ਆਤਮਕ ਅਤੇ ਸਮਾਜਿਕ ਪੁਨਰਜਾਗਰਤੀ ਦੀ ਸ਼ੁਰੂਆਤ ਹੈ। ਉਨ੍ਹਾਂ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਖ਼ਾਲਸਾ ਵਹੀਰ ਨਾਲ ਜੁੜ ਕੇ ਪੰਜਾਬ ਦੀ ਚੜ੍ਹਦੀ ਕਲਾ ਅਤੇ ਨੌਜਵਾਨੀ ਦੇ ਭਵਿੱਖ ਲਈ ਆਪਣਾ ਯੋਗਦਾਨ ਪਾਉਣ। ਇਸ ਦੌਰਾਨ ਪਾਰਟੀ ਆਗੂਆ ਤੋਂ ਇਲਾਵਾ ਅਕਾਲੀ ਦਲ ਪੁਨਰਸੁਰਜੀਤ ਤੋਂ ਮਨਪ੍ਰੀਤ ਸਿੰਘ ਇਆਲੀ ਤੇ ਹੋਰ ਵੱਖ-ਵੱਖ ਸਿਆਸੀ ਤੇ ਧਾਰਮਿਕ ਜਥੇਬੰਦੀਆ ਦੇ ਆਗੂ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਵਰਲਡ ਸਿੱਖ ਪਾਰਲੀਮੈਂਟ ਦਾ ਸਾਲਾਨਾ 6ਵਾਂ ਇਜਲਾਸ ਆਸਟ੍ਰੇਲੀਆ 'ਚ ਸਫਲਤਾਪੂਰਵਕ ਸੰਪੰਨ

## ਵਿਸ਼ਵ ਪੱਧਰ 'ਤੇ ਸਿੱਖਾਂ ਦੀ ਸੁਰੱਖਿਆ ਅਤੇ ਸਿਆਸੀ ਅਵਾਜ਼ ਨੂੰ ਮਜ਼ਬੂਤ ਕਰਨ ਲਈ ਲਏ ਵੱਡੇ ਫੈਸਲੇ













ਮੈਲਬੌਰਨ/ਅਸਟਰੇਲੀਆ : ਵਰਲਡ ਸਿੱਖ ਪਾਰਲੀਮੈਂਟ ਦਾ 2025-26 ਦਾ 6ਵਾਂ ਇਤਿਹਾਸਕ ਇਜਲਾਸ ਆਸਟ੍ਰੇਲੀਆ ਵਿਖੇ ਸਫਲਤਾਪੂਰਵਕ ਸੰਪੰਨ ਹੋਇਆ। ਇਸ ਇਕੱਤਰਤਾ ਵਿੱਚ ਆਸਟ੍ਰੇਲੀਆ, ਨਿਊਜ਼ੀਲੈਂਡ, ਬਰਤਾਨੀਆ, ਅਮਰੀਕਾ, ਕੈਨੇਡਾ ਅਤੇ ਯੂਰਪ ਤੋਂ 125 ਤੋਂ ਵੱਧ ਡੈਲੀਗੇਟਾਂ ਅਤੇ 25 ਤੋਂ ਵੱਧ ਪੰਥਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਇਸ ਇਜਲਾਸ ਦੀ ਸਭ ਤੋਂ ਵੱਡੀ ਪ੍ਰਾਪਤੀ ਔਰਤਾਂ ਅਤੇ ਨੌਜਵਾਨਾਂ ਦੀ ਭਾਰੀ ਸ਼ਮੂਲੀਅਤ ਰਹੀ, ਜਿਸ ਰਾਹੀਂ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਸਿੱਖਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰਕੇ ਕੌਮ ਦੀ ਬੁਲੰਦ ਆਵਾਜ਼ ਬਣਾਉਣ ਦਾ ਸਫਲ ਯਤਨ ਕੀਤਾ ਗਿਆ।

ਇਹ ਇਜਲਾਸ 29 ਅਪ੍ਰੈਲ ਦੇ ਖਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ, 1984 ਤੋਂ ਪਹਿਲਾਂ ਅਤੇ ਬਾਅਦ ਦੇ ਸਮੂਹ ਸ਼ਹੀਦਾਂ, ਭਾਰਤ ਤੋਂ ਆਜ਼ਾਦੀ ਪ੍ਰਾਪਤੀ ਦੀ ਲੜਾਈ ਲੜਨ ਵਾਲੇ ਯੋਧਿਆਂ ਅਤੇ ਸਰਕਾਰੀ ਅੱਤਵਾਦ ਦਾ ਸ਼ਿਕਾਰ ਹੋਏ ਪੰਜਾਬ ਦੇ ਵਸਨੀਕਾਂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਇਜਲਾਸ ਦੌਰਾਨ ਸਿੱਖਾਂ ਦੇ ਆਜ਼ਾਦ ਘਰ ਖਾਲਿਸਤਾਨ ਪ੍ਰਤੀ ਵਚਨਬੱਧਤਾ ਦੁਹਰਾਈ ਗਈ, ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਜਾਰੀ ਰੱਖਣ ਦਾ ਪ੍ਰਣ ਕੀਤਾ ਗਿਆ ਅਤੇ ਸੰਗਤਾਂ ਨੂੰ ਅਮਰੀਕਾ ਦੇ ਸੀਐਟਲ ਵਿੱਚ ਹੋਣ ਜਾ ਰਹੀਆਂ ਰੈਫਰੰਡਮ ਵੋਟਾਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦਾ ਸੱਦਾ ਦਿੱਤਾ ਗਿਆ।

ਇਜਲਾਸ ਦੀ ਕਾਰਵਾਈ ਦੌਰਾਨ ਭਾਈ ਕੁਲਦੀਪ ਸਿੰਘ ਬ੍ਰਿਸਬੇਨ ਨੇ ਸਪੀਕਰ ਵਜੋਂ ਅਤੇ ਭਾਈ ਮਨਪ੍ਰੀਤ ਸਿੰਘ ਨੇ ਸਟੇਜ ਸਕੱਤਰ ਵਜੋਂ ਸੇਵਾ ਨਿਭਾਈ। ਇਸ ਮੌਕੇ ਤਿਹਾੜ ਜੇਲ੍ਹ ਵਿੱਚ ਨਜ਼ਰਬੰਦ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਵਿਸ਼ੇਸ਼ ਸੰਦੇਸ਼ ਵੀ ਭਾਈ ਹਿੰਮਤ ਸਿੰਘ ਵੱਲੋਂ ਪੜ੍ਹ ਕੇ ਸੰਗਤਾਂ ਨਾਲ ਸਾਂਝਾ ਕੀਤਾ ਗਿਆ। ਨਿਊ ਸਾਊਥ ਵੇਲਜ਼ ਨੈਸ਼ਨਲਜ਼ ਪਾਰਟੀ ਦੇ ਨੇਤਾ ਅਤੇ ਕੋਫਸ ਹਾਰਬਰ ਤੋਂ ਮੈਂਬਰ, ਗੁਰਮੇਸ਼ ਸਿੰਘ ਨੇ ਵੀ ਸੈਸ਼ਨ ਵਿੱਚ ਹਿੱਸਾ ਲਿਆ।

ਇਸ ਇਜਲਾਸ ਦੌਰਾਨ ਕਈ ਅਹਿਮ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਆਸਟ੍ਰੇਲੀਆ ਵਿੱਚ ਸਿੱਖਾਂ ਦੀ ਸਿਆਸੀ ਤਾਕਤ ਵਧਾਉਣ ਲਈ 'ਸਿੱਖ ਵੋਟ ਆਸਟ੍ਰੇਲੀਆ' ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ ਕਲੱਸਟਰ ਵੋਟਿੰਗ ਰਾਹੀਂ ਸਿੱਖਾਂ ਦੇ 5 ਅਹਿਮ ਮਸਲਿਆਂ 'ਤੇ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ। ਭਾਰਤੀ ਦਖਲਅੰਦਾਜ਼ੀ ਅਤੇ ਟਰਾਂਸ-ਨੈਸ਼ਨਲ ਰਿਪਰੈਸ਼ਨ ਬਾਰੇ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਲਈ ਇੱਕ ਵਿਸ਼ੇਸ਼ ਰਿਪੋਰਟ ਤਿਆਰ ਕਰਕੇ ਦੋਵਾਂ ਦੇਸ਼ਾਂ ਦੀਆਂ












# ਵਰਲਡ ਸਿੱਖ ਪਾਰਲੀਮੈਂਟ ਦਾ ਸਾਲਾਨਾ 6ਵਾਂ ਇਜਲਾਸ ਆਸਟ੍ਰੇਲੀਆ 'ਚ ਸਫਲਤਾਪੂਰਵਕ ਸੰਪੰਨ

## ਵਿਸ਼ਵ ਪੱਧਰ 'ਤੇ ਸਿੱਖਾਂ ਦੀ ਸੁਰੱਖਿਆ ਅਤੇ ਸਿਆਸੀ ਅਵਾਜ਼ ਨੂੰ ਮਜ਼ਬੂਤ ਕਰਨ ਲਈ ਲਏ ਵੱਡੇ ਫੈਸਲੇ





















ਸਰਕਾਰਾਂ, ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਅਦਾਰਿਆਂ ਨੂੰ ਸੌਂਪਣ ਦਾ ਮਤਾ ਵੀ ਪਾਸ ਹੋਇਆ। ਇਸਦੇ ਨਾਲ ਹੀ ਅੰਤਰਰਾਸ਼ਟਰੀ ਪੱਧਰ 'ਤੇ ਕਾਨੂੰਨੀ ਮਦਦ ਲਈ ਇੱਕ 'ਗਲੋਬਲ ਸਿੱਖ ਲੀਗਲ ਆਬਜ਼ਰਵੇਟਰੀ', 'ਰੈਪਿਡ ਰਿਸਪਾਂਸ ਟੀਮ' ਅਤੇ 'ਟਰਾਂਸਨੈਸ਼ਨਲ ਸਿੱਖ ਲੀਗਲ ਟਾਸਕ ਫੋਰਸ' ਬਣਾਉਣ ਦੇ ਨਾਲ-ਨਾਲ ਸਿੱਖ ਕਾਰਕੁਨਾਂ ਦੀ ਸੁਰੱਖਿਆ ਲਈ ਵਿਸ਼ੇਸ਼ ਸਿਖਲਾਈ ਦੇਣ ਦਾ ਫੈਸਲਾ ਕੀਤਾ ਗਿਆ।

ਨੌਜਵਾਨਾਂ ਨੂੰ ਲੀਡਰਸ਼ਿਪ ਵਿੱਚ ਅੱਗੇ ਲਿਆਉਣ ਲਈ ਅਮਰੀਕਾ ਅਤੇ ਕੈਨੇਡਾ ਦੀ ਤਰਜ਼ 'ਤੇ ਆਸਟ੍ਰੇਲੀਆ ਵਿੱਚ ਵੀ ਅਕਾਦਮਿਕ ਪ੍ਰੋਗਰਾਮ, ਸਕਾਲਰਸ਼ਿਪ ਅਤੇ ਫੈਲੋਸ਼ਿਪ ਸ਼ੁਰੂ ਕੀਤੀਆਂ ਜਾਣਗੀਆਂ। ਨੌਜਵਾਨਾਂ ਲਈ ਅੰਤਰਰਾਸ਼ਟਰੀ ਕਾਨੂੰਨ, ਗਵਰਨੈਂਸ, ਮੀਡੀਆ ਲਿਟਰੇਸੀ, ਪਬਲਿਕ ਸਪੀਕਿੰਗ ਅਤੇ ਕਮਿਊਨਿਟੀ ਮਸਲਿਆਂ ਦੇ ਹੱਲ ਬਾਰੇ ਲੜੀਵਾਰ ਵਰਕਸ਼ਾਪਾਂ ਲਗਾਈਆਂ ਜਾਣਗੀਆਂ। ਪੰਜਾਬੀ ਅਤੇ ਸਿੱਖ ਧਾਰਮਿਕ ਸਿੱਖਿਆ ਨੂੰ ਸਟੇਟ ਅਤੇ ਨੈਸ਼ਨਲ ਸਿਲੇਬਸ ਦਾ ਹਿੱਸਾ ਬਣਾਉਣ ਅਤੇ ਗੈਰ-ਸਿੱਖਾਂ ਨੂੰ ਸਿੱਖ ਪਛਾਣ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਕਿਤਾਬਚੇ ਵੰਡਣ ਦਾ ਟੀਚਾ ਵੀ ਮਿਥਿਆ ਗਿਆ।

ਮੁੱਖ ਸੈਸ਼ਨ ਤੋਂ ਬਾਅਦ ਕ੍ਰੈਗੀਬਰਨ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਨਾਲ ਦੋ ਘੰਟੇ ਦਾ ਵਿਸ਼ੇਸ਼ ਸਵਾਲ-ਜਵਾਬ ਸੈਸ਼ਨ ਹੋਇਆ। ਐਤਵਾਰ ਨੂੰ ਵਰਲਡ ਸਿੱਖ ਪਾਰਲੀਮੈਂਟ ਦੇ ਡੈਲੀਗੇਟਾਂ ਨੇ ਕ੍ਰੈਗੀਬਰਨ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੇ ਸਨਮੁੱਖ ਹੋ ਕੇ ਆਪਣੇ ਵਿਚਾਰ ਸਾਂਝੇ ਕੀਤੇ।

ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕ੍ਰੈਗੀਬਰਨ ਗੁਰਦੁਆਰਾ, ਮੀਰੀ-ਪੀਰੀ ਗੁਰਦੁਆਰਾ, ਟਾਰਨੇਟ ਗੁਰਦੁਆਰੇ ਦੇ ਪ੍ਰਬੰਧਕਾਂ ਅਤੇ ਸਿਡਨੀ, ਮੈਲਬਰਨ, ਬ੍ਰਿਸਬੇਨ, ਪਰਥ ਤੇ ਐਡੀਲੇਡ ਦੇ ਤਮਾਮ ਗੁਰੂ-ਘਰਾਂ ਤੋਂ ਪਹੁੰਚੇ ਨੁਮਾਇੰਦਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ (ਅਮਰੀਕਾ), ਜਨਰਲ ਸਕੱਤਰ ਸ. ਮਨਪ੍ਰੀਤ ਸਿੰਘ, ਲੀਗਲ ਕੌਂਸਲ ਸ. ਪ੍ਰਭ ਸਿੰਘ, ਸ. ਸੰਤੋਖ ਸਿੰਘ, ਸ. ਬਲਵਿੰਦਰ ਸਿੰਘ ਚੱਠਾ, ਸ. ਦਲਜੀਤ ਸਿੰਘ ਸਟਾਕਟਨ, ਸ. ਮਨਬੀਰ ਸਿੰਘ ਸੰਧੂ, ਭਾਈ ਜਸਕੀਰਤ ਕੌਰ, ਸ. ਜਤਿੰਦਰ ਸਿੰਘ ਸਿਡਨੀ, ਸ. ਨਵਤੇਜ ਸਿੰਘ ਐਡੀਲੇਡ, ਬੀਬੀ ਅੰਮ੍ਰਿਤਪ੍ਰੀਤ ਕੌਰ, ਬੀਬੀ ਪਾਹੁਲਪ੍ਰੀਤ ਕੌਰ, ਬੀਬੀ ਸਿਮਰਪ੍ਰੀਤ ਕੌਰ, ਬੀਬੀ ਪ੍ਰਭਜੋਤ ਕੌਰ, ਸ. ਗੁਰਵਿੰਦਰ ਸਿੰਘ, ਸ. ਸ਼ਾਮ ਸਿੰਘ ਅਤੇ ਸ. ਹਿੰਮਤ ਸਿੰਘ (ਆਸਟ੍ਰੇਲੀਆ) ਸਮੇਤ ਕਈ ਪ੍ਰਮੁੱਖ ਬੁਲਾਰਿਆਂ ਨੇ ਸ਼ਿਰਕਤ ਕੀਤੀ।

















# ਕੈਲੀਫੋਰਨੀਆ ਗਵਰਨਰ ਦੀ ਚੋਣ: ਅਮਰੀਕਾ ਦੇ ਪ੍ਰਮੁੱਖ ਬਿਜ਼ਨਸ ਟਾਈਕੂਨ ਸ. ਰਾਜ ਧਾਮੀ ਦੇ ਗ੍ਰਹਿ ਵਿਖੇ ਕਾਂਗਰਸਮੈਨ ਐਰਿਕ ਸਵਾਲਵੈਲ ਲਈ ਜੁੜਿਆ ਸਿਆਸੀ ਸੈਲਾਬ

## ਭਾਰਤੀ-ਅਮਰੀਕੀ ਅਤੇ ਪੰਜਾਬੀ ਸਿੱਖ ਭਾਈਚਾਰੇ ਨੇ ਗਵਰਨਰ ਦੀ ਦੌੜ ਵਿੱਚ ਸਵਾਲਵੈਲ ਦੇ ਪੱਖ ਵਿੱਚ ਬਜਾਇਆ ਚੋਣ ਬਿਗਲ








ਮਿਲਪੀਟਸ/ਬੇਏਰੀਆ, (ਸਾਡੇ ਲੋਕ' ਬਿਊਰੋ) : ਕੈਲੀਫੋਰਨੀਆ ਦੇ ਅਗਲੇ ਗਵਰਨਰ ਦੀ ਚੋਣ ਨੂੰ ਲੈ ਕੇ ਸਿਆਸੀ ਮੈਦਾਨ ਪੂਰੀ ਤਰ੍ਹਾਂ ਭਖ ਚੁੱਕਾ ਹੈ। ਇਸੇ ਕੜੀ ਤਹਿਤ ਅਮਰੀਕਾ ਦੇ ਉੱਘੇ ਕਾਰੋਬਾਰੀ ਸਰਦਾਰ ਰਾਜ ਧਾਮੀ ਅਤੇ ਸ੍ਰੀਮਤੀ ਤਰਨ ਧਾਮੀ ਦੇ ਮਿਲਪੀਟਸ ਸਥਿਤ ਨਿਵਾਸ ਅਸਥਾਨ 'ਤੇ ਕਾਂਗਰਸਮੈਨ ਐਰਿਕ ਸਵਾਲਵੈਲ (Eric Swalwell) ਦੇ ਸਮਰਥਨ ਵਿੱਚ ਇੱਕ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਫੰਡਰੇਜ਼ਰ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕੈਲੀਫੋਰਨੀਆ ਦੀਆਂ ਚੋਟੀ ਦੀਆਂ ਸਿਆਸੀ ਅਤੇ ਕਾਰੋਬਾਰੀ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਸਵਾਲਵੈਲ ਦੀ ਉਮੀਦਵਾਰੀ 'ਤੇ ਮੋਹਰ ਲਗਾਈ।

ਦਿੱਗਜ ਸ਼ਖਸੀਅਤਾਂ ਦੀ ਮੌਜੂਦਗੀ : ਪ੍ਰੋਗਰਾਮ ਦੀ ਮੇਜ਼ਬਾਨੀ ਸਰਦਾਰ ਰਾਜ ਧਾਮੀ ਦੇ ਪਰਿਵਾਰ ਵੱਲੋਂ ਕੀਤੀ ਗਈ, ਜਿੱਥੇ ਪੰਜਾਬੀ ਭਾਈਚਾਰੇ ਦੇ ਵੱਡੇ ਸਤੰਭ ਅਤੇ 'ਕਾਰ ਕਿੰਗ' ਵਜੋਂ ਜਾਣੇ ਜਾਂਦੇ ਸਰਦਾਰ ਇੰਦਰ ਸਿੰਘ ਦੋਸਾਂਝ, ਜੈਸੀ ਦੋਸਾਂਝ, ਸਰਦਾਰ ਬੌਬ ਔਜਲਾ, ਅਤੇ ਸਰਦਾਰ ਮੈਨੀ ਤੇ ਜਸ ਗਰੇਵਾਲ ਸਮੇਤ ਕਈ ਮਾਨਯੋਗ ਸ਼ਖਸੀਅਤਾਂ ਪਹੁੰਚੀਆਂ। ਮਾਨਯੋਗ ਬਿੱਲ ਲਿਓਨਸ ਦੀ ਹਾਜ਼ਰੀ ਨੇ ਇਸ ਇਕੱਠ ਦੀ ਸਿਆਸੀ ਅਹਿਮੀਅਤ ਨੂੰ ਹੋਰ ਵੀ ਵਧਾ ਦਿੱਤਾ।

ਸਵਾਲਵੈਲ: ਗਵਰਨਰ ਦੀ ਦੌੜ ਵਿੱਚ ਸਭ ਤੋਂ ਅੱਗੇ ਮੌਜੂਦਾ ਗਵਰਨਰ ਗੇਵਿਨ ਨਿਊਸਮ ਦਾ ਕਾਰਜਕਾਲ ਖਤਮ ਹੋਣ ਦੇ ਨਾਲ ਹੀ ਐਰਿਕ ਸਵਾਲਵੈਲ ਇੱਕ ਮਜ਼ਬੂਤ ਦਾਅਵੇਦਾਰ ਵਜੋਂ ਉਭਰੇ ਹਨ। ਫਰਵਰੀ 2026 ਦੇ ਤਾਜ਼ਾ ਸਰਵੇਖਣਾਂ ਮੁਤਾਬਕ, ਸਵਾਲਵੈਲ ਡੈਮੋਕ੍ਰੇਟਿਕ ਉਮੀਦਵਾਰਾਂ ਦੀ ਸੂਚੀ ਵਿੱਚ ਸਭ ਤੋਂ










# ਕੈਲੀਫੋਰਨੀਆ ਗਵਰਨਰ ਦੀ ਚੋਣ: ਅਮਰੀਕਾ ਦੇ ਪ੍ਰਮੁੱਖ ਬਿਜ਼ਨਸ ਟਾਈਕੂਨ ਸ. ਰਾਜ ਧਾਮੀ ਦੇ ਗ੍ਰਹਿ ਵਿਖੇ ਕਾਂਗਰਸਮੈਨ ਐਰਿਕ ਸਵਾਲਵੈਲ ਲਈ ਜੁੜਿਆ ਸਿਆਸੀ ਸੈਲਾਬ

## ਭਾਰਤੀ-ਅਮਰੀਕੀ ਅਤੇ ਪੰਜਾਬੀ ਸਿੱਖ ਭਾਈਚਾਰੇ ਨੇ ਗਵਰਨਰ ਦੀ ਦੌੜ ਵਿੱਚ ਸਵਾਲਵੈਲ ਦੇ ਪੱਖ ਵਿੱਚ ਬਜਾਇਆ ਚੋਣ ਬਿਗਲ







ਉੱਪਰ ਹਨ। ਹਾਲ ਹੀ ਵਿੱਚ ਸੈਨ ਫਰਾਂਸਿਸਕੋ ਵਿਖੇ ਹੋਈ ਡੈਮੋਕ੍ਰੇਟਿਕ ਕਨਵੈਨਸ਼ਨ ਵਿੱਚ 24% ਡੈਲੀਗੇਟਾਂ ਦਾ ਸਮਰਥਨ ਹਾਸਲ ਕਰਕੇ ਉਨ੍ਹਾਂ ਨੇ ਕੇਟੀ ਪੋਰਟਰ ਅਤੇ ਸਟੀਵ ਹਿਲਟਨ ਵਰਗੇ ਵਿਰੋਧੀਆਂ ਨੂੰ ਪਛਾੜ ਦਿੱਤਾ ਹੈ।

ਪੰਜਾਬੀ ਭਾਈਚਾਰੇ ਦਾ ਵਧਦਾ ਸਿਆਸੀ ਕੱਦ

ਸਮਾਗਮ ਦੌਰਾਨ 'ਸਾਡੇ ਲੋਕ' ਅਖ਼ਬਾਰ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕਾਂਗਰਸਮੈਨ ਐਰਿਕ ਸਵਾਲਵੈਲ ਨੇ ਕਿਹਾ: 'ਕੈਲੀਫੋਰਨੀਆ ਦੇ ਵਿਕਾਸ ਵਿੱਚ ਪੰਜਾਬੀ ਸਿੱਖ ਕਮਿਊਨਿਟੀ ਦਾ ਯੋਗਦਾਨ ਬੇਮਿਸਾਲ ਹੈ। ਮੈਨੂੰ ਬਹੁਤ ਮਾਣ ਹੈ ਕਿ ਇਹ ਮਿਹਨਤੀ ਭਾਈਚਾਰਾ ਮੇਰੇ ਨਾਲ ਚੱਟਾਨ ਵਾਂਗ ਖੜ੍ਹਾ ਹੈ। ਅਸੀਂ ਮਿਲ ਕੇ ਕੈਲੀਫੋਰਨੀਆ ਵਿੱਚ ਰਹਿਣ ਦੇ ਖਰਚੇ ਘਟਾਉਣ ਅਤੇ ਆਰਥਿਕਤਾ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਵਾਂਗੇ।'

ਧੰਨਵਾਦੀ ਮਤਾ : ਪ੍ਰੋਗਰਾਮ ਦੇ ਅਖੀਰ ਵਿੱਚ ਸਰਦਾਰ ਰਾਜ ਧਾਮੀ ਨੇ ਆਏ ਹੋਏ ਸਾਰੇ ਸੱਜਣਾਂ-ਮਿੱਤਰਾਂ ਅਤੇ ਭਾਈਚਾਰੇ ਦੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਵਾਲਵੈਲ ਵਰਗੇ ਦੂਰਅੰਦੇਸ਼ੀ ਨੇਤਾ ਦਾ ਸਾਥ ਦੇਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਕੈਲੀਫੋਰਨੀਆ ਦਾ ਭਵਿੱਖ ਸੁਰੱਖਿਅਤ ਹੋ ਸਕੇ।

ਮੁੱਖ ਨੁਕਤੇ:

ਪ੍ਰਾਇਮਰੀ ਚੋਣਾਂ: 2 ਜੂਨ, 2026

ਮੁੱਖ ਏਜੰਡਾ: ਸਸਤੀ ਰਿਹਾਇਸ਼, ਆਰਥਿਕ ਸੁਧਾਰ ਅਤੇ ਸਰਕਾਰੀ ਪਾਰਦਰਸ਼ਤਾ।

ਸਿਆਸੀ ਸਮਰਥਨ: ਐਡਮ ਸ਼ਿਫ਼ ਵਰਗੇ ਦਿੱਗਜ ਨੇਤਾਵਾਂ ਵੱਲੋਂ ਸਮਰਥਨ।











# ਟਰੇਸੀ ਅਗਵਾ ਕਾਂਡ: 'ਕਿਸੇ ਹੋਰ ਅਪਰਾਧੀ ਦਾ ਗੁਨਾਹ ਸਜ਼ਾ ਕਿਸੇ ਹੋਰ ਨਿਰਦੋਸ਼ ਨੂੰ ਮਿਲ ਗਈ

## 'ਗਲਤ ਪਛਾਣ' ਨੇ ਖੋਹ ਲਈ ਪਰਿਵਾਰ ਦੀ ਖੁਸ਼ੀ; 23 ਸਾਲ ਸੇਵਾ ਕਰਨ ਵਾਲੇ ਭਾਈ ਅਵਤਾਰ ਸਿੰਘ ਦੀ ਮੌਤ ਨਾਲ ਸਿੱਖ ਜਗਤ ਸਦਮੇ 'ਚ

ਟਰੇਸੀ (ਕੈਲੀਫੋਰਨੀਆ) : ਟਰੇਸੀ ਦੇ ਸ਼ਾਂਤ ਮਾਹੌਲ ਵਿੱਚ ਇੱਕ ਅਜਿਹੀ ਖ਼ੌਫ਼ਨਾਕ ਘਟਨਾ ਵਾਪਰੀ, ਜਿਸ ਨੇ ਨਾ ਸਿਰਫ਼ ਸਥਾਨਕ ਭਾਈਚਾਰੇ ਨੂੰ ਸਗੋਂ ਪੂਰੀ ਦੁਨੀਆ ਵਿੱਚ ਵਸਦੇ ਪੰਜਾਬੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਗੁਰਦੁਆਰਾ ਸਾਹਿਬ ਵਿੱਚ ਪਿਛਲੇ 23 ਸਾਲਾਂ ਤੋਂ ਲੰਗਰ ਦੀ ਸੇਵਾ ਨਿਭਾ ਰਹੇ 57 ਸਾਲਾ ਅਵਤਾਰ ਸਿੰਘ ਦੀ ਅਗਵਾ ਤੋਂ ਬਾਅਦ ਹੋਈ ਮੌਤ ਨੇ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਅਵਤਾਰ ਸਿੰਘ ਕਿਸੇ ਦੁਸ਼ਮਣੀ ਦਾ ਨਹੀਂ, ਸਗੋਂ 'ਗਲਤ ਪਛਾਣ' (Mistaken Identity) ਦਾ ਸ਼ਿਕਾਰ ਹੋਏ।

ਸੇਵਾ ਦਾ ਪੁੰਜ: ਗੁਰੂ ਘਰ ਦਾ ਉਹ ਰਸੋਈਆ ਜੋ ਸਭ ਦਾ ਪਿਆਰਾ ਸੀ

ਅਵਤਾਰ ਸਿੰਘ ਸਿਰਫ਼ ਇੱਕ ਹੈੱਡ ਕੁੱਕ (ਮੁੱਖ ਲੰਗਰੀ) ਨਹੀਂ ਸਨ, ਬਲਕਿ ਸੰਗਤ ਲਈ ਇੱਕ ਭਰੋਸੇਮੰਦ ਸਤੰਭ ਸਨ। ਉਹ ਰੋਜ਼ਾਨਾ ਤੜਕਸਾਰ ਉੱਠ ਕੇ ਲੰਗਰ ਤਿਆਰ ਕਰਦੇ ਅਤੇ ਹਰ ਆਉਣ-ਜਾਣ ਵਾਲੇ ਦਾ ਹਾਲ-ਚਾਲ ਪੁੱਛਦੇ। ਨੌਜਵਾਨ ਸੇਵਾਦਾਰਾਂ ਨੂੰ ਉਹ ਪਿਆਰ ਨਾਲ ਵਿਰਾਸਤੀ ਪਕਵਾਨਾਂ ਦੀਆਂ ਬਾਰੀਕੀਆਂ ਸਿਖਾਉਂਦੇ ਸਨ।

ਘਰ ਵਿੱਚ ਖੁਸ਼ੀਆਂ ਦਾ ਆਗਮਨ: ਤਿੰਨ ਨਵਜੰਮੇ ਬੱਚਿਆਂ ਦੇ ਸਿਰ ਤੋਂ ਉੱਠਿਆ ਪਿਤਾ ਦਾ ਸਾਇਆ

ਅਵਤਾਰ ਸਿੰਘ ਦੇ ਨਿੱਜੀ ਜੀਵਨ ਵਿੱਚ ਹਾਲ ਹੀ ਵਿੱਚ ਬਹੁਤ ਵੱਡੀ ਖੁਸ਼ੀ ਆਈ ਸੀ—ਉਨ੍ਹਾਂ ਦੇ ਘਰ ਤਿੰਨ ਜੁੜਵਾਂ ਬੱਚਿਆਂ (Triplets) ਨੇ ਜਨਮ ਲਿਆ ਸੀ। ਉਹ ਆਪਣੇ ਬੱਚਿਆਂ ਦੇ ਭਵਿੱਖ ਲਈ ਬਹੁਤ ਉਤਸ਼ਾਹਿਤ ਸਨ, ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਘਟਨਾ ਦਾ ਕ੍ਰਮ: ਇੱਕ ਖ਼ੌਫ਼ਨਾਕ ਦੁਪਹਿਰ

ਅਗਵਾ: ਇੱਕ ਸਾਧਾਰਨ ਦੁਪਹਿਰ ਨੂੰ ਜਦੋਂ ਅਵਤਾਰ ਸਿੰਘ ਗੁਰਦੁਆਰਾ ਸਾਹਿਬ ਦੇ ਬਾਹਰ ਖੜ੍ਹੇ ਸਨ, ਤਿੰਨ ਵਿਅਕਤੀਆਂ ਨੇ ਉਨ੍ਹਾਂ ਨੂੰ ਜ਼ਬਰਦਸਤੀ ਗੱਡੀ ਵਿੱਚ ਸੁੱਟ ਲਿਆ। ਸੀਸੀਟੀਵੀ ਕੈਮਰਿਆਂ ਵਿੱਚ ਇਹ ਸਾਰੀ ਘਟਨਾ ਕੈਦ ਹੋ ਗਈ।

ਤਲਾਸ਼: ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਸਰਚ ਆਪਰੇਸ਼ਨ ਚਲਾਇਆ, ਪਰ ਦੋ ਦਿਨਾਂ ਤੱਕ ਕੋਈ ਸੁਰਾਗ ਨਹੀਂ ਮਿਲਿਆ।

ਬਰਾਮਦਗੀ: ਦੋ ਦਿਨਾਂ ਬਾਅਦ, ਟਰੇਸੀ ਤੋਂ ਲਗਭਗ ਦੋ ਘੰਟੇ ਦੀ ਦੂਰੀ 'ਤੇ ਲੇਕ ਬੇਰੀਏਸਾ (Lake Berryessa) ਦੇ ਕੋਲ ਇੱਕ ਹਾਈਵੇਅ ਕਿਨਾਰੇ ਅਵਤਾਰ ਸਿੰਘ ਦੀ ਦੇਹ ਬਰਾਮਦ ਹੋਈ।

ਤਫ਼ਤੀਸ਼ ਵਿੱਚ ਵੱਡਾ ਖੁਲਾਸਾ: 'ਮਾਰਨਾ ਕਿਸੇ ਹੋਰ ਨੂੰ ਸੀ, ਮਾਰਿਆ ਕਿਸੇ ਹੋਰ ਨੂੰ'

ਪੁਲਿਸ ਜਾਂਚ ਵਿੱਚ ਇਹ ਦਿਲ-ਕੰਬਾਊ ਗੱਲ ਸਾਹਮਣੇ ਆਈ ਕਿ ਹਮਲਾਵਰ ਅਵਤਾਰ ਸਿੰਘ ਨੂੰ ਜਾਣਦੇ ਤੱਕ ਨਹੀਂ ਸਨ। ਉਨ੍ਹਾਂ ਨੇ ਗਲਤੀ ਨਾਲ ਅਵਤਾਰ ਸਿੰਘ ਨੂੰ ਕੋਈ ਹੋਰ ਸਮਝ ਲਿਆ ਅਤੇ ਅਗਵਾ ਕਰ ਲਿਆ। ਇਸ ਗਲਤਫਹਿਮੀ ਨੇ ਇੱਕ ਬੇਗੁਨਾਹ ਅਤੇ ਨੇਕ ਇਨਸਾਨ ਦੀ ਜਾਨ ਲੈ ਲਈ। ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਮਾਤਮ ਵਿੱਚ ਡੁੱਬਿਆ ਭਾਈਚਾਰਾ

ਗੁਰਦੁਆਰਾ ਸਾਹਿਬ ਦੇ ਬਾਹਰ ਜਿੱਥੇ ਅਵਤਾਰ ਸਿੰਘ ਆਖਰੀ ਵਾਰ ਦੇਖੇ ਗਏ ਸਨ, ਉੱਥੇ ਹੁਣ ਫੁੱਲ ਅਤੇ ਮੋਮਬੱਤੀਆਂ ਬਾਲ ਕੇ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਸੰਗਤਾਂ ਉਨ੍ਹਾਂ ਦੀ ਨਿਸ਼ਕਾਮ ਸੇਵਾ ਨੂੰ ਯਾਦ ਕਰਕੇ ਭਾਵੁਕ ਹੋ ਰਹੀਆਂ ਹਨ। ਧਾਰਮਿਕ ਆਗੂਆਂ ਨੇ ਭਾਈਚਾਰੇ ਨੂੰ ਧੀਰਜ ਰੱਖਣ ਅਤੇ ਅਵਤਾਰ ਸਿੰਘ ਦੇ ਦਿਖਾਏ ਸੇਵਾ ਦੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ ਹੈ।

ਇਨਸਾਫ਼ ਦੀ ਗੁਹਾਰ

ਸਿੰਘ ਪਰਿਵਾਰ ਇਸ ਵੇਲੇ ਬਹੁਤ ਹੀ ਮੁਸ਼ਕਿਲ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਇੱਕ ਪਾਸੇ ਤਿੰਨ ਛੋਟੇ ਬੱਚਿਆਂ ਦੀ ਸੰਭਾਲ ਅਤੇ ਦੂਜੇ ਪਾਸੇ ਕਾਨੂੰਨੀ ਲੜਾਈ। ਭਾਈਚਾਰੇ ਵੱਲੋਂ ਪਰਿਵਾਰ ਦੀ ਮਦਦ ਲਈ ਫੰਡ ਵੀ ਇਕੱਠੇ ਕੀਤੇ ਜਾ ਰਹੇ ਹਨ। ਅਦਾਲਤੀ ਕਾਰਵਾਈ ਜਾਰੀ ਹੈ, ਅਤੇ ਹਰ ਅੱਖ ਇਨਸਾਫ਼ ਦੀ ਉਡੀਕ ਕਰ ਰਹੀ ਹੈ।

ਨਿਸ਼ਕਰਸ਼: ਅਵਤਾਰ ਸਿੰਘ ਦੀ ਕਹਾਣੀ ਸਾਨੂੰ ਜੀਵਨ ਦੀ ਅਨਿਸ਼ਚਿਤਤਾ ਅਤੇ ਭਾਈਚਾਰਕ ਸਾਂਝ ਦੀ ਅਹਿਮੀਅਤ ਯਾਦ ਦਿਵਾਉਂਦੀ ਹੈ। ਉਹ ਸਰੀਰਕ ਤੌਰ 'ਤੇ ਸਾਡੇ ਵਿੱਚ ਨਹੀਂ ਰਹੇ, ਪਰ ਉਨ੍ਹਾਂ ਦੇ ਹੱਥਾਂ ਦਾ ਸਵਾਦ ਅਤੇ ਉਨ੍ਹਾਂ ਦੀ ਨਿੱਘੀ ਮੁਸਕਰਾਹਟ ਟਰੇਸੀ ਦੇ ਗੁਰੂ ਘਰ ਦੀਆਂ ਕੰਧਾਂ ਵਿੱਚ ਹਮੇਸ਼ਾ ਗੂੰਜਦੀ ਰਹੇਗੀ।



# ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦੀਆਂ ਹੈੱਡ ਗ੍ਰੰਥੀ ਵਜੋਂ ਸੇਵਾਵਾਂ ਖਤਮ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਰਘਬੀਰ ਸਿੰਘ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ। ਇਸ ਤੋਂ ਪਹਿਲਾਂ ਕਾਫੀ ਦੇਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਹੰਗਾਮੀ ਇਕੱਤਰਤਾ ਇੱਥੇ ਮੁੱਖ ਦਫਤਰ ਵਿਖੇ ਜਾਰੀ ਸੀ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਚੱਲ ਰਹੀ ਇਸ ਇਕੱਤਰਤਾ ਵਿਚ ਗਿਆਨੀ ਰਘਬੀਰ ਸਿੰਘ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੇ ਮਾਮਲੇ ਬਾਰੇ ਕੋਈ ਅਹਿਮ ਫੈਸਲਾ ਲਏ ਜਾਣ ਦੀ ਚਰਚਾ ਸੀ।



ਮੀਟਿੰਗ ਪਿੱਛੋਂ ਜਾਣਕਾਰੀ ਦਿੰਦਿਆਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਰਘਬੀਰ ਸਿੰਘ ਨੇ ਐਸਜੀਪੀਸੀ ਦੀ ਬਦਨਾਮੀ ਕੀਤੀ ਹੈ। ਉਨ੍ਹਾਂ ਕਿਹਾ ਕਿ ਗਿਆਨੀ ਰਘਬੀਰ ਸਿੰਘ ਨੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਇਸ ਲਈ ਉਨ੍ਹਾਂ ਦੀਆਂ ਸੇਵਾਵਾਂ ਖਤਮ ਕੀਤੀਆਂ ਜਾਂਦੀਆਂ ਹਨ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤਰਿੰਗ ਕਮੇਟੀ ਦੀ ਇਕੱਤਰਤਾ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਅੱਗੇ ਕਿਹਾ ਕਿ ਸਨਮਾਨਯੋਗ ਪਦਵੀ ਉਤੇ ਹੁੰਦਿਆਂ ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਬਾਰੇ ਲਾਏ ਗਏ ਦੋਸ਼ਾਂ ਬਾਰੇ ਉਨ੍ਹਾਂ ਤੋਂ 72 ਘੰਟੇ ਅੰਦਰ ਲਾਏ ਦੋਸ਼ਾਂ ਦੇ ਸਬੂਤ ਪੇਸ਼ ਕਰਨ ਲਈ ਕਿਹਾ ਗਿਆ ਸੀ ਪਰ ਉਨ੍ਹਾਂ ਵਲੋਂ ਅਜਿਹਾ ਨਹੀਂ ਕੀਤਾ ਗਿਆ ਜਿਸ ਉਪਰੰਤ ਅੱਜ ਅੰਤਰਿਮ ਕਮੇਟੀ ਨੇ ਲੰਬੇ ਵਿਚਾਰ ਵਟਾਂਦਰੇ ਤੋਂ ਬਾਅਦ ਉਹਨਾਂ ਨੂੰ ਸੇਵਾ ਮੁਕਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ ਅਤੇ ਹੋਰ ਅੰਤਰਿ ਕਮੇਟੀ ਮੈਂਬਰ ਸਾਹਿਬਾਨ ਤੇ ਅਧਿਕਾਰੀ ਹਾਜ਼ਰ ਸਨ।

**ਸੇਵਾਵਾਂ ਖ਼ਤਮ ਹੋਣ ਉਪਰੰਤ ਸੁਣੋ ਕੀ ਬੋਲੇ ਗਿ. ਰਘਬੀਰ ਸਿੰਘ** : ਐਸਜੀਪੀਸੀ ਵੱਲੋਂ ਸੇਵਾਵਾਂ ਖ਼ਤਮ ਕੀਤੇ ਜਾਣ ਤੋਂ ਬਾਅਦ ਗਿ. ਰਘਬੀਰ ਸਿੰਘ ਨੇ ਇੱਕ ਵਾਰ ਫਿਰ ਤਿੱਖੇ ਬਿਆਨ ਨਾਲ ਮਾਮਲੇ ਨੂੰ ਨਵਾਂ ਮੋੜ ਦੇ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਫੈਸਲੇ ਦਾ ਕੋਈ ਮਲਾਲ ਨਹੀਂ ਅਤੇ ਉਹ ਪਹਿਲਾਂ ਤੋਂ ਹੀ ਇਸ ਨਤੀਜੇ ਲਈ ਤਿਆਰ ਸਨ।

ਮੀਡੀਆ ਨਾਲ ਗੱਲਬਾਤ ਕਰਦਿਆਂ ਗਿ. ਰਘਬੀਰ ਸਿੰਘ ਨੇ ਦਾਅਵਾ ਕੀਤਾ ਕਿ ਸਾਰੇ ਵਿਵਾਦਾਂ ਦੀ ਜੜ੍ਹ 2 ਦਸੰਬਰ ਨੂੰ ਆਇਆ ਇਕ ਫੈਸਲਾ ਹੈ। ਉਨ੍ਹਾਂ ਦੇ ਮੁਤਾਬਕ, ਉਸ ਦਿਨ ਲਏ ਗਏ ਫੈਸਲੇ ਤੋਂ ਬਾਅਦ ਹਾਲਾਤ ਬਦਲੇ ਅਤੇ ਉਸਦਾ ਹੀ ਨਤੀਜਾ ਅੱਜ ਸਾਹਮਣੇ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਤਾਕਤਾਂ ਉਸ ਫੈਸਲੇ ਨੂੰ ਹਜ਼ਮ ਨਹੀਂ ਕਰ ਸਕੀਆਂ। ਗਿ. ਰਘਬੀਰ ਸਿੰਘ ਨੇ ਸਿੱਧਾ ਦੋਸ਼ ਲਗਾਇਆ ਕਿ ਬਾਦਲ ਪਰਿਵਾਰ ਦੇ ਹੱਕ ਵਿੱਚ ਫੈਸਲਾ ਕਰਵਾਉਣ ਲਈ ਉਨ੍ਹਾਂ 'ਤੇ ਕਾਫ਼ੀ ਦਬਾਅ ਬਣਾਇਆ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਉਨ੍ਹਾਂ ਨੇ ਉਸ ਦਬਾਅ ਅੱਗੇ ਝੁਕਣ ਤੋਂ ਇਨਕਾਰ ਕੀਤਾ, ਤਾਂ ਉਸ ਤੋਂ ਬਾਅਦ ਇਹ ਸਾਰਾ ਘਟਨਾਕ੍ਰਮ ਸ਼ੁਰੂ ਹੋਇਆ। ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਸਾਰੇ ਤੱਥ ਅਤੇ ਸਬੂਤ ਜਲਦ ਹੀ ਸੰਗਤ ਦੇ ਸਾਹਮਣੇ ਰੱਖਣਗੇ।

# ਪੁੱਤਰ ਨੂੰ ਬਿਨਾਂ ਕਿਸੇ ਦੋਸ਼ ਤੋਂ ਹੀ ਨਿਸ਼ਾਨਾ ਬਣਾ ਦਿੱਤਾ : ਮਾਪੇ

## ਐਨਕਾਊਂਟਰ ਕੀਤੇ ਗਏ ਨੌਜਵਾਨ ਦੇ ਪਰਿਵਾਰ ਨਾਲ ਦੁੱਖ ਪ੍ਰਗਟਾਉਣ ਪੁੱਜੇ ਵਿਧਾਇਕ ਖਹਿਰਾ

ਗੁਰਦਾਸਪੁਰ : ਆਦੀਆਂ ਚੌਂਕ ਪੋਸਟ 'ਤੇ ਹੋਏ ਹਮਲੇ ਸੰਬੰਧੀ ਪੁਲਿਸ ਵਲੋਂ ਕਾਰਵਾਈ ਦੌਰਾਨ ਮਾਰੇ ਗਏ ਰਣਜੀਤ ਸਿੰਘ ਦੇ ਪਰਿਵਾਰ ਨੇ ਪੁਲਿਸ ਪ੍ਰਸ਼ਾਸਨ ਦੇ ਇਸ ਮੁਕਾਬਲੇ 'ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੂੰ ਘਰ ਤੋਂ ਫੜ ਕੇ ਖੜਿਆ ਗਿਆ ਸੀ, ਜਿਸ ਤੋਂ ਬਾਅਦ ਪੁਲਿਸ ਵਲੋਂ ਪਿੰਡ ਵਿਚ ਲੱਗੇ ਹੋਏ ਕੈਮਰੇ ਤੱਕ ਉਤਾਰ ਲਏ ਗਏ। ਪਰਿਵਾਰ ਨੇ ਕਿਹਾ ਕਿ ਪਿੰਡ ਵਾਸੀ ਅਤੇ ਪਰਿਵਾਰ ਲਗਾਤਾਰ ਇਸ ਮਾਮਲੇ ਵਿਚ ਪੁਲਿਸ ਦਾ ਸਾਥ ਦੇ ਰਹੇ ਸਨ। ਪਰ ਪੁਲਿਸ ਵਲੋਂ ਉਨ੍ਹਾਂ ਦੇ ਪੁੱਤਰ ਨੂੰ ਬਿਨਾਂ ਕਿਸੇ ਦੋਸ਼ ਤੋਂ ਹੀ ਨਿਸ਼ਾਨਾ ਬਣਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਦਾ ਪੁੱਤਰ ਦੋਸ਼ੀ ਹੁੰਦਾ ਤਾਂ ਉਹ ਪੁਲਿਸ ਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਆਸੇ-ਪਾਸੇ ਹੋ ਜਾਂਦਾ। ਪਰ ਉਹ ਦੋਸ਼ੀ ਨਹੀਂ ਸੀ, ਇਸ ਲਈ ਉਹ ਘਰ ਬੈਠਾ ਹੋਇਆ ਸੀ। ਪਰਿਵਾਰ ਵਲੋਂ ਮੁਕਾਬਲੇ ਸੰਬੰਧੀ ਦੱਸੀ ਗਈ ਪੂਰੀ ਗੱਲਬਾਤ ਨੂੰ ਬਣਾਈ ਗਈ ਕਹਾਣੀ ਦੱਸਿਆ। ਪਰਿਵਾਰਕ ਮੈਂਬਰਾਂ ਨੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪੁਲਿਸ ਦੀ ਹਿਰਾਸਤ ਵਿਚ ਹੋਣ ਦੇ ਬਾਵਜੂਦ ਵੀ ਰਣਜੀਤ ਸਿੰਘ ਕੋਲ ਫ਼ਰਾਰ ਹੋਣ ਲਈ ਮੋਟਰਸਾਈਕਲ ਅਤੇ ਪਿਸਤੌਲ ਕਿੱਥੋਂ ਆਏ, ਇਸ ਲਈ ਇਹ ਸਾਰੀ ਕਹਾਣੀ ਸ਼ੱਕ ਦੇ ਘੇਰੇ ਵਿਚ ਹੈ, ਜਿਸ ਦੀ ਜਾਂਚ ਕਰਕੇ ਉਨ੍ਹਾਂ ਨੂੰ ਇਨਸਾਫ਼ ਦਿਵਾਇਆ ਜਾਵੇ




ਇਸੇ ਦੌਰਾਨ ਬੀਤੀ 21 ਫਰਵਰੀ ਨੂੰ ਪਿੰਡ ਆਦੀਆਂ ਦੀ ਚੌਂਕ ਪੋਸਟ ਉਤੇ 2 ਪੁਲਿਸ ਕਰਮੀਆਂ ਦਾ ਕਤਲ ਕਰ ਦਿੱਤਾ ਗਿਆ ਸੀ। ਜਿਸ ਦੇ ਸੰਬੰਧ ਵਿਚ ਬੀਤੇ ਕੱਲ੍ਹ ਪੁਲਿਸ ਵਲੋਂ ਇਕ 19 ਸਾਲਾ ਨੌਜਵਾਨ ਰਣਜੀਤ ਸਿੰਘ ਦਾ ਐਨਕਾਊਂਟਰ ਕਰ ਦਿੱਤਾ ਗਿਆ ਸੀ। ਜਿਸ ਦੇ ਸੰਬੰਧ ਵਿਚ ਅੱਜ ਸੁਖਪਾਲ ਸਿੰਘ ਖਹਿਰਾ ਰਣਜੀਤ ਸਿੰਘ ਦੇ ਪਿੰਡ ਆਦੀਆਂ ਪਹੁੰਚੇ, ਜਿੱਥੇ ਉਨ੍ਹਾਂ ਵਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਇਸ ਐਨਕਾਊਂਟਰ ਨੂੰ ਗਲਤ ਦੱਸਦੇ ਹੋਏ ਪੁਲਿਸ ਪ੍ਰਸ਼ਾਸਨ ਤੇ ਮਾਨ ਸਰਕਾਰ ਉਤੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਗਏ।

ਇਸ ਮੌਕੇ ਸੁਖਪਾਲ ਸਿੰਘ ਖਹਿਰਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਦੀ ਇਹ ਬਹੁਤ ਹੀ ਜ਼ਾਲਮਾਨਾ ਕਾਰਵਾਈ ਹੈ। ਭਗਵੰਤ ਮਾਨ ਸਰਕਾਰ ਸਾਡੇ ਨੌਜਵਾਨਾਂ ਦਾ ਘਾਣ ਕਰਨ ਉਤੇ ਹੀ ਤੁਲੀ ਹੋਈ ਹੈ।

# ਅਪਨੀ ਜਨਤਾ ਪਾਰਟੀ ਵੱਲੋਂ UGC ਐਕਟ ਦੇ ਵਿਰੋਧ ਵਿੱਚ ਮੇਰਠ ਵਿਖੇ ਰੋਸ ਪ੍ਰਦਰਸ਼ਨ

ਮੇਰਠ : ਅਪਨੀ ਜਨਤਾ ਪਾਰਟੀ ਦੇ ਵਰਕਰਾਂ ਨੇ ਅੱਜ ਮੇਰਠ ਦੇ ਡਿਵੀਜ਼ਨਲ ਕਮਿਸ਼ਨਰ ਦਫ਼ਤਰ ਦੇ ਬਾਹਰ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਵੀਰਵਾਰ ਨੂੰ ਹੋਏ ਇਸ ਪ੍ਰਦਰਸ਼ਨ ਦੌਰਾਨ ਪਾਰਟੀ ਕਾਰਕੁਨਾਂ ਨੇ UGC ਐਕਟ ਨੂੰ ਲਾਗੂ ਕਰਨ ਦੇ ਤਰੀਕੇ ਅਤੇ ਇਸ ਨਾਲ ਜੁੜੀਆਂ ਹੋਰ ਮੰਗਾਂ ਨੂੰ ਲੈ ਕੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਡਿਵੀਜ਼ਨਲ ਕਮਿਸ਼ਨਰ ਰਾਹੀਂ ਉੱਚ ਅਧਿਕਾਰੀਆਂ ਨੂੰ ਇੱਕ ਮੰਗ ਪੱਤਰ ਸੌਂਪਿਆ, ਜਿਸ ਵਿੱਚ ਸਿੱਖਿਆ ਪ੍ਰਣਾਲੀ ਅਤੇ ਵਿਦਿਆਰਥੀਆਂ ਦੇ ਹਿੱਤਾਂ ਦੀ ਰਾਖੀ ਦੀ ਮੰਗ ਕੀਤੀ ਗਈ। ਅਪਨੀ ਜਨਤਾ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ UGC ਐਕਟ ਦੀਆਂ ਮੌਜੂਦਾ ਤਬਦੀਲੀਆਂ ਨਾਲ ਵਿਦਿਅਕ ਸੰਸਥਾਵਾਂ ਦੀ ਖੁਦਮੁਖਤਿਆਰੀ 'ਤੇ ਅਸਰ ਪੈ ਰਿਹਾ ਹੈ। ਪ੍ਰਦਰਸ਼ਨ ਦੇ ਮੱਦੇਨਜ਼ਰ ਕਮਿਸ਼ਨਰ ਦਫ਼ਤਰ ਦੇ ਬਾਹਰ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ ਤਾਂ ਜੋ ਅਮਨ-ਕਾਨੂੰਨ ਦੀ ਸਥਿਤੀ ਬਣੀ ਰਹੇ।



# ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਨਵੀਂ SIT ਦਾ ਗਠਨ

## ਰੋਪੜ ਰੇਂਜ ਦੇ DIG ਡਾ. ਨਾਨਕ ਸਿੰਘ ਹੋਣਗੇ SIT ਦੇ ਚੇਅਰਮੈਨ



ਚੰਡੀਗੜ੍ਹ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਵਿੱਤਰ ਸਰੂਪ ਲਾਪਤਾ ਹੋਣ ਦੇ ਸੰਵੇਦਨਸ਼ੀਲ ਮਾਮਲੇ ਦੀ ਜਾਂਚ ਨੂੰ ਤੇਜ਼ ਅਤੇ ਨਿਰਪੱਖ ਢੰਗ ਨਾਲ ਅੱਗੇ ਵਧਾਉਣ ਲਈ ਨਵੀਂ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦਾ ਗਠਨ ਕੀਤਾ ਗਿਆ ਹੈ। ਇਸ ਸਬੰਧੀ ਬਿਊਰੋ ਆਫ਼ ਇਨਵੈਸਟੀਗੇਸ਼ਨ ਵਲੋਂ ਪਹਿਲਾਂ ਦਰਜ ਮਾਮਲੇ ਦੀ ਜਾਂਚ ਹੁਣ ਨਵੀਂ ਟੀਮ ਦੇ ਹਵਾਲੇ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਹ ਮਾਮਲਾ ਪੁਲਿਸ ਸਟੇਸ਼ਨ 'ਸੀ' ਡਿਵੀਜ਼ਨ, ਅੰਮ੍ਰਿਤਸਰ ਵਿਚ ਐਫ.ਆਈ.ਆਰ. ਨੰਬਰ 168 ਤਹਿਤ 7 ਦਸੰਬਰ 2025 ਨੂੰ ਦਰਜ ਕੀਤਾ ਗਿਆ ਸੀ। ਮਾਮਲਾ ਆਈ.ਪੀ.ਸੀ. ਦੀਆਂ ਧਾਰਾਵਾਂ 295, 295-ਏ, 409, 465 ਅਤੇ 120-ਬੀ ਅਧੀਨ ਦਰਜ ਹੈ। ਨਵੇਂ ਜਾਰੀ ਹੁਕਮਾਂ ਅਨੁਸਾਰ ਇਸ ਤੋਂ ਪਹਿਲਾਂ ਬਣਾਈਆਂ ਗਈਆਂ ਤਿੰਨ ਟੀਮਾਂ ਦੇ ਆਦੇਸ਼ ਰੱਦ ਕਰਦੇ ਹੋਏ ਤਾਜ਼ਾ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਹੈ।

ਐਸ.ਆਈ.ਟੀ. ਦੇ ਚੇਅਰਮੈਨ ਵਜੋਂ ਨਾਨਕ ਸਿੰਘ (ਆਈ.ਪੀ.ਐਸ.) ਦੀ ਨਿਯੁਕਤੀ ਕੀਤੀ ਗਈ ਹੈ। ਟੀਮ ਦੇ ਹੋਰ ਮੈਂਬਰਾਂ ਵਿਚ ਐਸ.ਐਸ.ਪੀ. ਖੰਨਾ ਦਰਪਨ ਆਹਲੂਵਾਲੀਆ (ਆਈਪੀਐਸ), ਐਸ.ਪੀ. ਡਿਟੈਕਟਿਵ ਪਟਿਆਲਾ ਗੁਰਬੰਸ ਸਿੰਘ ਬੈਂਸ (ਪੀਪੀਐਸ), ਐਸ.ਪੀ. ਸਪੈਸ਼ਲ ਬ੍ਰਾਂਚ ਮੁਹਾਲੀ ਸੁਖਨਾਜ਼ ਸਿੰਘ (ਪੀਪੀਐਸ), ਏ.ਸੀ.ਪੀ. ਅੰਮ੍ਰਿਤਸਰ ਹਰਮਿੰਦਰ ਸਿੰਘ (ਪੀਪੀਐਸ) ਅਤੇ ਐਸ.ਐਚ.ਓ. ਸੀ-ਡਿਵੀਜ਼ਨ ਸਬ-ਇੰਸਪੈਕਟਰ ਰਜਵੰਤ ਕੌਰ ਨੂੰ ਸ਼ਾਮਿਲ ਕੀਤਾ ਗਿਆ ਹੈ।

ਹੁਕਮਾਂ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਵਲੋਂ ਐਸ.ਆਈ.ਟੀ. ਨੂੰ ਹਰ ਤਰ੍ਹਾਂ ਦਾ ਲੌਜਿਸਟਿਕ ਅਤੇ ਪ੍ਰਸ਼ਾਸਨਿਕ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ, ਤਾਂ ਜੋ ਜਾਂਚ ਨਿਰਪੱਖ, ਵਿਗਿਆਨਿਕ ਢੰਗ ਨਾਲ ਅਤੇ ਤੁਰੰਤ ਸਮੇਂ ਅੰਦਰ ਪੂਰੀ ਕੀਤੀ ਜਾ ਸਕੇ। ਸੂਤਰਾਂ ਮੁਤਾਬਕ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਉੱਚ ਪੱਧਰੀ ਨਿਗਰਾਨੀ ਹੇਠ ਜਾਂਚ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਘਰੇ ਵਿਚ ਲਿਆਂਦਾ ਜਾਵੇਗਾ।

# ਲਿਵਰਮੋਰ ਪੁਲਿਸ ਨੇ ਕ੍ਰੈਡਿਟ ਕਾਰਡ ਦੀ ਦੁਰਵਰਤੋਂ ਕਰਨ ਵਾਲੇ ਵਿਅਕਤੀ ਨੂੰ ਕੀਤਾ ਗ੍ਰਿਫ਼ਤਾਰ

ਲਿਵਰਮੋਰ/ਕੈਲੀਫੋਰਨੀਆ: ਲਿਵਰਮੋਰ ਪੁਲਿਸ ਨੇ ਇੱਕ 46 ਸਾਲਾ ਵਿਅਕਤੀ ਨੂੰ ਦੂਜੇ ਦਾ ਕ੍ਰੈਡਿਟ ਕਾਰਡ ਚੋਰੀ-ਛਿਪੇ ਵਰਤਣ ਅਤੇ ਕਈ ਥਾਵਾਂ 'ਤੇ ਖਰੀਦਦਾਰੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।



14 ਫਰਵਰੀ ਤੋਂ 22 ਫਰਵਰੀ ਦੇ ਦਰਮਿਆਨ, ਇੱਕ ਪੀੜਤ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ ਕਿ ਉਸਦੇ ਕ੍ਰੈਡਿਟ ਕਾਰਡ ਰਾਹੀਂ ਲਿਵਰਮੋਰ ਦੇ 14 ਵੱਖ-ਵੱਖ ਸਟੋਰਾਂ 'ਤੇ ਉਸਦੀ ਇਜਾਜ਼ਤ ਤੋਂ ਬਿਨਾਂ ਖਰੀਦਦਾਰੀ ਕੀਤੀ ਗਈ ਹੈ।

ਪੁਲਿਸ ਕਾਰਵਾਈ: ਮਾਮਲੇ ਦੀ ਜਾਂਚ ਕਰਦੇ ਹੋਏ ਲਿਵਰਮੋਰ ਪੁਲਿਸ ਨੇ ਸ਼ੱਕੀ ਦੀ ਪਛਾਣ ਜੈਫਰਸਨ ਟੋਲੇਨਟਿਨੋ (46) ਵਜੋਂ ਕੀਤੀ ਹੈ, ਜੋ ਕਿ ਲਿਵਰਮੋਰ ਦਾ ਹੀ ਰਹਿਣ ਵਾਲਾ ਹੈ। ਪੁਲਿਸ ਨੇ ਉਸ ਕੋਲੋਂ ਚੋਰੀ ਕੀਤਾ ਹੋਇਆ ਸਾਮਾਨ ਵੀ ਬਰਾਮਦ ਕਰ ਲਿਆ ਹੈ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਮੰਨਿਆ ਕਿ ਉਸ ਨੂੰ ਇਹ ਕ੍ਰੈਡਿਟ ਕਾਰਡ ਕਿਤੋਂ ਮਿਲਿਆ ਸੀ, ਜਿਸ ਨੂੰ ਉਸ ਨੇ ਮਾਲਕ ਦੀ ਮਰਜ਼ੀ ਤੋਂ ਬਿਨਾਂ ਵਰਤਿਆ।

ਲੱਗੀਆਂ ਧਾਰਾਵਾਂ: ਟੋਲੇਨਟਿਨੋ ਨੂੰ ਪਛਾਣ ਦੀ ਚੋਰੀ (Identity Theft) ਅਤੇ ਐਕਸੈਸ ਕਾਰਡ ਰਾਹੀਂ ਚੋਰੀ ਕਰਨ ਵਰਗੇ ਕਈ ਗੰਭੀਰ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਮਾਮਲਾ ਹੁਣ ਅਗਲੀ ਕਾਰਵਾਈ ਲਈ ਅਲਮੇਡਾ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੂੰ ਭੇਜ ਦਿੱਤਾ ਗਿਆ ਹੈ।

ਜੇਕਰ ਤੁਹਾਨੂੰ ਕਿਸੇ ਦਾ ਗੁਆਚਿਆ ਹੋਇਆ ਕ੍ਰੈਡਿਟ ਕਾਰਡ ਮਿਲਦਾ ਹੈ, ਤਾਂ ਸਹੀ ਤਰੀਕਾ ਇਹ ਹੈ ਕਿ ਉਸਨੂੰ ਪੁਲਿਸ ਜਾਂ ਸਬੰਧਤ ਬੈਂਕ ਨੂੰ ਸੌਂਪ ਦਿਓ। ਇਸ ਦੀ ਵਰਤੋਂ ਕਰਨਾ ਤੁਹਾਨੂੰ ਵੱਡੀ ਮੁਸੀਬਤ ਵਿੱਚ ਪਾ ਸਕਦਾ ਹੈ।

# ਅਮਰੀਕੀ ਸੁਪਰੀਮ ਕੋਰਟ 'ਚ ਸਰਬਲੋਹ ਦੇ 'ਕੜੇ' ਦੇ ਜਲੌਅ ਨੇ ਰਚਿਆ ਇਤਿਹਾਸ

## ਕੜਾ ਮੇਰੀ ਆਤਮਿਕ ਅਤੇ ਮਾਨਸਿਕ ਸ਼ਕਤੀ ਦਾ ਪ੍ਰਤੀਕ : ਸ਼੍ਰੀ ਨੀਲ ਕਟਿਆਲ

**ਅਮਰੀਕੀ ਸੁਪਰੀਮ ਕੋਰਟ ਦੇ ਪ੍ਰਸਿੱਧ ਵਕੀਲ ਕਸ਼ਮੀਰ ਦੇ ਪੰਜਾਬੀ ਪੁੱਤਰ ਨੀਲ ਨੇ ਸੁਪਰੀਮ ਕੋਰਟ ਵਿੱਚ ਬਹਿਸ ਤੋਂ ਪਹਿਲਾਂ ਆਪਣੇ 'ਕੜੇ' ਦੀ ਫੋਟੋ ਸਾਂਝੀ ਕਰਦਿਆਂ ਇਸਨੂੰ ਆਪਣੀ ਆਤਮਿਕ ਅਤੇ ਮਾਨਸਿਕ ਸ਼ਕਤੀ ਦਾ ਪ੍ਰਤੀਕ ਦੱਸਿਆ। ਅਦਾਲਤ ਨੇ 6-3 ਨਾਲ ਫੈਸਲਾ ਸੁਣਾਇਆ ਕਿ ਰਾਸ਼ਟਰਪਤੀ ਕੋਲ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਟੈਕਸ ਲਗਾਉਣ ਦੀ ਸ਼ਕਤੀ ਨਹੀਂ।**

## ਰਾਸ਼ਟਰਪਤੀ ਤਾਕਤਵਰ ਹੋ ਸਕਦੇ ਹਨ, ਪਰ ਸਾਡਾ ਸੰਵਿਧਾਨ ਸਭ ਤੋਂ ਮਹਾਨ ਹੈ : ਨੀਲ ਕਟਿਆਲ






ਵਾਸ਼ਿੰਗਟਨ ਡੀ.ਸੀ. (ਸਾਡੇ ਲੋਕ) : ਅਮਰੀਕੀ ਲੋਕਤੰਤਰ ਦੇ ਇਤਿਹਾਸ ਵਿੱਚ 21 ਫਰਵਰੀ 2026 ਦਾ ਦਿਨ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਅਮਰੀਕਾ ਦੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਵਾਦਤ ਟੈਰਿਫ ਫੈਸਲਿਆਂ ਨੂੰ 6-3 ਦੇ ਬਹੁਮਤ ਨਾਲ ਰੱਦ ਕਰਦਿਆਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕਾਨੂੰਨ ਦੀ ਕਲਮ ਕਿਸੇ ਵੀ ਸ਼ਕਤੀਸ਼ਾਲੀ ਆਗੂ ਦੇ ਹੁਕਮ ਨਾਲੋਂ ਵੱਡੀ ਹੁੰਦੀ ਹੈ। ਪਰ ਇਸ ਕਾਨੂੰਨੀ ਜੰਗ ਦੇ ਕੇਂਦਰ ਵਿੱਚ ਇੱਕ ਅਜਿਹੀ ਤਸਵੀਰ ਸਾਹਮਣੇ ਆਈ ਹੈ ਜਿਸ ਨੇ ਸਮੁੱਚੇ ਭਾਰਤੀ ਭਾਈਚਾਰੇ ਦੇ ਦਿਲਾਂ ਨੂੰ ਟੁੰਬ ਲਿਆ ਹੈ—ਇਹ ਤਸਵੀਰ ਸੀ ਇੱਕ ਪੰਜਾਬੀ 'ਕੜੇ' ਦੀ।

ਜਦੋਂ ਕਾਨੂੰਨ ਦੇ ਪੰਨਿਆਂ 'ਤੇ 'ਸਰਬਲੋਹ' ਦੀ ਸ਼ਕਤੀ ਟਿਕੀ

ਇਸ ਕੇਸ ਦੀ ਅਗਵਾਈ ਕਰ ਰਹੇ ਵਿਸ਼ਵ ਪ੍ਰਸਿੱਧ ਭਾਰਤੀ-ਅਮਰੀਕੀ ਵਕੀਲ ਨੀਲ ਕਟਿਆਲ ਨੇ ਸੁਪਰੀਮ ਕੋਰਟ ਵਿੱਚ ਬਹਿਸ ਤੋਂ ਠੀਕ ਪਹਿਲਾਂ ਆਪਣੇ ਸੋਸ਼ਲ ਮੀਡੀਆ 'ਤੇ ਇੱਕ ਫੋਟੋ ਸਾਂਝੀ ਕੀਤੀ। ਕਾਨੂੰਨੀ ਦਸਤਾਵੇਜ਼ਾਂ ਦੇ ਢੇਰ ਉੱਤੇ ਰੱਖਿਆ ਇੱਕ ਸਾਦਾ ਜਿਹਾ 'ਕੜਾ' ਸਿਰਫ਼ ਇੱਕ ਗਹਿਣਾ ਨਹੀਂ ਸੀ, ਬਲਕਿ ਇੱਕ ਅਜਿਹੀ ਤਾਕਤ ਦਾ ਪ੍ਰਤੀਕ ਸੀ ਜੋ ਕਟਿਆਲ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੀ ਹੈ। ਉਨ੍ਹਾਂ ਲਿਖਿਆ: 'ਮੈਂ ਆਪਣੇ ਪਿਤਾ ਅਤੇ ਉਨ੍ਹਾਂ ਸੁਪਨਿਆਂ ਬਾਰੇ ਸੋਚ ਰਿਹਾ ਹਾਂ ਜੋ ਉਹ ਇਸ ਆਜ਼ਾਦ ਦੇਸ਼ ਵਿੱਚ ਲੈ ਕੇ ਆਏ ਸਨ... ਸੰਵਿਧਾਨ ਦੀ ਜਿੱਤ ਹੋਵੇ।'

ਵਿਰਾਸਤ ਦਾ ਸਤਿਕਾਰ: ਧਰਮ ਤੋਂ ਉੱਪਰ ਉੱਠ ਕੇ

ਨੀਲ ਕਟਿਆਲ ਜੋ ਕਿ ਇੱਕ ਕਸ਼ਮੀਰੀ ਪੰਡਿਤ ਪਰਿਵਾਰ ਨਾਲ ਸਬੰਧ ਰੱਖਦੇ ਹਨ, ਵੱਲੋਂ ਕੜੇ ਨੂੰ ਆਪਣੀ ਮਾਨਸਿਕ ਸ਼ਕਤੀ ਦਾ ਸਰੋਤ ਮੰਨਣਾ ਪੰਜਾਬੀਅਤ ਦੀ ਵਿਸ਼ਾਲਤਾ ਨੂੰ ਦਰਸਾਉਂਦਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਅਨੁਸਾਰ, ਇਹ ਬੇਹੱਦ ਦਿਲਚਸਪ ਹੈ ਕਿ ਕਿਵੇਂ ਇੱਕ ਪੰਜਾਬੀ ਪ੍ਰਤੀਕ ਅਮਰੀਕਾ ਦੀ ਸਭ ਤੋਂ ਉੱਚੀ ਅਦਾਲਤ ਵਿੱਚ ਇਨਸਾਫ਼ ਦੀ ਲੜਾਈ ਦਾ ਹਿੱਸਾ ਬਣਿਆ। ਇਹ ਸਾਬਿਤ ਕਰਦਾ ਹੈ ਕਿ ਸੱਚਾਈ ਦੇ ਰਾਹ 'ਤੇ ਚੱਲਣ ਵਾਲਿਆਂ ਲਈ ਸੱਭਿਆਚਾਰਕ ਚਿੰਨ੍ਹ ਹਮੇਸ਼ਾ ਇੱਕ ਮਾਨਸਿਕ ਢਾਲ ਦਾ ਕੰਮ ਕਰਦੇ ਹਨ।

'ਰਾਸ਼ਟਰਪਤੀ ਤਾਕਤਵਰ ਹਨ, ਪਰ ਸੰਵਿਧਾਨ ਮਹਾਨ ਹੈ'

ਨੀਲ ਕਟਿਆਲ ਨੇ 1977 ਦੇ 'ਇੰਟਰਨੈਸ਼ਨਲ ਐਮਰਜੈਂਸੀ ਇਕਨਾਮਿਕ ਪਾਵਰਜ਼ ਐਕਟ' (IEEPA) ਦੀ ਦੁਰਵਰਤੋਂ ਵਿਰੁੱਧ ਜਿਸ ਨਿਡਰਤਾ ਨਾਲ ਦਲੀਲਾਂ ਦਿੱਤੀਆਂ, ਉਸ ਨੇ ਸਰਕਾਰ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ। ਚੀਫ਼ ਜਸਟਿਸ ਜੌਹਨ ਰੌਬਰਟਸ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਸੰਵਿਧਾਨ ਅਨੁਸਾਰ ਟੈਕਸ ਲਗਾਉਣ ਦੀ ਸ਼ਕਤੀ ਕਾਂਗਰਸ ਕੋਲ ਹੈ, ਰਾਸ਼ਟਰਪਤੀ ਕੋਲ ਨਹੀਂ।

ਅੱਜ ਦੀ ਖ਼ਬਰ ਦਾ ਨਿਚੋੜ

ਕੌਣ: ਨੀਲ ਕਟਿਆਲ (ਭਾਰਤੀ-ਮੂਲ ਦੇ ਦਿੱਗਜ ਵਕੀਲ)।

ਕੀ: ਰਾਸ਼ਟਰਪਤੀ ਟਰੰਪ ਦੇ ਟੈਰਿਫ ਵਿਰੁੱਧ ਸੁਪਰੀਮ ਕੋਰਟ ਵਿੱਚ ਇਤਿਹਾਸਕ ਜਿੱਤ।

ਖਾਸ ਗੱਲ: ਪੰਜਾਬੀ 'ਕੜੇ' ਨੂੰ ਆਪਣੀ ਤਾਕਤ ਅਤੇ ਪਛਾਣ ਦਾ ਹਿੱਸਾ ਬਣਾਇਆ।

ਸਿੱਖਿਆ: ਇੱਕ ਪ੍ਰਵਾਸੀ ਦਾ ਪੁੱਤਰ ਵੀ ਸਿਖ਼ਰ 'ਤੇ ਪਹੁੰਚ ਕੇ ਸੱਚ ਦੀ ਆਵਾਜ਼ ਬਣ ਸਕਦਾ ਹੈ।

ਨੀਲ ਕਟਿਆਲ: ਇੱਕ ਝਾਤ

55 ਸਾਲਾ ਨੀਲ ਕਟਿਆਲ ਓਬਾਮਾ ਪ੍ਰਸ਼ਾਸਨ ਦੌਰਾਨ ਅਮਰੀਕਾ ਦੇ ਐਕਟਿੰਗ ਸੋਲੀਸਿਟਰ ਜਨਰਲ ਰਹਿ ਚੁੱਕੇ ਹਨ। ਵਰਤਮਾਨ ਵਿੱਚ ਉਹ ਜਾਰਜਟਾਊਨ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹਨ ਅਤੇ 'ਮਿਲਬੈਂਕ LLP' (Milbank LLP) ਫਰਮ ਦੇ ਹਿੱਸੇਦਾਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਇਸ ਕੇਸ ਵਿੱਚ ਉਹਨਾਂ ਦੇ ਨਾਲ ਜੈਫਰੀ ਐਮ. ਸ਼ਵਾਬ ਨੇ ਵੀ ਮੁੱਖ ਭੂਮਿਕਾ ਨਿਭਾਈ।

# ਭਾਰਤੀ ਫੌਜ ਦੀ ਪੱਛਮੀ ਕਮਾਂਡ ਵੱਲੋਂ ਪਠਾਨਕੋਟ ਵਿੱਚ ਅਪਰੇਸ਼ਨਲ ਸਮਰੱਥਾ ਦਾ ਸ਼ਾਨਦਾਰ ਪ੍ਰਦਰਸ਼ਨ

ਪਠਾਨਕੋਟ : ਭਾਰਤੀ ਫੌਜ ਦੀ ਪੱਛਮੀ ਕਮਾਂਡ (Western Command) ਵੱਲੋਂ ਅੱਜ ਪਠਾਨਕੋਟ ਦੇ ਮਾਮੂਨ ਕੈਂਟ ਸਥਿਤ ਧਿਆਨ ਚੰਦ ਸਟੇਡੀਅਮ ਵਿੱਚ ਇੱਕ ਉੱਚ ਪੱਧਰੀ 'ਅਪਰੇਸ਼ਨਲ ਕੈਪੇਬਿਲਿਟੀ ਡੈਮੋਨਸਟ ?ਰੇਸ਼ਨ' (Operational Capability Demonstration) ਦਾ ਆਯੋਜਨ ਕੀਤਾ ਗਿਆ। ਵੀਰਵਾਰ ਨੂੰ ਹੋਏ ਇਸ ਪ੍ਰੋਗਰਾਮ ਦੌਰਾਨ ਫੌਜ ਨੇ ਆਪਣੀ ਜੰਗੀ ਤਿਆਰੀ ਅਤੇ ਆਧੁਨਿਕ ਹਥਿਆਰਾਂ ਦੀ ਸਮਰੱਥਾ ਦਾ ਸ਼ਕਤੀ ਪ੍ਰਦਰਸ਼ਨ ਕੀਤਾ।

ਭੈਰਵ ਕਮਾਂਡੋਜ਼ ਦੀ ਕਾਰਵਾਈ: ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਭੈਰਵ ਕਮਾਂਡੋਜ਼ ਨੇ ਦੁਸ਼ਮਣ ਦੇ ਟਿਕਾਣਿਆਂ ਨੂੰ ਤਬਾਹ ਕਰਨ ਦੀ ਆਪਣੀ ਮਾਰੂ ਸਮਰੱਥਾ ਦਿਖਾਈ।

S-400 ਡਰਿੱਲ: ਹਵਾਈ ਰੱਖਿਆ ਪ੍ਰਣਾਲੀ S-400 ਦੀ ਮਦਦ ਨਾਲ ਹਵਾਈ ਹਮਲਿਆਂ ਨੂੰ ਨਾਕਾਮ ਕਰਨ ਦਾ ਅਭਿਆਸ ਕੀਤਾ ਗਿਆ।



ਆਧੁਨਿਕ ਤਕਨੀਕ: ਪ੍ਰੋਗਰਾਮ ਵਿੱਚ ਨਵੀਂ ਪੀੜ੍ਹੀ ਦੇ ਡਰੋਨਾਂ ਅਤੇ ਹਥਿਆਰਾਂ ਦੀ ਵਰਤੋਂ ਕਰਦਿਆਂ ਭਵਿੱਖ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਤਿਆਰੀ ਦਾ ਪ੍ਰਦਰਸ਼ਨ ਕੀਤਾ ਗਿਆ।

# ਪੰਜਾਬ ਪੁਲਿਸ ਦੀ ਪਾਸਿੰਗ ਆਊਟ ਪਰੇਡ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਸਲਾਮੀ ਲਈ





ਜਲੰਧਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਜਲੰਧਰ ਵਿਖੇ ਪੰਜਾਬ ਪੁਲਿਸ ਦੀ ਇੱਕ ਪ੍ਰਭਾਵਸ਼ਾਲੀ ਪਾਸਿੰਗ ਆਊਟ ਪਰੇਡ (Passing Out Parade) ਦੌਰਾਨ ਨਵੇਂ ਭਰਤੀ ਹੋਏ ਜਵਾਨਾਂ ਤੋਂ ਸਲਾਮੀ ਲਈ। ਫਿਲੌਰ ਸਥਿਤ ਪੰਜਾਬ ਪੁਲਿਸ ਅਕੈਡਮੀ ਵਿੱਚ ਹੋਏ ਇਸ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਜਵਾਨਾਂ ਦੇ ਜਜ਼ਬੇ ਦੀ ਸ਼ਲਾਘਾ ਕੀਤੀ।

ਨਵੀਂ ਭਰਤੀ: ਪੰਜਾਬ ਪੁਲਿਸ ਵਿੱਚ ਸ਼ਾਮਲ ਹੋਣ ਵਾਲੇ ਸੈਂਕੜੇ ਨਵੇਂ ਕਾਂਸਟੇਬਲਾਂ ਅਤੇ ਅਧਿਕਾਰੀਆਂ ਨੇ ਆਪਣੀ ਸਿਖਲਾਈ ਪੂਰੀ ਕਰਨ ਤੋਂ ਬਾਅਦ ਦੇਸ਼ ਦੀ ਸੇਵਾ ਦੀ ਸਹੁੰ ਚੁੱਕੀ।

ਸੁਰੱਖਿਆ 'ਤੇ ਜ਼ੋਰ: ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਨਸ਼ਿਆਂ ਵਿਰੁੱਧ ਜੰਗ ਅਤੇ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਲਈ ਪੁਲਿਸ ਦੀ ਭੂਮਿਕਾ 'ਤੇ ਜ਼ੋਰ ਦਿੱਤਾ।

ਆਧੁਨਿਕੀਕਰਨ: ਉਨ੍ਹਾਂ ਨੇ ਪੰਜਾਬ ਪੁਲਿਸ ਨੂੰ ਤਕਨੀਕੀ ਤੌਰ 'ਤੇ ਹਾਈ-ਟੈਕ ਬਣਾਉਣ ਅਤੇ ਪੁਲਿਸ ਕਰਮਚਾਰੀਆਂ ਦੀ ਭਲਾਈ ਲਈ ਨਵੀਆਂ ਯੋਜਨਾਵਾਂ ਦਾ ਐਲਾਨ ਵੀ ਕੀਤਾ।





# ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅੰਮ੍ਰਿਤਸਰ ਵਿਖੇ 'ਪੰਜਾਬ ਬਚਾਓ ਰੈਲੀ' ਦੌਰਾਨ



ਅੰਮ੍ਰਿਤਸਰ: ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਨੀਵਾਰ ਨੂੰ ਅੰਮ੍ਰਿਤਸਰ ਵਿਖੇ ਆਯੋਜਿਤ 'ਪੰਜਾਬ ਬਚਾਓ ਰੈਲੀ' ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਸਥਾਨਕ ਆਗੂਆਂ ਅਤੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਨਮਾਨ ਦੇ ਚਿੰਨ੍ਹ ਵਜੋਂ ਉਨ੍ਹਾਂ ਨੂੰ ਸਿਰੋਪਾਓ ਅਤੇ ਸ੍ਰੀ ਸਾਹਿਬ (ਤਲਵਾਰ) ਭੇਂਟ ਕੀਤੀ ਗਈ।

ਸਿਆਸੀ ਗਠਜੋੜ: ਰੈਲੀ ਦੌਰਾਨ ਨਾਇਬ ਸਿੰਘ ਸੈਣੀ ਨੇ ਗੁਆਂਢੀ ਰਾਜਾਂ ਦੇ ਸਬੰਧਾਂ ਅਤੇ ਖੇਤਰੀ ਸਿਆਸਤ 'ਤੇ ਚਰਚਾ ਕੀਤੀ।

ਪੰਜਾਬ ਦੇ ਮੁੱਦੇ: ਉਨ੍ਹਾਂ ਨੇ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਸੂਬੇ ਦੇ ਵਿਕਾਸ ਅਤੇ ਨਸ਼ਾ ਮੁਕਤੀ ਵਰਗੇ ਗੰਭੀਰ ਮੁੱਦਿਆਂ 'ਤੇ ਜ਼ੋਰ ਦਿੱਤਾ।

ਏਕਤਾ ਦਾ ਸੰਦੇਸ਼: ਮੁੱਖ ਮੰਤਰੀ ਨੇ ਹਰਿਆਣਾ ਅਤੇ ਪੰਜਾਬ ਦੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਦੀ ਗੱਲ ਵੀ ਕਹੀ।

# ਪਟਿਆਲਾ ਦੇ ਸ਼ੀਸ਼ ਮਹਿਲ ਵਿਖੇ 'ਪੰਜਾਬ ਸਖੀ ਸ਼ਕਤੀ ਕਰਾਫਟ ਮੇਲਾ 2026' ਦੀ ਰੌਣਕ

ਪਟਿਆਲਾ : ਪਟਿਆਲਾ ਦੇ ਇਤਿਹਾਸਕ ਸ਼ੀਸ਼ ਮਹਿਲ ਵਿਖੇ ਅੱਜ 'ਪੰਜਾਬ ਸਖੀ ਸ਼ਕਤੀ ਕਰਾਫਟ ਮੇਲਾ 2026' ਦੌਰਾਨ ਰਾਜਸਥਾਨੀ ਲੋਕ ਨਚਾਰਾਂ ਨੇ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵੀਰਵਾਰ ਨੂੰ ਮੇਲੇ ਦੇ ਦੂਜੇ ਦਿਨ ਰਾਜਸਥਾਨ ਤੋਂ ਆਏ ਕਲਾਕਾਰਾਂ ਨੇ ਆਪਣੇ ਰੰਗਾਰੰਗ ਪਹਿਰਾਵੇ ਅਤੇ ਰਵਾਇਤੀ ਨਾਚਾਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ।

ਸੱਭਿਆਚਾਰਕ ਮਿਸ਼ਰਣ: ਪੰਜਾਬ ਦੇ ਵਿਰਸੇ ਦੇ ਨਾਲ-ਨਾਲ ਰਾਜਸਥਾਨੀ ਲੋਕ ਕਲਾ ਨੇ ਮੇਲੇ ਵਿੱਚ ਵੱਖਰਾ ਹੀ ਸਮਾਂ ਬੰਨ੍ਹ ਦਿੱਤਾ।

ਦਸਤਕਾਰੀ ਪ੍ਰਦਰਸ਼ਨੀ: ਦੇਸ਼ ਭਰ ਤੋਂ ਆਏ ਸ਼ਿਲਪਕਾਰਾਂ ਨੇ ਆਪਣੇ ਹੱਥੀਂ ਤਿਆਰ ਕੀਤੇ ਸਾਮਾਨ ਦੀਆਂ ਸਟਾਲਾਂ ਲਗਾਈਆਂ ਹਨ। ਮਹਿਲਾ ਸਸ਼ਕਤੀਕਰਨ: ਇਹ ਮੇਲਾ ਖਾਸ ਤੌਰ 'ਤੇ ਮਹਿਲਾ ਕਾਰੀਗਰਾਂ ਅਤੇ ਸਵੈ-ਸਹਾਇਤਾ ਸਮੂਹਾਂ (Self-Help Groups) ਨੂੰ ਉਤਸ਼ਾਹਿਤ ਕਰਨ ਲਈ ਲਗਾਇਆ ਗਿਆ ਹੈ।



# ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵਲੋਂ ਗੁਰਦਾਸਪੁਰ ਵਿਖੇ ਹੋਏ ਕਥਿਤ ਪੁਲਿਸ ਮੁਕਾਬਲੇ ਦੀ ਉੱਚ ਪੱਧਰੀ ਨਿਆਇਕ ਜਾਂਚ ਦੀ ਮੰਗ

ਚੰਡੀਗੜ੍ਹ /ਗੁਰਦਾਸਪੁਰ: ਪੰਜਾਬ ਮਨੁੱਖੀ ਅਧਿਕਾਰ ਸੰਗਠਨ (PHRO) ਨੇ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿਚ ਗੁਰਦਾਸਪੁਰ ਜ਼ਿਲ੍ਹੇ ਵਿੱਚ ਪੁਲਿਸ ਵੱਲੋਂ ਕੀਤੇ ਗਏ ਇੱਕ ਕਥਿਤ ਮੁਕਾਬਲੇ ਵਿੱਚ ਨੌਜਵਾਨ ਰਣਜੀਤ ਸਿੰਘ ਦੀ ਮੌਤ 'ਤੇ ਡੂੰਘੀ ਚਿੰਤਾ ਅਤੇ ਸ਼ੱਕ ਪ੍ਰਗਟਾਇਆ ਹੈ। ਸੰਗਠਨ ਨੇ ਇਸ ਘਟਨਾ ਨੂੰ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕਰਾਰ ਦਿੰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਪੂਰੇ ਮਾਮਲੇ ਦੀ ਜਾਂਚ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਇੱਕ ਨਿਆਇਕ ਕਮਿਸ਼ਨ ਕੋਲੋਂ ਕਰਵਾਈ ਜਾਵੇ।

ਸ਼ੱਕੀ ਹਾਲਾਤ: ਸੰਗਠਨ ਦੇ ਨੁਮਾਇੰਦਿਆਂ ਅਨੁਸਾਰ, ਮੁਕਾਬਲੇ ਦੇ ਤੱਥ ਅਤੇ ਮੌਕੇ ਦੇ ਹਾਲਾਤ ਪੁਲਿਸ ਦੀ ਕਹਾਣੀ 'ਤੇ ਕਈ ਸਵਾਲ ਖੜ੍ਹੇ ਕਰਦੇ ਹਨ। ਕੀ ਇਹ ਸੱਚਮੁੱਚ ਇੱਕ ਮੁਕਾਬਲਾ ਸੀ ਜਾਂ ਇੱਕ ਮਿਥ ਕੇ ਕੀਤਾ ਗਿਆ ਕਤਲ, ਇਸ ਦਾ ਸੱਚ ਸਾਹਮਣੇ ਆਉਣਾ ਲਾਜ਼ਮੀ ਹੈ।

ਨਿਆਇਕ ਜਾਂਚ ਦੀ ਲੋੜ: ਪੁਲਿਸ ਪ੍ਰਸ਼ਾਸਨ ਵੱਲੋਂ ਕੀਤੀ ਜਾਣ ਵਾਲੀ ਅੰਦਰੂਨੀ ਜਾਂਚ ਅਕਸਰ ਪੱਖਪਾਤੀ ਹੁੰਦੀ ਹੈ। ਇਸ ਲਈ, ਲੋਕਾਂ ਦੇ ਵਿਸ਼ਵਾਸ ਅਤੇ ਇਨਸਾਫ਼ ਦੀ ਬਹਾਲੀ ਲਈ ਨਿਰਪੱਖ ਸ਼ਖਸੀਅਤ ਦੀ ਨਿਗਰਾਨੀ ਹੇਠ ਜਾਂਚ ਹੋਣੀ ਚਾਹੀਦੀ ਹੈ।

ਮਨੁੱਖੀ ਅਧਿਕਾਰਾਂ ਦੀ ਰਾਖੀ: ਕਿਸੇ ਵੀ ਲੋਕਤੰਤਰ ਵਿੱਚ ਪੁਲਿਸ ਨੂੰ ਇਹ ਹੱਕ ਨਹੀਂ ਦਿੱਤਾ ਜਾ ਸਕਦਾ ਕਿ ਉਹ ਖੁਦ ਹੀ ਜੱਜ ਅਤੇ ਜਲਾਦ ਬਣ ਜਾਵੇ। ਹਰ ਨਾਗਰਿਕ ਨੂੰ ਅਦਾਲਤੀ ਸੁਣਵਾਈ ਦਾ ਹੱਕ ਹੈ।

ਸੰਗਠਨ ਦੀਆਂ ਮੰਗਾਂ:

1. ਇਸ ਮਾਮਲੇ ਦੀ ਤੁਰੰਤ ਨਿਆਇਕ ਜਾਂਚ ਸ਼ੁਰੂ ਕੀਤੀ ਜਾਵੇ।
2. ਸਬੰਧਤ ਪੁਲਿਸ ਅਧਿਕਾਰੀਆਂ ਨੂੰ ਜਾਂਚ ਮੁਕੰਮਲ ਹੋਣ ਤੱਕ ਅਹੁਦਿਆਂ ਤੋਂ ਲਾਂਭੇ ਕੀਤਾ ਜਾਵੇ ਤਾਂ ਜੋ ਉਹ ਸਬੂਤਾਂ ਨਾਲ ਛੇੜਛਾੜ ਨਾ ਕਰ ਸਕਣ।
3. ਰਣਜੀਤ ਸਿੰਘ ਦੇ ਪਰਿਵਾਰ ਨੂੰ ਸੁਰੱਖਿਆ ਅਤੇ ਬਣਦਾ ਇਨਸਾਫ਼ ਦਿੱਤਾ ਜਾਵੇ।



ਪੰਜਾਬ ਮਨੁੱਖੀ ਅਧਿਕਾਰ ਸੰਗਠਨ ਇਹ ਸਪੱਸ਼ਟ ਕਰਦਾ ਹੈ ਕਿ ਜੇਕਰ ਸਰਕਾਰ ਨੇ ਜਲਦ ਕੋਈ ਠੋਸ ਕਦਮ ਨਾ ਚੁੱਕਿਆ, ਤਾਂ ਸੰਗਠਨ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਮਨੁੱਖੀ ਅਧਿਕਾਰ ਕਮਿਸ਼ਨਾਂ ਤੱਕ ਪਹੁੰਚ ਕਰੇਗਾ। ਇਸ ਬਿਆਨ ਵਿਚ ਜਸਟਿਸ ਰਣਜੀਤ ਸਿੰਘ ,ਡਾ ਪਿਆਰਾ ਲਾਲ ਗਰਗ,ਸਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ, ਜਸਪਾਲ ਸਿੰਘ ਸਿਧੂ. ਸਰਬਜੀਤ ਸਿੰਘ ਵੇਰਕਾ,ਸ ਹਮੀਰ ਸਿੰਘ, ਮਾਲਵਿੰਦਰ ਸਿੰਘ ਮਾਲੀ ਅਤੇ ਡਾ ਖੁਸ਼ਹਾਲ ਸਿੰਘ ਨਾਮ ਸ਼ਾਮਲ ਹਨ।

ਵੱਲੋਂ: ਡਾ.ਖੁਸ਼ਹਾਲ ਸਿੰਘ ਮੀਡੀਆ ਇੰਚਾਰਜ, ਪੰਜਾਬ ਮਨੁੱਖੀ ਅਧਿਕਾਰ ਸੰਗਠਨ (PHRO) 9316107093

# ਜੇਕਰ ਨੌਜਵਾਨ ਆਪਣਾ ਪਸੀਨਾ ਵਹਾਉਣਗੇ ਤਾਂ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਣਗੇ: ਸਪੀਕਰ ਸੰਧਵਾਂ

## ਬੈਲ ਗੱਡੀਆਂ ਦੀਆਂ ਦੌੜਾਂ ਦੀ ਮੁੜ ਸ਼ੁਰੂਆਤ ਨੇ ਪੰਜਾਬ ਵਿੱਚ ਖੇਡ ਭਾਵਨਾ ਭਰੀ ਹੈ : ਪੰਨੂੰ





ਕਿਲਾ ਰਾਏਪੁਰ : ਪੇਂਡੂ ਉਲੰਪਿਕ ਵਜੋਂ ਦੁਨੀਆ ਭਰ ਵਿੱਚ ਮਸ਼ਹੂਰ ਕਿਲਾ ਰਾਏਪੁਰ ਦੀਆਂ ਖੇਡਾਂ 'ਚ ਬੈਲਗੱਡੀਆਂ ਦੀਆਂ ਦੌੜਾ, ਲੜਕੀਆਂ ਦੀ ਲੰਬੀ ਛਾਲ ਮੁਕਾਬਲੇ, ਮੁੰਡਿਆਂ ਦੀਆਂ ਦੌੜਾ, ਲੜਕੀਆਂ ਦੇ ਕਬੱਡੀ ਮੁਕਾਬਲੇ, ਸ਼ਾਟਪੁੱਟ ਵੱਖ ਵੱਖ ਵਿਅਕਤੀਆਂ ਵੱਲੋਂ ਕਰਤੱਵ ਦਿਖਾਏ ਗਏ ਖ਼ੇਡ ਮੈਦਾਨ ਪਰਿਵਾਰਾਂ, ਕਿਸਾਨਾਂ, ਨੌਜਵਾਨਾਂ ਸਮੂਹਾਂ, ਰਾਜ ਅਤੇ ਇਸ ਤੋਂ ਬਾਹਰ ਦੇ ਦਰਸ਼ਕਾਂ ਦੇ ਨਾਲ ਖਚਾਖਚ ਭਰਿਆ ਹੋਇਆ ਸੀ ਜਿਸ ਨਾਲ ਏਕਤਾ, ਉਤਸ਼ਾਹ ਅਤੇ ਭਾਈਚਾਰਕ ਭਾਵਨਾ ਦਾ ਇੱਕ ਵੱਖਰਾ ਹੀ ਮਾਹੌਲ ਪੈਦਾ ਹੋਇਆ। ਖੇਡ ਮੇਲੇ 'ਚ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਦੇ ਓਐਸਡੀ ਬਲਤੇਜ ਪੰਨੂ ਨੇ ਵੀ ਖੇਡ ਮੇਲੇ ਵਿੱਚ ਹਾਜ਼ਰੀ ਭਰੀ। ਇਸ ਮੌਕੇ ਸੰਬੋਧਨ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਅਗਲੀਆਂ ਪੀੜੀਆਂ ਤੱਕ ਸਾਡੇ ਵਿਰਸੇ ਨੂੰ ਪਹੁੰਚਣ ਦਾ ਮਾਣ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬੈਲਗੱਡੀਆਂ ਦੀਆਂ ਦੌੜਾ ਅਤੇ ਪੇਂਡੂ ਖੇਡਾਂ ਬਚਾਉਣ ਦਾ ਸਿਹਰਾ ਕਿਲਾ ਰਾਏਪੁਰ ਦੀ ਖੇਡ ਕਮੇਟੀ ਨੂੰ ਵੀ ਜਾਂਦਾ ਹੈ। ਸਪੀਕਰ ਸੰਧਵਾਂ ਨੇ ਕਿਹਾ ਕਿ ਮਿੰਨੀ ਉਲੰਪਿਕ ਖੇਡਾ ਇੱਕ ਮੇਲਾ ਹੀ ਨਹੀਂ ਸਗੋਂ ਪੰਜਾਬ ਦੀ ਅਣਖ, ਸਾਡੇ ਪੁਰਖਿਆਂ ਦੀ ਵਿਰਾਸਤ, ਸਾਡੀ ਸੰਸਕ੍ਰਿਤੀ ਦਾ ਜਿਉਂਦਾ ਜਾਗਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਬੈਲਗੱਡੀਆਂ ਦੀ ਦੌੜ ਬੰਦ ਹੋਣ ਕਾਰਨ ਪਿੰਡਾਂ ਦੀਆਂ ਖੇਡਾਂ ਦੀ ਰੌਣਕ ਖ਼ਤਮ ਹੋ ਗਈ ਸੀ। ਉਨ੍ਹਾਂ ਕਮੇਟੀ ਨੂੰ ਮੁਬਾਰਕਵਾਦ ਦਿੰਦਿਆਂ ਕਿਹਾ ਕਿ ਇਹ ਖੇਡਾਂ ਉਨ੍ਹਾਂ ਦੇ ਸਦਕਾ ਖੇਡ ਗਰਾਉਂਡ ਵਿੱਚ ਰੌਣਕਾਂ ਪਰਤੀਆਂ ਹਨ। ਸਪੀਕਰ ਸੰਧਵਾਂ ਨੇ ਕਿਹਾ ਕਿ ਕਿਲਾ ਰਾਏਪੁਰ ਸਿਰਫ ਇੱਕ ਪਿੰਡ ਦਾ ਨਾਮ ਨਹੀਂ, ਸਗੋਂ ਪੰਜਾਬੀਆਂ ਲਈ ਖੇਡਾਂ ਦਾ ਇੱਕ ਮੌਕਾ ਹੈ। ਕਿਉਂਕਿ ਇੰਨਾ ਖੇਡਾਂ ਨੂੰ ਦੁਨੀਆਂ ਵਿੱਚ ਮਿੰਨੀ ਉਲੰਪਿਕ ਵਜੋ ਜਾਣਿਆਂ ਜਾਂਦਾ ਹੈ। ਇਸ ਖੇਡ ਮੇਲੇ ਵਿੱਚ ਵੱਖ ਵੱਖ ਦੇਸ਼ਾਂ ਤੋਂ ਖਿਡਾਰੀ ਹਿੱਸਾ ਲੈਂਦੇ ਰਹੇ। ਇਹ ਖੇਡਾਂ ਸਾਡੇ ਪੇਂਡੂ ਜੀਵਨ ਦੀ ਸਾਦਗੀ ਅਤੇ ਪੰਜਾਬੀਆਂ ਦੀ ਚੜਦੀ ਕਲਾ ਦਾ ਪ੍ਰਤੀਕ ਹੈ। ਇਸ ਖੇਡ ਮੇਲੇ ਨੇ ਹਾਕੀ ਉਲੰਪੀਅਨ ਤੋਂ ਲੈ ਕੇ ਕਬੱਡੀ ਦੇ ਹੀਰੇ ਦਿੱਤੇ ਹਨ। ਖੇਡ ਮੇਲੇ ਸਾਡੇ ਲਈ ਮੰਨੋਰੰਜਨ ਨਹੀਂ ਸਗੋਂ ਸਾਡੇ ਗੱਭਰੂਆਂ ਦੇ ਜੋਸ ਤੇ ਜਜ਼ਬੇ ਨੂੰ ਤਿੱਖਾ ਕਰਦੇ ਹਨ। ਖੇਡ ਮੇਲੇ ਜਾਤ ਪਾਤ ਅਤੇ ਧਰਮਾਂ ਤੋਂ ਉੱਪਰ ਉੱਠ ਕੇ ਪੰਜਾਬ ਪ੍ਰਗਟਾਵਾ ਕਰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਪੰਜਾਬ ਦੇ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡ ਮੈਦਾਨਾਂ ਨਾਲ ਜੁੜੇ। ਉਨ੍ਹਾਂ ਕਿਹਾ ਕਿ ਇਹ ਮੇਲਾ ਸਾਂਝੀਵਾਲਤਾ ਦਾ ਪ੍ਰਤੀਕ ਹੈ, ਕੋਈ ਵੈਰ ਵਿਰੋਧ ਨਹੀਂ, ਕੋਈ ਪਾਰਟੀਬਾਜ਼ੀ ਨਹੀਂ ਸਿਰਫ ਪੰਜਾਬੀਅਤ ਲਈ ਪਿਆਰ ਹੈ, ਪਿੰਡਾਂ ਦਾ ਪਿਆਰ ਹੈ, ਸਾਡੇ ਵਿਰਸੇ ਲਈ ਪਿਆਰ ਹੈ। ਉਨ੍ਹਾਂ ਕਿਹਾ ਕਿ ਅਗਰ ਅਸੀਂ ਰਲਕੇ ਹੰਭਲਾ ਮਾਰਾਂਗੇ ਤਾਂ ਪੰਜਾਬ ਨੂੰ ਮੁੜ ਤੋਂ ਸੋਨੇ ਦੀ ਚਿੜੀ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਸਪੀਕਰ ਸੰਧਵਾਂ ਨੇ ਕਿਹਾ ਕਿ ਸਰਕਾਰ ਵੱਲੋਂ ਵਿਸ਼ੇਸ਼ ਫੰਡ ਅਤੇ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਸੇ ਤੇ ਮਾਣ ਕਰਦੀਆਂ ਰਹਿਣ। ਉਨ੍ਹਾਂ ਕਿਹਾ ਕਿ ਨਸਿਆਂ ਦੇ ਕੋਹੜ ਨੂੰ ਖ਼ਤਮ ਕਰਨ ਦਾ ਸਭ ਤੋਂ ਕਾਰਗਰ ਤਰੀਕਾ ਖੇਡ ਮੈਦਾਨ ਹਨ, ਜੇਕਰ ਨੌਜਵਾਨ ਆਪਣਾ ਪਸੀਨਾ ਵਹਾਉਣਗੇ ਤਾਂ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਣਗੇ। ਉਨ੍ਹਾਂ ਕਿਹਾ ਕਿ ਖੇਡ ਮੇਲੇ ਦੀ ਇੱਕ ਹੋਰ ਖੂਬਸੂਰਤੀ ਲੋਕ ਗਾਇਕੀ ਤੇ ਖੁੱਲੇ ਅਖਾੜੇ ਵੀ ਸਾਡੇ ਸੱਭਿਆਚਾਰ, ਲੋਕ ਗਥਾਵਾਂ, ਕਿੱਸੇ, ਸਾਡੇ ਸੰਘਰਸ਼ਾਂ ਦੀ ਜਿਉਂਦੀ ਜਾਗਦੀ ਤਸਵੀਰ ਹੈ। ਉਨ੍ਹਾਂ ਕਿਹਾ ਜਿੰਨ੍ਹਾਂ ਦੀ ਬੋਲੀ ਜਾਗਦੀ ਰਹਿੰਦੀ ਹੈ, ਉਨ੍ਹਾਂ ਦੀਆਂ ਵਿਰਾਸਤਾਂ ਜਿਉਂਦੀਆਂ ਰਹਿੰਦੀਆਂ ਹਨ। ਸਪੀਕਰ ਸੰਧਵਾਂ ਨੇ ਕਿਹਾ ਕਿ ਅੱਜ ਜਦੋਂ ਪੱਛਮੀ ਸੱਭਿਆਚਾਰ ਦੀ ਹਨੇਰੀ ਚੱਲ ਰਹੀ ਹੈ ਤਾਂ ਸਾਨੂੰ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਦੀ ਲੋੜ ਹੈ। ਜੇਕਰ ਅਸੀਂ ਆਪਣੀ ਰਿਵਾਇਤੀ ਖੇਡਾਂ, ਆਪਣੀ ਮਾਂ ਬੋਲੀ ਅਤੇ ਆਪਣੇ ਵਿਰਸੇ ਨੂੰ ਭੁਲਾ ਦਿੱਤਾ ਤਾਂ ਸਾਡੀ ਪੀੜ੍ਹੀ ਕੋਲ ਆਪਣੀ ਪਛਾਣ ਦੱਸਣ ਲਈ ਕੁੱਝ ਨਹੀਂ ਰਹਿਣਾ। ਉਨ੍ਹਾਂ ਕਿਹਾ ਕਿ ਸਰਕਾਰ ਨੀਤੀਆਂ ਬਣਾ ਸਕਦੀ ਹੈ ਤੇ ਮੈਦਾਨਾਂ ਦੀਆਂ ਰੌਣਕਾਂ ਤੁਸੀਂ ਲਗਾਉਣੀਆਂ ਹਨ। ਉਨ੍ਹਾਂ ਕਿਹਾ ਸਾਨੂੰ ਆਪਣੇ ਬੱਚਿਆਂ ਨੂੰ ਰੀਲਾਂ ਤੇ ਸਟੋਰੀਆਂ ਤੋਂ ਦੂਰ ਕਰਕੇ ਮੈਦਾਨਾਂ ਤੱਕ ਲੈ ਕੇ ਆਉਣਾ ਪਵੇਗਾ। ਪੰਜਾਬ ਸਰਕਾਰ ਦੇ ਸਟੇਟ ਮੀਡੀਆ ਹੈੱਡ ਸ੍ਰੀ ਬਲਤੇਜ ਪੰਨੂ ਨੇ ਪ੍ਰਬੰਧਕਾਂ ਅਤੇ ਦਰਸ਼ਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦੀ ਸ਼ਲਾਘਾ ਕੀਤੀ ਜਿਸ ਨਾਲ ਇਹਨਾਂ ਖੇਡਾਂ ਨੂੰ ਇੱਕ ਸ਼ਾਨਦਾਰ ਸਫਲਤਾ ਵਿੱਚ ਬਦਲਿਆ ਗਿਆ। ਉਨ੍ਹਾਂ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਕਿਵੇਂ ਬੈਲ ਗੱਡੀਆਂ ਦੀਆਂ ਦੌੜਾਂ ਦੀ ਮੁੜ ਸ਼ੁਰੂਆਤ ਨੇ ਪੰਜਾਬ ਭਰ ਵਿੱਚ ਇੱਕ ਤਾਜ਼ਾ ਖੇਡ ਭਾਵਨਾ ਭਰੀ ਹੈ ਜਿਸ ਨਾਲ ਪੇਂਡੂ ਜੋਸ਼ ਅਤੇ ਸੱਭਿਆਚਾਰਕ ਪਛਾਣ ਦੇ ਪ੍ਰਤੀਕ ਵਜੋਂ ਪੇਂਡੂ ਓਲੰਪਿਕ ਕਿਲਾ ਰਾਏਪੁਰ ਦੀ ਸ਼ਾਨ ਨੂੰ ਬਹਾਲ ਕੀਤਾ ਗਿਆ ਹੈ।

ਹਾਕੀ (ਲੜਕੇ) ਦੇ ਸੈਮੀਫਾਈਨਲ ਦੇ ਮੁਬਕਾਬਲਿਆਂ ਵਿੱਚ ਅਮਰਗੜ੍ਹ ਨੇ ਕਿਲਾ ਰਾਏਪੁਰ ਨੂੰ 1-0 ਦੇ ਫਰਕ ਨਾਲ ਹਰਾਇਆ। ਦੂਜੇ ਸੈਮੀਫਾਈਨਲ ਵਿੱਚ ਕੁਰੂਕਸੇਤਰ ਨੇ ਰਾਏਕੋਟ ਨੂੰ 1-0 ਨਾਲ ਹਰਾਇਆ। ਹਾਕੀ (ਲੜਕੀਆਂ) ਦੇ ਪਹਿਲੇ ਸੈਮੀਫਾਈਨਲ ਮੁਕਾਬਲੇ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਦਿੱਲੀ ਨੂੰ 3-2 ਨਾਲ ਹਰਾਇਆ। ਦੂਜੇ ਸੈਮੀਫਾਈਨਲ ਵਿੱਚ ਅੰਮ੍ਰਿਤਸਰ ਨੇ ਅਮਰਗੜ੍ਹ ਨੂੰ 2-1 ਨਾਲ ਹਰਾ ਕੇ ਫਾਇਨਲ ਵਿੱਚ ਪ੍ਰਵੇਸ਼ ਕੀਤਾ। ਕਬੱਡੀ ਨੈਸ਼ਨਲ ਸਟਾਈਲ ਅੰਡਰ-17 (ਲੜਕੀਆਂ) ਦੇ ਫਾਈਨਲ ਮੁਕਾਬਲੇ ਵਿੱਚ ਮੋਗਾ ਨੇ ਇਆਲੀ ਕਲਾਂ ਨੂੰ 14-13 ਦੇ ਫਰਕ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਕਬੱਡੀ ਸਰਕਲ ਸਟਾਈਲ ਓਪਨ (ਲੜਕਿਆਂ) ਦੇ ਮੁਕਾਬਲਿਆਂ ਵਿੱਚ ਜਗਤਪੁਰ ਦੀ ਟੀਮ ਨੇ ਰੋਪੜ ਦੀ ਟੀਮ ਨੂੰ 15-11 ਦੇ ਫਰਕ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਜਗ੍ਹਾ ਬਣਾਈ। ਦੂਜੇ ਮੁਕਾਬਲੇ ਵਿੱਚ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੂੰ ਪਠਾਨਕੋਟ ਨੇ 12-06 ਦੇ ਵੱਡੇ ਫਰਕ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਤੀਜੇ ਮੁਕਾਬਲੇ ਵਿੱਚ ਮੋਗਾ ਦੀ ਟੀਮ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਟੀਮ ਨੂੰ 17-06 ਦੇ ਫਰਕ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਆਪਣੀ ਜਗ ?ਹਾ ਬਣਾਈ। ਲੰਮੀ ਛਾਲ ਓਪਨ (ਲੜਕੇ) ਦੇ ਮੁਕਾਬਲਿਆਂ 'ਚ ਅਭਿਨਾਸ ਨੇ ਪਹਿਲਾ, ਜਗਰੂਪ ਸਿੰਘ ਨੇ ਦੂਜਾ, ਨਰਿੰਦਰ ਨੇ ਤੀਜਾ ਸਥਾਨ ਹਾਸਲ ਕੀਤਾ। ਲੰਮੀ ਛਾਲ ਓਪਨ (ਲੜਕੀਆਂ) 'ਚ ਸਿਮਰਨ ਨੇ ਪਹਿਲਾ, ਹਰਲੀਨ ਨੇ ਦੂਜਾ, ਡੌਲੀ ਨੇ ਤੀਜਾ ਸਥਾਨ ਲਿਆ। ਸਾਟਪੁੱਟ ਓਪਨ (ਲੜਕੇ) ਦੇ ਮੁਕਾਬਲਿਆਂ 'ਚ ਧਨਵੀਰ ਸਿੰਘ ਨੇ ਪਹਿਲਾ, ਵਤਨਪ੍ਰੀਤ ਸਿੰਘ ਨੇ ਦੂਜਾ, ਦਿਲਜਾਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਾਰਪੁੱਟ ਓਪਨ (ਲੜਕੀਆਂ) ਜੈਸਮੀਨ ਕੌਰ ਨੇ ਪਹਿਲਾ, ਹਰਮਨਦੀਪ ਕੌਰ ਨੇ ਦੂਜਾ, ਕ੍ਰਿਤਿਕਾ ਗੋਰ ਨੇ ਤੀਜਾ ਸਥਾਨ ਲਿਆ। 100 ਮੀਟਰ ਲੜਕਿਆਂ ਦੀਆਂ ਦੌੜਾਂ ਵਿੱਚ ਹਰਜੀਤ ਸਿੰਘ ਨੇ ਪਹਿਲਾ, ਆਦੇਸ ਗਰਸਾ ਨੇ ਦੂਜਾ, ਰਮਨਦੀਪ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 100 ਮੀਟਰ ਲੜਕੀਆਂ ਦੀਆਂ ਦੌੜਾਂ ਵਿੱਚ ਸਿਮਰਨਜੀਤ ਕੌਰ ਨੇ ਪਹਿਲਾ, ਸੁਖਵੀਰ ਕੌਰ ਨੇ ਦੂਜਾ ਅਤੇ ਸਿਮਰਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।

# ਬੰਦੀ ਸਿੰਘਾਂ ਦੀ ਰਿਹਾਈ ਲਈ ਸਿਆਸੀ ਸਿੱਖ ਆਗੂਆਂ 'ਚ ਏਕਤਾ ਲਾਜ਼ਮੀ : ਇਯਾਲੀ



ਮੁੱਲਾਂਪੁਰ-ਦਾਖਾ (ਜਗਰਾਓਂ) : ਸਿੱਖ ਸੰਘਰਸ਼ ਦੌਰਾਨ ਸਮੇਂ ਦੀਆਂ ਸਰਕਾਰਾਂ ਵਲੋਂ ਕੋਈ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਪਹਿਲਾਂ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖਾਂ ਦੀਆਂ ਸਿਆਸੀ ਧਿਰਾਂ ਵਿਚ ਏਕਤਾ ਹੋਣੀ ਲਾਜ਼ਮੀ ਹੈ, ਤਾਂ ਹੀ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘ ਰਿਹਾਅ ਹੋਣਗੇ, ਇਹ ਪ੍ਰਗਟਾਵਾ ਕਰਦਿਆਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਸਿਆਸੀ ਸਿੱਖ ਆਗੂਆਂ ਦਾ ਕੌਮੀ ਫਰਜ਼ ਬਣਦਾ ਹੈ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ, ਹੋਰ ਸਿੰਘਾਂ 'ਤੇ ਐੱਨ.ਐੱਸ.ਏ. ਲਾਉਣਾ ਵੀ ਪੰਜਾਬ ਸਰਕਾਰ ਦੀ ਕੇਂਦਰੀ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਕਾਰਵਾਈ ਹੈ। ਇਯਾਲੀ ਨੇ ਕਿਹਾ ਕਿ ਤਿੰਨ ਕਾਲੇ ਖੇਤੀ ਕਾਨੂੰਨਾਂ ਵਾਂਗ ਭਾਰਤ-ਅਮਰੀਕਾ ਕਰ ਮੁਕਤ ਵਪਾਰ ਸਮਝੌਤੇ ਅਧੀਨ ਬਿਜਲੀ ਬਿੱਲ ਅਤੇ ਬੀਜ ਬਿੱਲ 2025, ਮਨਰੇਗਾ ਨੂੰ ਬਹਾਲ ਕਰਨ ਦੀ ਮੰਗ ਵਾਲੇ ਜਿਉਂਦ (ਬਠਿੰਡਾ) ਵਿਖੇ ਅੰਦੋਲਨਕਾਰੀ ਕਿਸਾਨਾਂ ਉੱਪਰ ਪੰਜਾਬ ਪੁਲਿਸ ਵਲੋਂ ਅੱਥਰੂ ਗੈਸ ਗੋਲੇ ਵਰ੍ਹਾਉਣਾ ਤੇ ਝੂਠੇ ਮੁਕੱਦਮੇ ਦਰਜ ਕਰਨਾ ਨਿੰਦਣਯੋਗ ਹੈ।

# ਮਜੀਠੀਆ, ਚੰਦੂਮਾਜਰਾ ਅਤੇ ਰੱਖੜਾ ਦੀ ਅਚਨਚੇਤ ਮੁਲਾਕਾਤ ਨੇ ਛੇੜੀ ਨਵੀਂ ਚਰਚਾ

## ਅਸੀਂ ਅਦਾਲਤ ਵਿੱਚ ਇੱਕ ਕੇਸ ਵਿੱਚ ਪੇਸ਼ ਹੋਣ ਲਈ ਇਕੱਠੇ ਸੀ : ਚੰਦੂਮਾਜਰਾ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਅਤੇ ਇਸ ਤੋਂ ਵੱਖ ਹੋਏ ਧੜੇ ਦੇ ਇੱਕ ਮੰਚ 'ਤੇ ਇਕੱਠੇ ਹੋਣ ਦੀਆਂ ਅਟਕਲਾਂ ਦੇ ਵਿਚਕਾਰ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਇੱਕ ਵੀਡੀਓ ਕਲਿੱਪ ਚਰਚਾ ਦਾ ਵਿਸ਼ਾ ਬਣ ਗਈ ਹੈ। ਇਸ ਵੀਡੀਓ ਕਲਿੱਪ ਵਿੱਚ ਸ਼੍ਰੋਮਣੀ ਅਕਾਲੀ ਦਲ (SAD) ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸੁਰਜੀਤ ਸਿੰਘ ਰੱਖੜਾ, ਜੋ ਵੱਖਰੇ ਧੜੇ 'ਚ ਹਨ, ਇੱਕ ਇਮਾਰਤ ਦੀ ਲਾਬੀ ਵਿੱਚ ਇੱਕ-ਦੂਜੇ ਨਾਲ ਸੁਖ-ਸਾਂਦ ਪੁੱਛਦੇ ਨਜ਼ਰ ਆਏ। ਦਰਅਸਲ, ਇਹ ਤਿੰਨੋਂ ਇੱਕ ਪੁਰਾਣੇ ਕੇਸ ਸਬੰਧੀ ਚੰਡੀਗੜ੍ਹ ਦੀ ਇੱਕ ਅਦਾਲਤ ਵਿੱਚ ਪੇਸ਼ ਹੋਣ ਲਈ ਆਏ ਸਨ। ਚੰਦੂਮਾਜਰਾ ਅਤੇ ਰੱਖੜਾ ਨੇ ਬਾਦਲਾਂ ਦੇ ਖ਼ ?ਲਾਫ਼ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ 'ਅਕਾਲੀ ਦਲ ਪੁਨਰ ਸੁਰਜੀਤ' ਦੀ ਪ੍ਰਮੁੱਖਤਾ ਨਾਲ ਅਗਵਾਈ ਕੀਤੀ ਸੀ।

ਇਸ ਦੌਰਾਨ ਚੰਦੂਮਾਜਰਾ ਨੇ ਮਜੀਠੀਆ ਨਾਲ ਗੱਲਬਾਤ ਸ਼ੁਰੂ ਕਰਨ ਲਈ ਪਹਿਲ ਕੀਤੀ, ਜੋ ਇੱਕ ਫੋਨ ਕਾਲ ਸੁਣ ਰਹੇ ਸਨ, ਅਤੇ ਉਨ੍ਹਾਂ ਨੂੰ 'ਆਓ ਜੀ... ਮਾਝੇ ਦੇ ਜਰਨੈਲ ਸਾਹਿਬ' ਕਹਿ ਕੇ ਸੰਬੋਧਨ ਕੀਤਾ। ਤੁਰੰਤ, ਮਜੀਠੀਆ ਨੇ ਵੀ ਉਸੇ ਅੰਦਾਜ਼ ਵਿੱਚ ਜਵਾਬ ਦਿੱਤਾ, ਚੰਦੂਮਾਜਰਾ ਨੂੰ ਮਿਲਣ ਲਈ ਚੱਲ ਰਹੀ ਫੋਨ ਕਾਲ ਤੁਰੰਤ ਕੱਟ ਦਿੱਤੀ। ਬਾਅਦ ਵਿੱਚ, ਉਹ ਦੋਵੇਂ ਇੱਕ ਕੋਨੇ ਵਿੱਚ ਚਲੇ ਗਏ। ਉਸੇ ਥਾਂ 'ਤੇ ਰੱਖੜਾ ਵੀ ਸ਼ਾਮਲ ਹੋ ਗਏ ਅਤੇ ਮਜੀਠੀਆ ਨੂੰ ਨਿੱਘ ਨਾਲ ਮਿਲੇ।

ਆਮਦਨ ਤੋਂ ਵੱਧ ਸੰਪਤੀ ਦੇ ਕੇਸ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ, ਮਜੀਠੀਆ ਨੇ ਕਿਹਾ ਸੀ ਕਿ ਉਨ੍ਹਾਂ ਦਾ ਮੁੱਖ ਉਦੇਸ਼ ਅਕਾਲੀ ਦਲ ਦੇ ਕੇਡਰ ਨੂੰ ਮਜ਼ਬੂਤ ਕਰਨਾ ਹੋਵੇਗਾ ਅਤੇ ਉਹ ਬਾਗੀ ਅਕਾਲੀਆਂ ਨੂੰ ਪਾਰਟੀ ਵਿੱਚ ਵਾਪਸ ਲਿਆਉਣ ਲਈ ਨੰਗੇ ਪੈਰੀਂ ਜਾਣ ਤੋਂ ਵੀ ਗੁਰੇਜ਼ ਨਹੀਂ ਕਰਨਗੇ।

ਇਸੇ ਦੌਰਾਨ ਚੰਦੂਮਾਜਰਾ ਨੇ ਕਿਹਾ, "ਇਹ ਇਤਫ਼ਾਕ ਨਾਲ ਹੋਇਆ ਕਿ ਅਸੀਂ ਇਕੱਠੇ ਸੀ। ਕੋਈ ਰਸਮੀ ਮੀਟਿੰਗ ਜਾਂ ਸਿਆਸੀ ਚਰਚਾ ਨਹੀਂ ਸੀ। ਅਸੀਂ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਕੋਲ ਹੋਏ ਪ੍ਰਦਰਸ਼ਨ ਨਾਲ ਸਬੰਧਤ ਪੰਜ ਸਾਲ ਪੁਰਾਣੇ ਕੇਸ ਵਿੱਚ ਅਦਾਲਤ ਵਿੱਚ ਪੇਸ਼ੀ ਭੁਗਤਣੀ ਸੀ, ਜਦੋਂ ਅਸੀਂ ਅਕਾਲੀ ਦਲ ਵਿੱਚ ਇਕੱਠੇ ਸੀ।

ਚੰਦੂਮਾਜਰਾ ਨੇ ਕਿਹਾ ਕਿ ਉਹ ਵੀ ਅਕਾਲੀ ਦਲ ਨੂੰ 'ਬਿਨਾਂ ਸ਼ਰਤ' ਮਜ਼ਬੂਤ ਕਰਨ ਲਈ ਇੱਕ ਮੰਚ 'ਤੇ ਹੋਣ ਦੇ ਹੱਕ ਵਿੱਚ ਹਨ। ਉਨ੍ਹਾਂ ਕਿਹਾ, ÷ਏਕਤਾ ਇੱਕ ਚੰਗਾ ਕਦਮ ਹੈ ਅਤੇ ਸਾਨੂੰ ਪੰਜਾਬ ਨੂੰ ਬਚਾਉਣ ਲਈ ਇਸ ਦਿਸ਼ਾ ਵਿੱਚ ਸੋਚਣਾ ਚਾਹੀਦਾ ਹੈ। ਮੈਂ ਮਜੀਠੀਆ ਦੇ ਇਸ ਵਿਚਾਰ ਦਾ ਸਵਾਗਤ ਕਰਦਾ ਹਾਂ, ਪਰ ਹੁਣ ਤੱਕ ਦੂਜੇ ਪਾਸੇ ਤੋਂ ਏਕਤਾ ਲਈ ਕੋਈ ਰਸਮੀ ਸੱਦਾ ਨਹੀਂ ਆਇਆ ਹੈ। ਸ੍ਰੀ ਅਕਾਲ ਤਖ਼ਤ ਦੇ 2 ਦਸੰਬਰ 2024 ਦੇ ਨਿਰਦੇਸ਼ ਵੀ ਮੱਤਭੇਦਾਂ ਨੂੰ ਦੂਰ ਕਰਕੇ ਅਕਾਲੀ ਕੇਡਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਦਿੱਤੇ ਗਏ ਸਨ।

ਦੂਜੇ ਪਾਸੇ, 'ਪੁਨਰਸੁਰਜੀਤ' ਗਰੁੱਪ ਦਾ ਹਿੱਸਾ ਰਹੇ ਇੱਕ ਹੋਰ ਬਾਗੀ ਅਕਾਲੀ ਆਗੂ ਕਰਨੈਲ ਸਿੰਘ ਪੀਰ ਮੁਹੰਮਦ (ਪੰਜੋਲੀ) ਨੇ ਅੱਜ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਮੌਜੂਦਾ ਲੀਡਰਸ਼ਿਪ ਨਾਲ ਵਿਚਾਰਕ ਮੱਤਭੇਦਾਂ ਦਾ ਹਵਾਲਾ ਦਿੰਦੇ ਹੋਏ ਅਸਤੀਫਾ ਦੇ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਸਾਬਕਾ ਜਨਰਲ ਸਕੱਤਰ ਪੰਜੋਲੀ ਨੇ ਬਾਦਲ ਦਾ ਵਿਰੋਧ ਕੀਤਾ ਸੀ। ਉਹ ਉਨ੍ਹਾਂ ਡੈਲੀਗੇਟਾਂ ਵਿੱਚ ਸ਼ਾਮਲ ਸਨ ਜਿਨ੍ਹਾਂ ਨੇ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਮੈਂਬਰਸ਼ਿਪ ਮੁਹਿੰਮ ਚਲਾਈ ਸੀ।

# ਪੰਜਾਬ ਲਈ ਬੇਹੱਦ ਨੁਕਸਾਨਦੇਹ ਹੈ ਰੁੱਖਾਂ ਦੀ ਅੰਨ੍ਹੇਵਾਹ ਕਟਾਈ



*ਜੀਵਨ ਲਈ ਸਾਜ਼ਗਾਰ ਹਾਲਾਤ ਪੈਦਾ ਕਰਨ ਲਈ 33% ਰੁੱਖਾਂ ਦਾ ਹੋਣਾ ਬੜਾ ਜ਼ਰੂਰੀ ਹੈ। ਪਰ ਇਸ ਸਮੇਂ ਪੰਜਾਬ ਦੀ ਹਾਲਤ ਇਹ ਕਿ ਇੱਥੇ 3.5% ਜੰਗਲ ਹਨ, ਉਹ ਵੀ ਕੁਝ ਖਾਸ ਖੇਤਰਾਂ ਤੱਕ ਸੀਮਤ ਹਨ, ਮਾਲਵੇ ਦੇ ਵੱਡੇ ਇਲਾਕੇ ਵਿਚ ਰੁੱਖ ਬੜੇ ਵਿਰਲੇ ਟਾਵੇਂ ਹਨ ਅਤੇ ਹਰ ਦਿਨ ਇਨ੍ਹਾਂ ਦੀ ਗਿਣਤੀ ਹੋਰ ਸੀਮਤ ਹੁੰਦੀ ਜਾ ਰਹੀ ਹੈ।*

ਗੁਰਚਰਨ ਸਿੰਘ ਨੂਰਪੁਰ

ਧਰਤੀ ਦੇ ਜੰਗਲ ਤੇ ਰੁੱਖ ਜੀਵਨ ਰੱਖਿਅਕ ਹਨ, ਪਰ ਅਖੌਤੀ ਵਿਕਾਸ ਦੇ ਰਾਹ 'ਤੇ ਚਲਦਿਆਂ ਇਨ੍ਹਾਂ ਦਾ ਖਾਤਮਾ ਕਰਨ ਲਈ ਸਾਡੇ ਆਰੇ ਕੁਹਾੜੇ ਹਰ ਸਮੇਂ ਤਿਆਰ ਹਨ, ਕੀ ਇਹ ਬੰਦੇ ਦਾ ਪਾਗਲਪਣ ਨਹੀਂ? ਧਰਤੀ ਨੂੰ ਜੀਵੰਤ ਰੱਖਣ ਇਸ ਨੂੰ ਬੰਜਰ ਹੋਣ ਤੋਂ ਬਚਾਉਣ ਲਈ ਰੁੱਖਾਂ ਦੀ ਬੜੀ ਅਹਿਮ ਭੂਮਿਕਾ ਹੈ ਪਰ ਇਨ੍ਹਾਂ ਪ੍ਰਤੀ ਸਾਡਾ ਰੁਖ਼ ਬੜਾ ਗ਼ੈਰ-ਜ਼ਿੰਮੇਵਾਰਾਨਾ ਹੈ।

ਜੇਕਰ ਕੋਈ ਜੀਵਨ ਦਾ ਅਪਮਾਨ ਕਰਦਾ ਹੈ, ਜੀਵਨ ਨੂੰ ਤਬਾਹ ਕਰਦਾ ਹੈ ਤਾਂ ਉਸ ਲਈ ਕਾਨੂੰਨ ਨੇਮ ਹਨ ਪਰ ਜੋ ਸਾਨੂੰ ਜੀਵਨ ਦਾ ਦਾਨ ਦਿੰਦੇ ਹਨ, ਉਨ੍ਹਾਂ ਦੀ ਤਬਾਹੀ ਰੋਕਣ ਵਾਲਾ ਕਾਨੂੰਨ ਕਿੱਥੇ ਖੜ੍ਹਾ ਹੈ? ਕੀ ਇਹ ਗਹਿਰ-ਗੰਭੀਰ ਵਿਚਾਰ ਕਰਨ ਦਾ ਮਸਲਾ ਨਹੀਂ?

ਰੁੱਖਾਂ ਨੂੰ ਲਾਏ ਜਾਣ ਦੀ ਤੇ ਦਰਿਆਵਾਂ ਨੂੰ ਸਾਫ਼ ਕੀਤੇ ਜਾਣ ਦੀ ਲੋੜ ਨਹੀਂ ਹੁੰਦੀ। ਹਜ਼ਾਰਾਂ ਸਾਲਾਂ ਤੋਂ ਧਰਤੀ ਦੇ ਵੱਖ ਵੱਖ ਹਿੱਸਿਆਂ ਵਿਚ ਵਿਸ਼ਾਲ ਜੰਗਲ ਹਨ। ਇਹ ਜੰਗਲ ਮਨੁੱਖਾਂ ਨੇ ਨਹੀਂ ਉਗਾਏ। ਕੁਦਰਤ ਆਪ ਇਨ੍ਹਾਂ ਨੂੰ ਪੈਦਾ ਕਰਦੀ ਹੈ। ਰੁੱਖਾਂ ਨੂੰ ਨਾ ਵੀ ਲਾਇਆ ਜਾਵੇ ਤਾਂ ਧਰਤੀ ਮਾਂ ਆਪਣੇ ਇਨ੍ਹਾਂ ਲਾਡਲੇ ਪੁੱਤਰਾਂ ਨੂੰ ਆਪਣੇ ਵਿਸ਼ਾਲ ਵਿਹੜੇ ਵਿਚ ਥਾਂ ਦਿੰਦੀ ਹੈ। ਪਰ ਹੁਣ ਕਿਉਂਕਿ ਅਸੀਂ ਜੰਗਲਾਂ ਦਾ ਸਫ਼ਾਇਆ ਹੀ ਕਰ ਦਿੱਤਾ ਹੈ, ਰੁੱਖ ਕੱਟ ਹੀ ਇੰਨੇ ਦਿੱਤੇ ਹਨ ਕਿ ਰੁੱਖ ਲਾਉਣ ਦੀ ਵੱਡੀ ਲੋੜ ਆਣ ਬਣੀ ਹੈ। ਇਸੇ ਤਰ੍ਹਾਂ ਸਾਡੇ ਦਰਿਆ, ਜਿਨ੍ਹਾਂ ਵਿਚ ਬਰਸਾਤ ਦੇ ਮਹੀਨੇ ਨੂੰ ਛੱਡ ਕੇ, ਸਾਰਾ ਸਾਲ ਕਾਲਾ ਪਾਣੀ ਵਹਿੰਦਾ ਹੈ, ਕਾਲੇ ਪਾਣੀ ਦੀ ਕਾਲੀ ਗਾਰ ਨਾਲ ਇਹ ਦੂਰੋਂ ਮੁਸ਼ਕ ਮਾਰਦੇ ਗੰਦੇ ਪਾਣੀ ਦੇ ਵਾਹਕ ਬਣ ਗਏ ਹਨ। ਇਨ੍ਹਾਂ ਦਰਿਆਵਾਂ ਨੂੰ ਸਾਫ ਕਰਨ ਦੀ ਲੋੜ ਨਹੀਂ। ਉਂਝ ਸਰਕਾਰਾਂ ਹਰ ਸਾਲ ਇਨ੍ਹਾਂ ਲਈ ਕਰੋੜਾਂ ਰੁਪਏ ਦੇ ਬਜਟ ਰੱਖਦੀਆਂ ਹਨ ਪਰ ਇਨ੍ਹਾਂ ਨੂੰ ਸਾਫ਼ ਕਰਨ ਲਈ ਇਕ ਰੁਪਏ ਦੀ ਲੋੜ ਨਹੀਂ। ਇਹ ਆਪਣੇ ਆਪ ਨੂੰ ਆਪੇ ਸਾਫ਼ ਕਰ ਲੈਂਦੇ ਹਨ। ਇਨ੍ਹਾਂ ਵਿਚ ਡਿਗਣ ਵਾਲੇ ਗੰਦੇ ਨਾਲਿਆਂ ਨੂੰ ਬੰਦ ਕਰਨ ਦੀ ਲੋੜ ਹੁੰਦੀ ਹੈ। ਦਰਿਆ ਤਾਂ ਹਜ਼ਾਰਾਂ ਸਾਲਾਂ ਤੋਂ ਵਹਿੰਦੇ ਸਨ। ਇਨ੍ਹਾਂ ਦੇ ਨੀਰ ਬੜੇ ਪਵਿੱਤਰ ਸਨ। ਲੋਕ ਇਨ੍ਹਾਂ 'ਚੋਂ ਪਾਣੀ ਪੀਂਦੇ ਸਨ। ਇਹ ਸਦੀਆਂ ਤੋਂ ਸਾਫ਼ ਹੀ ਸਨ। ਇਨ੍ਹਾਂ ਦੀ ਸਫ਼ਾਈ ਲਈ ਵੱਖਰੇ ਬਜਟ ਰੱਖੇ ਜਾਣ ਦੀ ਲੋੜ ਨਹੀਂ, ਬਲਕਿ ਇਨ੍ਹਾਂ ਵਿਚ ਪੈਂਦੇ ਗੰਦ ਨੂੰ ਸਖ਼ਤੀ ਨਾਲ ਰੋਕਿਆ ਜਾਣਾ ਚਾਹੀਦਾ ਹੈ। ਪਰ ਅਜਿਹਾ ਨਹੀਂ ਕੀਤਾ ਜਾਂਦਾ। ਜੇਕਰ ਅਜਿਹਾ ਹੋਵੇ ਤਾਂ ਦਰਿਆਵਾਂ ਨੂੰ ਸਾਫ਼ ਕਰਨ ਵਾਲੇ ਫੰਡ ਜਾਰੀ ਕਿਵੇਂ ਹੋਣਗੇ? ਇਸੇ ਤਰ੍ਹਾਂ ਕਿਸੇ ਵੀ ਸੜਕ ਨੂੰ ਚੌੜਾ ਕਰਨ ਲਈ ਪਹਿਲਾਂ ਉਸ 'ਤੇ ਖੜ੍ਹੇ ਰੁੱਖਾਂ ਦਾ ਕਤਲੇਆਮ ਕੀਤਾ ਜਾਂਦਾ ਹੈ। ਇਸ ਅਮਲ ਵਿਚੋਂ ਵੀ ਮੋਟੀ ਕਮਾਈ ਹੁੰਦੀ ਹੈ। ਫਿਰ ਸੜਕ ਬਣਦੀ ਹੈ। ਫਿਰ ਇਸ ਦੁਆਲੇ ਬੂਟੇ ਲਾਏ ਜਾਂਦੇ ਹਨ। ਫਿਰ ਇਨ੍ਹਾਂ ਨੂੰ ਲਾਏ ਜਾਣ ਲਈ ਫੰਡ ਮੁਹੱਈਆ ਕੀਤੇ ਜਾਂਦੇ ਹਨ। ਇਨ੍ਹਾਂ ਫੰਡਾਂ ਦੀ ਖੇਡ ਵਿਚ ਸਾਲ ਬੀਤਦੇ ਹਨ ਅਤੇ ਹਰ ਸਾਲ, ਲੱਖਾਂ ਹਜ਼ਾਰਾਂ ਰੁੱਖਾਂ ਦਾ ਕਤਲੇਆਮ ਹੁੰਦਾ ਹੈ। ਸਾਨੂੰ ਸੋਚਣਾ ਚਾਹੀਦਾ ਹੈ ਕਿ ਇਹ ਸਿਲਸਿਲੇ ਕਦੋਂ ਤੱਕ ਚਲਦੇ ਰਹਿਣਗੇ?

ਸਾਡੇ ਸਵਿੰਧਾਨ ਵਿਚ ਰੁੱਖਾਂ ਲਈ ਬਣੇ ਕਾਨੂੰਨ ਵਿਚ Indian Forest Act 1927 ਹੈ। ਇਸ ਦੇ ਅਨੁਸਾਰ ਜੰਗਲਾਂ ਅਤੇ ਰੁੱਖਾਂ ਦੀ ਸਾਂਭ-ਸੰਭਾਲ ਲਈ ਸੂਬਿਆਂ ਨੂੰ ਇਸ ਸਬੰਧੀ ਨਿਯਮ ਬਣਾਉਣ ਦੇ ਦਿਸ਼ਾ ਨਿਰਦੇਸ਼ ਹਨ। ਅਜਿਹਾ ਸ਼ਾਇਦ ਇਸ ਲਈ ਹੈ ਕਿ ਭਾਰਤ ਦੇ ਵੱਖ ਵੱਖ ਸੂਬਿਆਂ ਦੀਆਂ ਭੂਗੋਲਿਕ ਪ੍ਰਸਥਿਤੀਆਂ ਵੱਖਰੀਆਂ ਵੱਖਰੀਆਂ ਹਨ। ਇਸੇ ਤਰਾਂ ?ਹ ਇਸ ਮਗਰੋਂ ਇਕ ਹੋਰ ਕਾਨੂੰਨ Forest (conservation) Act 1980 ਬਣਾਇਆ ਗਿਆ। ਰੁੱਖਾਂ ਜੰਗਲਾਂ ਦੀ ਕਟਾਈ ਦਾ ਮਸਲਾ ਇਕ ਤਰ੍ਹਾਂ ਵੱਖ ਵੱਖ ਸੂਬਿਆਂ ਦੇ ਅਧਿਕਾਰ ਖੇਤਰ ਦਾ ਮਸਲਾ ਹੈ। ਇਸ ਲਈ ਭਾਰਤ ਦੇ ਜ਼ਿਆਦਾਤਰ ਸੂਬਿਆਂ ਵਿਚ ਰੁੱਖਾਂ ਦੀ ਸਾਂਭ-ਸੰਭਾਲ ਲਈ ਕਾਨੂੰਨ ਪਹਿਲਾਂ ਤੋਂ ਬਣੇ ਹੋਏ ਹਨ। ਕਿਸੇ ਸੂਬੇ ਵਿਚ ਇਹ ਬੜੇ ਕਾਰਗਰ ਵੀ ਹਨ ਪਰ ਸਾਡੇ ਪੰਜਾਬ ਕੋਲ ਇਸ ਸਬੰਧੀ ਕੋਈ ਐਕਟ ਨਹੀਂ ਸੀ। ਪਿਛਲੇ ਸਾਲ 2025 ਵਿਚ NGT ਭਾਵ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਆਦੇਸ਼ਾਂ ਤੋਂ ਬਾਅਦ ਪੰਜਾਬ ਵਿਧਾਨ ਸਭਾ ਨੂੰ ਰੁੱਖਾਂ ਸਬੰਧੀ ਐਕਟ ਬਣਾਉਣ ਲਈ ਇਕ ਡਰਾਫਟ ਤਿਆਰ ਕੀਤਾ ਹੈ ਜਿਸ ਨੂੰ The Punjab Protection of Trees Act, 2025 ਦਾ ਨਾਮ ਦਿੱਤਾ ਗਿਆ। ਇਸ ਡਰਾਫਟ ਦੇ ਦੋ ਅਹਿਮ ਨੁਕਤੇ ਇਹ ਹਨ ਜਿਵੇਂ:

1 ਇਹ ਐਕਟ ਮਿਊਂਸਪਲ ਕਾਰਪੋਰੇਸ਼ਨਾਂ, ਨਗਰ ਪੰਚਾਇਤਾਂ ਅਤੇ ਨਗਰ ਕੌਂਸਲਾਂ ਤੱਕ ਹੀ ਸੀਮਤ ਹੋਵੇਗਾ। ਪੇਂਡੂ ਖੇਤਰਾਂ ਰੂਰਲ/ ਖੇਤੀ ਵਾਲੀ ਜ਼ਮੀਨ 'ਤੇ ਇਹ ਐਕਟ ਲਾਗੂ ਨਹੀਂ ਹੁੰਦਾ।

2 ਇਸ ਵਿਚ ਸ਼ਹਿਰੀ ਖੇਤਰਾਂ ਵਿਚੋਂ ਰੁੱਖ ਪੁੱਟਣ ਦੇ ਇਵਜ਼ ਵਿਚ ਦਸ ਹਜ਼ਾਰ ਰੁਪਏ ਜੁਰਮਾਨਾ ਰੱਖਿਆ ਗਿਆ ਹੈ, ਜੋ ਕਿ ਅੱਜ ਦੇ ਦੌਰ ਵਿਚ ਬਹੁਤ ਹੀ ਘੱਟ ਹੈ। ਬਹੁਤ ਸਾਰੇ ਅਜਿਹੇ ਲੋਕ ਹਨ ਜਿਨ੍ਹਾਂ ਲਈ ਰੁੱਖ ਉਨ੍ਹਾਂ ਦੇ ਕਾਰੋਬਾਰ ਵਿਚ ਅੜਿੱਕਾ ਬਣਦੇ ਹਨ। ਉਹ ਦਸ ਦੀ ਬਜਾਏ ਵੀਹ ਹਜ਼ਾਰ ਦੇ ਕੇ ਵੀ ਰੁੱਖ ਪੁਟਵਾਉਣ ਨੂੰ ਤਰਜੀਹ ਦੇਣਗੇ। ਇਸ ਤਰ੍ਹਾਂ ਹੋਰ ਰੁੱਖਾਂ ਨੂੰ ਲਾਏ ਜਾਣ ਅਤੇ ਲੱਗੇ ਹੋਏ ਰੁੱਖਾਂ ਨੂੰ ਪੁੱਟੇ ਜਾਣ ਤੋਂ ਰੋਕਣ ਲਈ ਇਹ ਐਕਟ ਕੋਈ ਮਹੱਤਵਪੂਰਨ ਭੂਮਿਕਾ ਨਹੀਂ ਨਿਭਾਅ ਸਕਦਾ। ਪੰਜਾਬ ਦੀ ਆਬੋ-ਹਵਾ ਬੇਹੱਦ ਖ਼ਰਾਬ ਰਹਿਣ ਲੱਗੀ ਹੈ। ਇਸ ਦਾ ਪ੍ਰਭਾਵ ਭਵਿੱਖ ਵਿਚ ਸਾਡੀ ਆਰਥਿਕਤਾ 'ਤੇ ਵੀ ਪਵੇਗਾ। ਕਿਉਂ ਜੇਕਰ ਇੱਥੇ ਚੰਗੀ ਆਬੋ-ਹਵਾ ਨਹੀਂ ਹੋਵੇਗੀ ਤਾਂ ਦੁਨੀਆਂ ਦੇ ਨਿਵੇਸ਼ਕ ਇੱਥੇ ਨਿਵੇਸ਼ ਨਹੀਂ ਕਰਨਗੇ। ਇੱਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ ਹੁਣ ਹਰ ਪੱਧਰ 'ਤੇ ਹੋ ਰਹੇ ਨਿਵੇਸ਼ ਨੂੰ ਕਿਸੇ ਖਿੱਤੇ ਦੀ ਆਬੋ ਹਵਾ ਨਾਲ ਜੋੜ ਕੇ ਵੇਖਿਆ ਜਾਣ ਲੱਗਿਆ ਹੈ।

ਅਸੀਂ ਪਰਾਲੀ ਦੇ ਸਾੜੇ ਜਾਣ ਨੂੰ ਵੀ ਦੋਸ਼ ਦਿੰਦੇ ਹਾਂ। ਇੱਥੇ ਸਮਝਣ ਵਾਲੀ ਗੱਲ ਇਹ ਹੈ ਕਿ ਜੇਕਰ ਪਰਾਲੀ ਨੂੰ ਨਾ ਵੀ ਸਾੜਿਆ ਜਾਵੇ ਤਾਂ ਹਵਾ ਦੀ ਕਵਾਲਟੀ ਨੂੰ ਰੁੱਖਾਂ ਬਗੈਰ ਸੁਧਾਰਿਆ ਨਹੀਂ ਜਾ ਸਕਦਾ। ਇਸ ਲਈ ਇਹ ਕਾਨੂੰਨ ਜੋ ਸ਼ਹਿਰੀ ਖੇਤਰਾਂ ਤੱਕ ਸੀਮਤ ਹੈ, ਇਹ ਕਾਨੂੰਨ ਪੰਜਾਬ ਦੇ ਵਾਤਾਵਰਨ ਨੂੰ ਸੁਧਾਰਨ ਵਿਚ ਕੋਈ ਵੱਡੀ ਭੂਮਿਕਾ ਨਹੀਂ ਨਿਭਾ ਸਕਦਾ।

ਰੁੱਖਾਂ ਸਬੰਧੀ ਪੇਂਡੂ ਖੇਤਰਾਂ ਵਿਚ ਵੀ ਕੁਝ ਨੇਮ ਕਾਨੂੰਨ ਹੋਣੇ ਚਾਹੀਦੇ ਹਨ। ਜਿਵੇਂ ਸਰਕਾਰ ਖੇਤਾਂ ਲਈ ਮੁਫਤ ਬਿਜਲੀ ਦਿੰਦੀ ਹੈ। ਇਸ ਲਈ ਪੇਂਡੂ ਖੇਤਰਾਂ ਵਿਚ ਹਰ ਟਿਊਬਵੈਲ ਮੋਟਰ ਵਾਲੇ ਖੇਤ ਵਿਚ ਘੱਟੋ ਘੱਟ ਦਸ ਰੁੱਖ ਹੋਣੇ ਜ਼ਰੂਰੀ ਕੀਤੇ ਜਾਣੇ ਚਾਹੀਦੇ ਹਨ। ਇਸੇ ਤਰ੍ਹਾਂ ਪੇਂਡੂ ਖੇਤਰਾਂ ਵਿਚ ਪੁਰਾਣੇ ਰੁੱਖਾਂ ਨੂੰ ਪੁੱਟਣ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ। ਸਭ ਤੋਂ ਅਹਿਮ ਗੱਲ ਇਹ ਕਿ ਨਵਾਂ ਬਣਿਆ ਐਕਟ ਜੰਗਲਾਂ, ਰੁੱਖਾਂ, ਝਿੜੀਆਂ 'ਤੇ ਲਾਗੂ ਨਹੀਂ ਹੁੰਦਾ ਜੋ ਕਿ ਇਸ ਦਾ ਸਭ ਤੋਂ ਵੱਡਾ ਨਾਕਾਰਤਮਿਕ ਪੱਖ ਹੈ।

ਰੁੱਖਾਂ ਦੀ ਰਖਵਾਲੀ ਲਈ ਬਣਾਏ ਗਏ ਕਾਨੂੰਨ-ਨੇਮ ਅਸਲੋਂ ਨਿਮਾਣੇ ਤੇ ਨਿਤਾਣੇ ਨਹੀਂ ਹੋਣੇ ਚਾਹੀਦੇ। ਇਹ ਸ਼ਾਇਦ ਇਸ ਲਈ ਵੀ ਕੀਤਾ ਜਾਂਦਾ ਹੈ ਕਿ ਕਿਤੇ ਅਜਿਹਾ ਨਾ ਹੋਵੇ ਕਿ ਜੀਵਨ ਨੂੰ ਬਚਾਉਣ ਦਾ ਦਮ ਭਰਨ ਵਾਲੇ ਇਹ ਰੁੱਖ, ਬਿਰਖ, ਕਿਤੇ ਅਖੌਤੀ ਵਿਕਾਸ ਦੇ ਰਾਹ ਵਿਚ ਰੋੜੇ ਨਾ ਬਣ ਜਾਣ। ਸਰਕਾਰਾਂ ਨੂੰ ਚਾਹੀਦਾ ਹੈ ਕਿ ਰੁੱਖਾਂ ਨੂੰ ਲਾਏ ਜਾਣ, ਜੰਗਲਾਂ ਦੀ ਗਿਣਤੀ ਵਧਾਉਣ ਅਤੇ ਹਰ ਸੰਭਵ ਯਤਨ ਕਰਕੇ ਰੁੱਖਾਂ ਨੂੰ ਬਚਾਉਣ ਲਈ ਜ਼ਰੂਰੀ ਕਾਨੂੰਨੀ ਸੋਧਾਂ ਕਰੇ। ਇਹ ਕਾਨੂੰਨ ਕੇਵਲ ਕਾਗਜ਼ਾਂ ਦਾ ਢਿੱਡ ਭਰਨ ਲਈ ਹੀ ਨਾ ਹੋਣ, ਬਲਕਿ ਇਨ੍ਹਾਂ ਨੂੰ ਹਰ ਸੂਰਤ ਵਿਚ ਲਾਗੂ ਕੀਤਾ ਜਾਵੇ। ਜਿਵੇਂ ਹੁਣ ਨਵੇਂ ਬਣੇ ਐਕਟ ਵਿਚ ਰੁੱਖ ਨੂੰ ਕੱਟੇ ਜਾਣ ਦਾ ਮਾਮੂਲੀ ਜੁਰਮਾਨਾ ਰੱਖਿਆ ਗਿਆ ਹੈ ਜੋ ਕੁਝ ਖਾਸ ਖੇਤਰਾਂ ਤੱਕ ਹੀ ਸੀਮਤ ਹੈ। ਇਸ ਤਰ੍ਹਾਂ ਦੇ ਕਾਨੂੰਨ ਰੁੱਖਾਂ ਦੇ ਕਤਲੇਆਮ ਨੂੰ ਕਿਸੇ ਵੀ ਸੂਰਤ ਵਿਚ ਰੋਕ ਨਹੀਂ ਸਕਦੇ। ਇੱਥੇ ਸਾਨੂੰ ਇਹ ਵੀ ਵਿਚਾਰਨਾ ਪਵੇਗਾ ਕਿ ਰੁੱਖਾਂ ਲਈ ਹੁਣ ਤੱਕ ਬਣੇ ਕਾਨੂੰਨਾਂ ਨਾਲ ਕਿੰਨੇ ਲੋਕਾਂ ਨੂੰ ਸਜ਼ਾਵਾਂ ਜਾਂ ਜੁਰਮਾਨੇ ਕੀਤੇ ਗਏ? ਇਸ ਦੀਆਂ ਮਿਸਾਲਾਂ ਬੜੀਆਂ ਘੱਟ ਨਜ਼ਰ ਆਉਣਗੀਆਂ। ਦੂਜੇ ਪਾਸੇ ਰੁੱਖਾਂ ਦਾ ਵਢਾਂਗਾ ਹਰ ਸਾਲ ਕਿਸ ਪੱਧਰ 'ਤੇ ਹੁੰਦਾ ਹੈ? ਇਹ ਸਾਰੇ ਅਸੀਂ ਭਲੀ ਭਾਂਤ ਜਾਣਦੇ ਹਨ। ਪੰਜਾਬ ਦੇ ਬਹੁਤ ਸਾਰੇ ਸ਼ਹਿਰ ਹਨ ਜਿੱਥੇ ਕਣਕ ਝੋਨੇ ਦੀ ਵਢਾਈ ਤੋਂ ਮਗਰੋਂ ਕੱਟੇ ਹੋਏ ਰੁੱਖਾਂ ਦੀਆਂ ਭਰੀਆਂ ਟਰਾਲੀਆਂ ਹਰ ਰੋਜ਼ ਸ਼ਹਿਰ ਵੱਲ ਨੂੰ ਆਉਂਦੀਆਂ ਹਨ, ਕੋਈ ਰੋਕਣ ਟੋਕਣ ਵਾਲਾ ਨਹੀਂ ਇਹ ਸਭ ਕੁਝ ਕਿਹੜੀਆਂ ਚੋਰ ਮੋਰੀਆਂ ਰਾਹੀਂ ਸਰਕਾਰ ਦੀਆਂ ਅੱਖਾਂ ਸਾਹਮਣੇ ਹੁੰਦਾ ਵਾਪਰਦਾ ਹੈ? ਕੀ ਰੁੱਖਾਂ ਦਾ ਹਰ ਛਿਮਾਹੀ ਪਿੱਛੋਂ ਹੁੰਦਾ ਕਤਲੇਆਮ ਰੋਕਿਆ ਨਹੀਂ ਜਾਣਾ ਚਾਹੀਦਾ?

ਜੀਵਨ ਲਈ ਸਾਜ਼ਗਾਰ ਹਾਲਾਤ ਪੈਦਾ ਕਰਨ ਲਈ 33% ਰੁੱਖਾਂ ਦਾ ਹੋਣਾ ਬੜਾ ਜ਼ਰੂਰੀ ਹੈ। ਪਰ ਇਸ ਸਮੇਂ ਪੰਜਾਬ ਦੀ ਹਾਲਤ ਇਹ ਕਿ ਇੱਥੇ 3.5% ਜੰਗਲ ਹਨ, ਉਹ ਵੀ ਕੁਝ ਖਾਸ ਖੇਤਰਾਂ ਤੱਕ ਸੀਮਤ ਹਨ, ਮਾਲਵੇ ਦੇ ਵੱਡੇ ਇਲਾਕੇ ਵਿਚ ਰੁੱਖ ਬੜੇ ਵਿਰਲੇ ਟਾਵੇਂ ਹਨ ਅਤੇ ਹਰ ਦਿਨ ਇਨ੍ਹਾਂ ਦੀ ਗਿਣਤੀ ਹੋਰ ਸੀਮਤ ਹੁੰਦੀ ਜਾ ਰਹੀ ਹੈ। ਇਹੋ ਕਾਰਨ ਹੈ ਕਿ ਪੰਜਾਬ ਦੇ ਜ਼ਿਆਦਤਰ ਇਲਾਕਿਆਂ ਵਿਚ ਸਾਲ ਵਿਚ ਜ਼ਿਆਦਾਤਰ ਮਹੀਨੇ ਹਵਾ ਦਾ ਪ੍ਰਦੂਸ਼ਣ ਇੰਨਾ ਜ਼ਿਆਦਾ ਹੁੰਦਾ ਹੈ ਕਿ ਇਹ ਹੁਣ ਜੀਵਨ ਲਈ ਆਜਾਬ ਬਣਨ ਲੱਗ ਪਿਆ ਹੈ। ਜ਼ਹਿਰੀਲੀ ਹਵਾ ਸਾਡੇ ਵਾਤਾਵਰਨ ਨੂੰ ਬਿਮਾਰ ਕਰ ਰਹੀ ਹੈ। ਹਰ ਦਿਨ ਭਿਆਨਕ ਬਣਦੀ ਜਾ ਰਹੀ ਇਸ ਸਥਿਤੀ ਤੋਂ ਛੁਟਕਾਰਾ ਪਾਉਣ ਦਾ ਇਕੋ ਇਕ ਰਾਹ ਹੈ ਕਿ ਅਸੀਂ ਰੁੱਖਾਂ ਦੀ ਰੱਖਿਆ ਕਰੀਏ। ਇਨ੍ਹਾਂ ਦੇ ਵਢਾਂਗੇ ਨੂੰ ਰੋਕਣ ਲਈ ਸਖਤ ਕਾਨੂੰਨ ਬਣਾਏ ਜਾਣ। ਲੋਕਾਂ ਵਿਚ ਰੁੱਖਾਂ ਸਬੰਧੀ ਵੱਧ ਤੋਂ ਵੱਧ ਜਾਗ੍ਰਿਤੀ ਪੈਦਾ ਕੀਤੀ ਜਾਵੇ। ਹੁਣ ਵਕਤ ਆ ਗਿਆ ਹੈ ਕਿ ਅਸੀਂ ਰੁੱਖਾਂ ਨੂੰ ਲਾਉਣ ਲਈ ਤਾਂ ਵੱਡੇ ਉਪਰਾਲੇ ਕਰੀਏ ਪਰ ਲੱਗੇ ਹੋਏ ਰੁੱਖਾਂ ਨੂੰ ਬਚਾਉਣ ਲਈ ਵੀ ਵਿਸ਼ੇਸ਼ ਯਤਨ ਕੀਤੇ ਜਾਣ। ਪੰਜਾਬ ਦੀ ਧਰਤੀ ਹਰ ਦਿਨ ਧਰਤੀ ਹੇਠਲੇ ਪਾਣੀ ਦੇ ਸੰਕਟ ਵਿਚ ਘਿਰਦੀ ਜਾ ਰਹੀ ਹੈ। ਜੇਕਰ ਰੁੱਖਾਂ-ਜੰਗਲਾਂ ਹੇਠ ਰਕਬਾ ਵਧ ਜਾਵੇ ਤਾਂ ਇਸ ਸੰਕਟ ਤੋਂ ਕੁਝ ਹੱਦ ਤੱਕ ਬਚਾਅ ਹੋ ਸਕਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਥਾਵਾਂ ਦੀ ਸ਼ਨਾਖਤ ਕਰੇ ਜਿਨ੍ਹਾਂ 'ਤੇ ਜੰਗਲ ਉਗਾਏ ਜਾ ਸਕਦੇ ਹਨ। ਇਹ ਥਾਵਾਂ ਨਹਿਰਾਂ, ਸੂਏ, ਸੜਕਾਂ, ਰੇਲਵੇ ਲਾਈਨਾਂ, ਪੰਚਾਇਤੀ ਥਾਵਾਂ ਹੋ ਸਕਦੀਆਂ ਹਨ। ਇਹ ਸਿਲਸਿਲਾ ਹਰ ਸਾਲ ਬੂਟੇ ਲਾ ਕੇ ਅਖ਼ਬਾਰਾਂ ਵਿਚ ਖ਼ਬਰਾਂ ਫੋਟੋਆਂ ਪ੍ਰਕਾਸ਼ਤ ਕੀਤੇ ਜਾਣ ਤੱਕ ਹੀ ਸੀਮਤ ਨਾ ਹੋਵੇ ਬਲਕਿ ਬੂਟਿਆਂ ਨੂੰ ਰੁੱਖ ਅਤੇ ਰੁੱਖਾਂ ਨੂੰ ਬਿਰਖ ਬਣਾਏ ਜਾਣ ਤੱਕ ਇਨ੍ਹਾਂ ਦੀ ਲੰਮੀ ਉਮਰ ਤੱਕ ਸਾਰਥਿਕ ਯਤਨ ਹੋਣੇ ਚਾਹੀਦੇ ਹਨ। ਕਿਤੇ ਵੀ ਉਸਾਰੀ ਕੀਤੀ ਜਾਣੀ ਹੈ ਜਾਂ ਕਿਤੇ ਰੇਲਵੇ ਟਰੈਕ ਜਾਂ ਸੜਕ ਬਣਾਈ ਜਾਣੀ ਹੈ ਤਾਂ ਰੁੱਖਾਂ ਦੀ ਕਟਾਈ 'ਤੇ ਮੁਕੰਮਲ ਰੋਕ ਹੋਣੀ ਚਾਹੀਦੀ ਹੈ ਸੜਕਾਂ ਇਸ ਢੰਗ ਨਾਲ ਬਣਾਈਆਂ ਜਾਣ ਕਿ ਰੁੱਖਾਂ ਨੂੰ ਕਿਸੇ ਵੀ ਸੂਰਤ ਵਿਚ ਕੱਟੇ ਜਾਣ ਦੀ ਲੋੜ ਨਾ ਰਹੇ। ਇਸ ਸਮੇਂ ਸਾਨੂੰ ਇਕ ਇਕ ਰੁੱਖ ਨੂੰ ਬਚਾਏ ਜਾਣ ਦੀ ਲੋੜ ਹੈ ਅਤੇ ਇਸ ਸਬੰਧੀ ਢੁੱਕਵੇਂ ਯਤਨ ਹੋਣੇ ਚਾਹੀਦੇ ਹਨ। ਰੁੱਖਾਂ ਦੀ ਸਾਂਭ ਸੰਭਾਲ ਕਰਨ, ਇਨ੍ਹਾਂ ਨੂੰ ਲਾਉਣ, ਬਚਾਉਣ ਦੇ ਸਾਰਥਿਕ ਪ੍ਰਬੰਧ ਨਾ ਕੀਤੇ ਜਾਣ ਦਾ ਅਰਥ ਆਪਣੀ ਮੌਤ ਨੂੰ ਆਪ ਹਾਕ ਮਾਰਨ ਵਾਲੀ ਗੱਲ ਹੈ।

# ਗੁਰਬਾਣੀ ਵਿਆਖਿਆ : ਬਿਬੇਕ ਬੁੱਧ ਬਨਾਮ ਮਸਨੂਈ ਬੁੱਧੀ



ਵਰਤਮਾਨ ਸਮੇਂ ਏ.ਆਈ. (ਆਰਟੀਫਿਸ਼ੀਅਲ ਇੰਟੈਲੀਜੈਂਸ) ਅਰਥਾਤ ਮਸਨੂਈ ਬੁੱਧੀ ਦਾ ਬਹੁਤ ਬੋਲਬਾਲਾ ਹੈ, ਜਿਸ ਨੇ ਜ਼ਿੰਦਗੀ ਦੇ ਹਰ ਖੇਤਰ ’ਚ ਪੈਰ ਪਸਾਰ ਲਏ ਹਨ। ਜ਼ਿੰਦਗੀ ਦੇ ਹੋਰ ਖੇਤਰਾਂ ਦੇ ਨਾਲ-ਨਾਲ ਗੁਰਬਾਣੀ ਵਿਆਖਿਆ ’ਚ ਵੀ ਮਸਨੂਈ ਬੁੱਧੀ ਸ਼ਾਮਿਲ ਹੋ ਚੁੱਕੀ ਹੈ। ਇਸ ਰਾਹੀਂ ਅਧਿਆਤਮਕਤਾ ਤੇ ਤਕਨੀਕ ਦਾ ਸੁਮੇਲ ਹੁੰਦਾ ਹੈ। ਮਸਨੂਈ ਬੁੱਧੀ ਦੇ ਵੱਖ-ਵੱਖ ਮੰਚ ਜਿਵੇਂ ਕਿ ਓਪਨ ਏ.ਆਈ., ਚੈਟ ਜੀ.ਪੀ.ਟੀ, ਗੂਗਲ ਕਲਾਊਡ ਪਲੇਟਫਾਰਮ ਏ.ਆਈ. ਤੇ ਹੋਰ ਉਪਭੋਗਤਾਵਾਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਭਾਵੇਂ ਕੀ ਇਨ੍ਹਾਂ ਦੁਆਰਾ ਮੁਹੱਈਆ ਕਰਵਾਈ ਜਾ ਰਹੀ ਗੁਰਬਾਣੀ ਵਿਆਖਿਆ ਨੂੰ ਉਪਭੋਗਤਾਵਾਂ ਦੁਆਰਾ ਵਰਤਿਆ ਜਾ ਰਿਹਾ ਹੈ ਪਰ ਅਜੇ ਇਨ੍ਹਾਂ ਪਲੇਟਫਾਰਮਾਂ ਦੁਆਰਾ ਪੇਸ਼ ਕੀਤੀ ਜਾ ਰਹੀ ਗੁਰਬਾਣੀ ਵਿਆਖਿਆ ’ਤੇ ਕਈ ਪ੍ਰਕਾਰ ਦੇ ਪ੍ਰਸ਼ਨ-ਚਿੰਨ੍ਹ ਉਠਾਏ ਜਾ ਰਹੇ ਹਨ।

ਮਸਨੂਈ ਬੁੱਧੀ ਦੀ ਸਹਾਇਤਾ ਨਾਲ ਅਸੀਂ ਗੁਰਬਾਣੀ ਦੇ ਸ਼ਬਦਾਂ ਦੇ ਅਰਥ ਸਮਝ ਸਕਦੇ ਹਾਂ। ਇਸ ਰਾਹੀਂ ਗੁਰਬਾਣੀ ਦੀ ਭਾਸ਼ਾ, ਵਿਆਖਿਆ, ਇਤਿਹਾਸਕ ਪਿਛੋਕੜ ਆਦਿ ਨੂੰ ਸਮਝਿਆ ਜਾ ਸਕਦਾ ਹੈ। ਇਸ ਰਾਹੀਂ ਅਸੀਂ ਮਸਨੂਈ ਬੁੱਧੀ ਨੂੰ ਗੁਰਬਾਣੀ ਦੀ ਕੋਈ ਵੀ ਪੰਕਤੀ ਜਾਂ ਸ਼ਬਦ ਦੱਸ ਕੇ ਜਾਂ ਟਾਇਪ ਕਰਕੇ ਉਸ ਦੀ ਵਿਆਖਿਆ ਲਈ ਕਹਿ ਸਕਦੇ ਹਾਂ। ਮਸਨੂਈ ਬੁੱਧੀ ਇਸ ਕਾਰਜ ਨੂੰ ਉਸੇ ਸਮੇਂ ਕਰਦੀ ਹੈ ਤੇ ਜੇਕਰ ਉਸ ਕੋਲ ਹੋਰ ਵਿਆਖਿਆ ਬਾਰੇ ਪੁੱਛਿਆ ਜਾਵੇ ਤਾਂ ਉਹ ਉਸ ਸ਼ਬਦ ਦਾ ਹੋਰ ਵਿਸ਼ਲੇਸ਼ਣ ਵੀ ਕਰ ਦਿੰਦੀ ਹੈ। ਇਸ ਨਾਲ ਜਗਿਆਸੂ ਨੂੰ ਉਸੇ ਸਮੇਂ ਗੁਰਬਾਣੀ ਦੇ ਅਰਥਾਂ ਦੀ ਜਾਣਕਾਰੀ ਮਿਲ ਜਾਂਦੀ ਹੈ ਤੇ ਉਸ ਦੀ ਸ਼ਬਦ ਦੇ ਭਾਵ ਅਰਥਾਂ ਤੱਕ ਵੀ ਰਸਾਈ ਹੋ ਜਾਂਦੀ ਹੈ। ਸਵਾਲ ਇਹ ਹੈ ਕਿ ਮਸਨੂਈ ਬੁੱਧੀ ਨਾਲ ਗੁਰਬਾਣੀ ਵਿਆਖਿਆ ’ਤੇ ਕਿੰਤੂ ਕਿਸ ਕਾਰਨ ਕੀਤੇ ਜਾ ਰਹੇ ਹਨ? ਅਸਲ ’ਚ ਮਸਨੂਈ ਬੁੱਧੀ ਇਕ ਮਸ਼ੀਨਯੁਕਤ ਪ੍ਰਣਾਲੀ ਹੈ, ਜੋ ਇੰਟਰਨੈੱਟ ’ਤੇ ਪਏ ਡਾਟੇ ਨੂੰ ਖੰਗਾਲ ਕੇ ਆਪਣੀ ਸਮਰੱਥਾ ਮੁਤਾਬਕ ਵਰਤੋਂਕਾਰ ਦੇ ਸਾਹਮਣੇ ਪੇਸ਼ ਕਰਦੀ ਹੈ। ਇਸ ਵਿਚ ਕਈ ਪ੍ਰਕਾਰ ਦੀਆਂ ਖ਼ਾਮੀਆਂ ਦਾ ਰਹਿ ਜਾਣਾ ਸੁਭਾਵਿਕ ਹੈ। ਇਸ ਲਈ ਗੁਰਬਾਣੀ ਵਿਆਖਿਆ ਚਾਹੁਣ ਵਾਲਾ ਵਰਤੋਂਕਾਰ ਤਟਫਟ ਰੂਪ ’ਚ ਆਪਣੀ ਲੋੜ ਤਾਂ ਪੂਰੀ ਕਰ ਸਕਦਾ ਹੈ ਪਰ ਉਹ ਅੱਖਾਂ ਮੀਟ ਕੇ ਇਸ ਨੂੰ ਪ੍ਰਵਾਨ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਦੁਆਰਾ ਗੁਰਬਾਣੀ ਵਿਆਖਿਆ ਪ੍ਰਦਾਨ ਕਰਨ ਵਾਲੇ ਮਸਨੂਈ ਬੁੱਧੀ ਦੇ ਮੰਚਾਂ ਨੂੰ ਇਸ ਸੰਬੰਧੀ ਪੱਤਰ ਵੀ ਲਿਖਿਆ ਗਿਆ ਹੈ। ਇਸ ਪਿੱਛੇ ਕਾਰਨ ਇਹ ਹੈ ਕਿ ਗੁਰਬਾਣੀ ਬਿਬੇਕ ਬੁੱਧ ਦਾ ਵਿਸ਼ਾ ਹੈ, ਨਾ ਕਿ ਮਸਨੂਈ ਬੁੱਧੀ ਦਾ ਕਿਉਂਕਿ ਗੁਰਬਾਣੀ ਕਵਿਤਾ ਵਿਚ ਰਚੀ ਗਈ ਹੈ ਤੇ ਇਸ ਵਿਚ ਪਰਾਲੌਕਿਕ ਵਿਚਾਰਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ, ਜਿਸ ਕਾਰਨ ਗੁਰਬਾਣੀ ਨੂੰ ਸਹੀ ਤਰੀਕੇ ਨਾਲ ਸਮਝਣਾ ਸਧਾਰਨ ਪਾਠਕ ਲਈ ਥੋੜ੍ਹਾ ਕਠਿਨ ਹੁੰਦਾ ਹੈ। ਇਸ ਸਮੱਸਿਆ ਨੂੰ ਧਿਆਨ ਵਿਚ ਰੱਖਦਿਆਂ ਕਾਵਿ ’ਚ ਰਚਿਤ ਗੁਰਬਾਣੀ ਵਿਆਖਿਆ ਦੇ ਯਤਨ ਨਿਰੰਤਰ ਹੁੰਦੇ ਰਹੇ ਹਨ।

ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਗੁਰਦਾਸ ਜੀ ਨੇ ਹੀ ਗੁਰਬਾਣੀ ਵਿਆਖਿਆ ਦਾ ਕਾਰਜ ਕੀਤਾ ਤੇ ਉਨ੍ਹਾਂ ਦੀਆਂ ਵਾਰਾਂ ਨੂੰ ‘ਗੁਰਬਾਣੀ ਦੀ ਕੁੰਜੀ’ ਕਿਹਾ ਜਾਂਦਾ ਹੈ। ਇਸ ਮਗਰੋਂ ਗੁਰਬਾਣੀ ਵਿਆਖਿਆ ਦੇ ਯਤਨ ਲਗਾਤਾਰ ਹੁੰਦੇ ਰਹੇ ਤੇ ਇਸ ਨਾਲ ਸੰਬੰਧਿਤ ਕਈ ਪ੍ਰਣਾਲੀਆਂ ਵੀ ਸਥਾਪਤ ਹੋਈਆਂ, ਜਿਵੇਂ ਸਹਿਜ ਪ੍ਰਣਾਲੀ, ਭਾਈ ਪ੍ਰਣਾਲੀ, ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਸੰਪਰਦਾਇ ਪ੍ਰਣਾਲੀ, ਸਿੰਘ ਸਭਾਈ ਪ੍ਰਣਾਲੀ ਆਦਿ। ਇਨ੍ਹਾਂ ਦੁਆਰਾ ਗੁਰਬਾਣੀ ਦੀ ਕੀਤੀ ਵਿਆਖਿਆ ਸਦਕਾ ਨਾ ਕੇਵਲ ਸਧਾਰਨ ਪਾਠਕ ਨੂੰ ਗੁਰਬਾਣੀ ਸਮਝਣ ’ਚ ਆਸਾਨੀ ਹੋਈ, ਸਗੋਂ ਇਨ੍ਹਾਂ ਸਦਕਾ ਹੀ ਗੁਰਮਤਿ ਦੇ ਪ੍ਰਚਾਰ-ਪਸਾਰ ਵਿਚ ਵੀ ਉੱਨਤੀ ਹੋਈ। ਪ੍ਰੋ. ਸਾਹਿਬ ਸਿੰਘ ਦੁਆਰਾ ‘ਗੁਰੂ ਗ੍ਰੰਥ ਸਾਹਿਬ ਦਰਪਣ’ ਰਾਹੀਂ ਗੁਰਬਾਣੀ ਦੀ ਟੀਕਾਕਾਰੀ ਤੇ ਵਿਆਖਿਆ ਦਾ ਕਾਰਜ ਮੀਲ ਪੱਥਰ ਸਾਬਤ ਹੋਇਆ। ਗੁਰਬਚਨ ਸਿੰਘ ਤਾਲਿਬ ਤੇ ਮਨਮੋਹਨ ਸਿੰਘ ਨੇ ਗੁਰਬਾਣੀ ਦਾ ਅੰਗਰੇਜ਼ੀ ’ਚ ਤਰਜ਼ਮਾ ਤੇ ਵਿਆਖਿਆ ਕਰਕੇ ਇਸ ਖੇਤਰ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ।

ਡਾ. ਸੁਖਦੇਵ ਸਿੰਘ

ਸੂਚਨਾ ਤਕਨੀਕ ਦੇ ਆਉਣ ਨਾਲ ਤੇ ਵਿਸ਼ੇਸ਼ ਤੌਰ ’ਤੇ ਇੰਟਰਨੈੱਟ ਦੀ ਆਮਦ ਨਾਲ ਗੁਰਬਾਣੀ ਵਿਆਖਿਆ ’ਚ ਕ੍ਰਾਂਤੀਕਾਰੀ ਪਰਿਵਰਤਨ ਆਇਆ ਹੈ। ਸਾਲ 2004 ਵਿਚ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਦਿਵਸ ਦੇ ਮੌਕੇ ਭਾਈ ਬਲਜਿੰਦਰ ਸਿੰਘ ਰਾੜਾ ਸਾਹਿਬ ਦੁਆਰਾ ਸ. ਕੁਲਬੀਰ ਸਿੰਘ ਥਿੰਦ ਅਮਰੀਕਾ ਵਾਲਿਆਂ ਦੀ ਸਹਾਇਤਾ ਨਾਲ ‘ਈਸ਼ਰ ਮਾਈਕ੍ਰੋ ਮੀਡੀਆ’ ਨਾਂਅ ਦੇ ਸਾਫਟਵੇਅਰ ਦੁਆਰਾ ਗੁਰਬਾਣੀ ਵਿਆਖਿਆ ਨੂੰ ਇੰਟਰਨੈੱਟ ’ਤੇ ਮੁੱਹਈਆ ਕਰਾਉਣ ਦਾ ਕਾਰਜ ਕੀਤਾ ਗਿਆ। ਇਸ ਤੋਂ ਬਾਅਦ ਵੀ ਇਸ ਕਿਸਮ ਦੇ ਅਨੇਕਾਂ ਯਤਨ ਹੁੰਦੇ ਰਹੇ ਹਨ। ਪ੍ਰੋ. ਸਾਹਿਬ ਸਿੰਘ ਦੇ ‘ਗੁਰੂ ਗ੍ਰੰਥ ਸਾਹਿਬ ਦਰਪਣ’ ਤੋਂ ਬਾਅਦ ਡਾ. ਰਤਨ ਸਿੰਘ ਜੱਗੀ ਦੁਆਰਾ ‘ਗੁਰੂ ਗ੍ਰੰਥ ਸਾਹਿਬ ਬੋਧ’ ਦੇ ਨਾਂਅ ਹੇਠ ਗੁਰਬਾਣੀ ਵਿਆਖਿਆ ਦਾ ਕਾਰਜ ਕੀਤਾ ਗਿਆ। ਭਾਵੇਂ ਕਿ ਸਮੇਂ-ਸਮੇਂ ਕੁਝ ਹੋਰ ਯਤਨ ਵੀ ਹੁੰਦੇ ਰਹੇ ਹਨ ਪਰ ‘ਗੁਰੂ ਗ੍ਰੰਥ ਸਾਹਿਬ ਦਰਪਣ’ ਦੇ ਨਾਮਕਰਨ ਨਾਲ ਕੀਤਾ ਗਿਆ ਟੀਕਾ ਅੱਜ ਵੀ ਪੰਥ ਪ੍ਰਵਾਨਿਤ ਹੈ ਤੇ ਸ਼੍ਰੋਮਣੀ ਕਮੇਟੀ ਵੀ ਇਸੇ ਨੂੰ ਮਾਨਤਾ ਦਿੰਦੀ ਹੈ। ਸਮਾਰਟ ਫ਼ੋਨਾਂ ਦੇ ਆਉਣ ਨਾਲ ਵੱਖ-ਵੱਖ ਐਪਸ ਵੀ ਗੁਰਬਾਣੀ ਵਿਆਖਿਆ ਪਾਠਕਾਂ ਲਈ ਉਪਲਬਧ ਕਰਵਾਉਂਦੀਆਂ ਹਨ। ਇਨ੍ਹਾਂ ਦਾ ਆਧਾਰ ਵੀ ਅਕਸਰ ਪ੍ਰੋ. ਸਾਹਿਬ ਸਿੰਘ ਦੁਆਰਾ ਕੀਤਾ ਟੀਕਾ ਹੀ ਹੁੰਦਾ ਹੈ। ਹੁਣ ਸੂਚਨਾ ਤਕਨੀਕ ਮਸਨੂਈ ਬੁੱਧੀ ਦੇ ਪੱਧਰ ਤੱਕ ਪਹੁੰਚ ਚੁੱਕੀ ਹੈ। ਪਰ ਜਦੋਂ ਗੁਰਬਾਣੀ ਦੀ ਸਮਝ ਜਾਂ ਵਿਆਖਿਆ ਬਾਰੇ ਗੱਲ ਕਰਦੇ ਹਾਂ ਤਾਂ ਇਹ ਬਿਬੇਕ ਬੁੱਧ ਰਾਹੀਂ ਹੀ ਹੋ ਸਕਦੀ ਹੈ। ਇਸ ਦੀ ਵਿਆਖਿਆ ਦੀ ਗਹਿਰਾਈ ਲਈ ਵਿਦਵਤਾ ਦੇ ਨਾਲ-ਨਾਲ ਉੱਚ ਅਧਿਆਤਮਕ ਅਵਸਥਾ ਵੀ ਆਪਣਾ ਵੱਡਾ ਯੋਗਦਾਨ ਪਾਉਂਦੀ ਹੈ। ਜਦੋਂ ਅਸੀਂ ਗੁਰਬਾਣੀ ਵਿਆਖਿਆ ਲਈ ਮਸਨੂਈ ਬੁੱਧੀ ਦੀ ਵਰਤੋਂ ਕਰਦੇ ਹਾਂ ਤਾਂ ਇਸ ਦੀਆਂ ਕੁਝ ਸੀਮਾਵਾਂ ਸਾਹਮਣੇ ਆਉਂਦੀਆਂ ਹਨ। ਸਭ ਤੋਂ ਪਹਿਲੀ ਸੀਮਾ ਤਾਂ ਇਹ ਹੈ ਕਿ ਮਸਨੂਈ ਬੁੱਧੀ ਦੁਆਰਾ ਗੁਰਬਾਣੀ ਦੇ ਕੀਤੇ ਗਏ ਅਰਥ ਸਹੀ ਭਾਂਤ ਦੇ ਹੀ ਹੋਣਗੇ? ਇਸ ਗੱਲ ਦੀ ਸ਼ੰਕਾ ਬਣੀ ਰਹਿੰਦੀ ਹੈ। ਇਹ ਗੁਰਬਾਣੀ ਦੇ ਸੰਦੇਸ਼ ਦੀ ਗਹਿਰਾਈ ਤੱਕ ਅਪਹੁੰਚ ਹੀ ਰਹਿੰਦੀ ਹੈ। ਇਹ ਆਤਮਿਕ ਅਨੁਭੂਤੀ ਤੱਕ ਨਹੀਂ ਪਹੁੰਚ ਸਕਦੀ। ਇਸ ਦੇ ਨਾਲ ਹੀ ਇਹ ਤੱਥ ਵੀ ਮਹੱਤਵਪੂਰਨ ਹੈ ਕਿ ਸੰਦਰਭ ਦੇ ਨਾਲ ਗੁਰਬਾਣੀ ਦੇ ਅਰਥ ਵੀ ਬਦਲ ਜਾਂਦੇ ਹਨ।

ਗੁਰਬਾਣੀ ਦੇ ਕਈ ਸ਼ਬਦਾਂ ਨਾਲ ਉਥਾਨਕਾਵਾਂ ਵੀ ਜੁੜੀਆਂ ਹੋਈਆਂ ਹਨ। ਮਸਨੂਈ ਬੁੱਧੀ ਲਈ ਇਨ੍ਹਾਂ ਸੰਦਰਭਾਂ ਨੂੰ ਸਮਝਣਾ ਆਸਾਨ ਨਹੀਂ ਹੈ। ਇਸ ਲਈ ਇਸ ਦੁਆਰਾ ਕੀਤੀ ਗਈ ਵਿਆਖਿਆ ਨੂੰ ਬਿਬੇਕ ਬੁੱਧ ਦੇ ਮੁਕਾਬਲੇ ਨਹੀਂ ਰੱਖਿਆ ਜਾ ਸਕਦਾ। ਜਿਵੇਂ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਗੁਰਬਾਣੀ ਦੀਆਂ ਕਈ ਵਿਆਖਿਆ ਪ੍ਰਣਾਲੀਆਂ ਹਨ ਤੇ ਹਰ ਵਿਆਖਿਆਕਾਰ ਨੇ ਆਪਣੀ ਬਿਬੇਕ ਬੁੱਧ ਨਾਲ ਗੁਰਬਾਣੀ ਦੇ ਅਰਥ ਕੀਤੇ ਹਨ। ਮਸਨੂਈ ਬੁੱਧੀ ਲਈ ਕਿਸੇ ਸਹੀ ਸਰੋਤ ਦੀ ਤਲਾਸ਼ ਮੁਸ਼ਕਿਲ ਹੋ ਸਕਦੀ ਹੈ ਤੇ ਉਹ ਸੀਮਤ ਖੋਜ ਖੇਤਰ ’ਚੋਂ ਹੀ ਆਪਣੀ ਸਮਰੱਥਾ ਅਨੁਸਾਰ ਚੋਣ ਕਰਕੇ ਵਿਆਖਿਆ ਸਮੱਗਰੀ ਪੇਸ਼ ਕਰ ਸਕਦੀ ਹੈ। ਅਜਿਹੇ ਵਿਚ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੁੰਦੇ ਹਨ ਕਿ ਕੀ ਮਸਨੂਈ ਬੁੱਧੀ ਗੁਰਬਾਣੀ ਦੇ ਅਸਲ ਅਰਥਾਂ ਨੂੰ ਹੀ ਪੇਸ਼ ਕਰ ਰਹੀ ਹੈ? ਕੀ ਇਹ ਵਰਤੋਂਕਾਰ ਦੇ ਸਾਹਮਣੇ ਮਨਮਰਜ਼ੀ ਦੀ ਵਿਆਖਿਆ ਤਾਂ ਪੇਸ਼ ਨਹੀਂ ਕਰ ਰਹੀ? ਜੇਕਰ ਅਜਿਹਾ ਨਹੀਂ ਹੁੰਦਾ ਤਾਂ ਕਿਤੇ ਧਾਰਮਿਕ ਭਾਵਨਾਵਾਂ ਨੂੰ ਜਾਣੇ-ਅਣਜਾਣੇ ਠੇਸ ਤਾਂ ਨਹੀਂ ਪਹੁੰਚ ਰਹੀ? ਇਨ੍ਹਾਂ ਸਾਰੇ ਕਾਰਨਾਂ ਕਰਕੇ ਅਜੇ ਗੁਰਬਾਣੀ ਦੀ ਮਸਨੂਈ ਬੁੱਧੀ ਦੁਆਰਾ ਕੀਤੀ ਵਿਆਖਿਆ ਨੂੰ ਵਿਸ਼ਵਾਸਯੋਗਤਾ ਦੇ ਦਾਇਰੇ ’ਚ ਆਉਣ ਲਈ ਲੰਬਾ ਪੈਂਡਾ ਤੈਅ ਕਰਨਾ ਪਵੇਗਾ। ਜੇਕਰ ਸਾਰੇ ਮਸਨੂਈ ਬੁੱਧੀ ਦੇ ਮੰਚ ਉਪਰੋਕਤ ਉਠਾਏ ਪ੍ਰਸ਼ਨਾਂ ਦਾ ਹੱਲ ਕਰਦੇ ਹਨ ਤਾਂ ਇਨ੍ਹਾਂ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆ ਤੋਂ ਵਰਤੋਂਕਾਰ ਵਧੇਰੇ ਲਾਭ ਉਠਾ ਸਕਦੇ ਹਨ। ਇਸ ਲਈ ਸਾਰੇ ਮਸਨੂਈ ਬੁੱਧੀ ਮੰਚਾਂ ਨੂੰ ਅਜੇ ਹੋਰ ਬਹੁਤ ਸਾਰੇ ਯਤਨ ਕਰਨੇ ਪੈਣਗੇ।

# ਸਿੱਖ ਇਤਿਹਾਸ ਦੀਆਂ ਕੁਝ ਅਹਿਮ ਬਾਤਾਂ

ਸਿੱਖ ਇਤਿਹਾਸ ਵਿਸ਼ਵ ਦਾ ਨਿਰਾਲਾ ਇਤਿਹਾਸ ਹੈ। ਮਾਨਵੀ ਕਦਰਾਂ-ਕੀਮਤਾਂ ਨੂੰ ਸਿਰਫ਼ ਗੁਰਬਾਣੀ ਵਿਚ ਅੰਕਿਤ ਹੀ ਨਹੀਂ ਕੀਤਾ ਗਿਆ, ਸਗੋਂ ਅੱਜ ਤੱਕ ਉਨ੍ਹਾਂ ਕੀਮਤਾਂ ਨੂੰ ਜ਼ਿੰਦਾ ਰੱਖਿਆ ਗਿਆ ਹੈ। ਇਸ ਖ਼ੂਬਸੂਰਤ ਇਤਿਹਾਸ ’ਚੋਂ ਕੁਝ ਅਜਿਹੀਆਂ ਘਟਨਾਵਾਂ ਪੇਸ਼ ਕਰ ਰਹੇ ਹਾਂ, ਜਿਨ੍ਹਾਂ ਦਾ ਪ੍ਰਚਾਰ ਬਿਲਕੁਲ ਨਹੀਂ ਹੋਇਆ ਜਾਂ ਬਹੁਤ ਘੱਟ ਹੋਇਆ ਹੈ।

ਗੁਰੂ ਨਾਨਕ ਦੇਵ ਜੀ ਦੇ ਸਾਂਝੇ ਖੇਤ-ਕਰੀਬ 1520 ਈ. ’ਚ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਾਹਿਬ ਵਿਖੇ ਸਨ। ਇੱਥੇ ਉਨ੍ਹਾਂ ਨੇ ਸਾਂਝੀ ਮਿਹਨਤ ਅਤੇ ਸਾਂਝੇ ਖੇਤਾਂ ਦੀ ਪ੍ਰਥਾ ਆਰੰਭ ਕੀਤੀ। ਇਹ ਮੌਜੂਦਾ ਸਮੇਂ ਦੇ ਕੋਆਪ੍ਰੇਟਿਵ ਖੇਤੀ ਦੇ ਸੰਕਲਪ ਨਾਲ ਮੇਲ ਖਾਂਦਾ ਹੈ। ਭਾਵੇਂ ਹੂ-ਬਹੂ ਤਾਂ ਸਾਂਝੇ ਖੇਤ ਨਹੀਂ ਸਨ ਪਰ ਸੰਗਤ ਆਪ ਹੀ ਖੇਤਾਂ ਵਿਚ ਮਿਲ ਕੇ ਕੰਮ ਕਰਦੀ ਤੇ ਉਸ ਦੀ ਉਪਜ ਨੂੰ ਵੀ ਗੁਰੂ ਨਾਨਕ ਦੇ ਵੰਡ ਛਕਣ ਅਨੁਸਾਰ ਸਭ ਵਿਚ ਵੰਡਿਆ ਜਾਂਦਾ, ਜਿਹੜਾ ਕੋਆਪ੍ਰੇਟਿਵ ਖੇਤੀ ਮਾਡਲ ਦਾ ਆਧਾਰ ਮੰਨਿਆ ਜਾ ਸਕਦਾ ਹੈ। ਇਸ ਦਾ ਜ਼ਿਕਰ ਬਹੁਤ ਥੋੜ੍ਹੇ ਅਧਿਐਨਾਂ ਵਿਚ ਹੈ।



ਦਸਵੰਧ ਭੇਟਾ ਪੀੜਤਾਂ ’ਚ ਵੰਡੀ-ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾ ਰਹੇ ਸਨ। ਦੂਰੋਂ-ਦੂਰੋਂ ਸੰਗਤਾਂ ਦਸਵੰਧ ਭੇਜ ਰਹੀਆਂ ਸਨ ਤੇ ਕੁਝ ਆਪ ਆ ਕੇ ਸੇਵਾ ਵੀ ਕਰ ਰਹੀਆਂ ਸਨ। ਇਹ 1595 ਈ. ਦਾ ਵਾਕਿਆ ਹੈ ਕਿ ਇਸੇ ਸਮੇਂ ਲਾਹੌਰ ’ਚ ਔੜ ਲੱਗ ਗਈ। ਤਿੰਨ ਸਾਲ ਮੀਂਹ ਨਾ ਪੈਣ ਕਾਰਨ ਕਾਲ ਪੈ ਗਿਆ। ਹਾਲਤ ਬਹੁਤ ਖਰਾਬ ਹੋ ਗਏ ਤੇ ਭੁੱਖ ਨਾਲ ਲੋਕ ਮਰਨ ਲੱਗੇ। ਗੁਰੂ ਜੀ ਨੇ ਉਸਾਰੀ ਰੋਕ ਦਿੱਤੀ ਤੇ ਦਸਵੰਧ ਦੀ ਰਕਮ ਲਾਹੌਰ ’ਤੇ ਖ਼ਰਚ ਕਰ ਦਿੱਤੀ। ਗੁਰੂ ਜੀ ਆਪ ਲਾਹੌਰ ਗਏ ਤੇ 8 ਮਹੀਨੇ ਉੱਥੇ ਸੇਵਾ ਕੀਤੀ, ਜਿਸ ਵਿਚ ਲੰਗਰ, ਦਵਾਈਆਂ, ਹੱਥੀਂ ਸੇਵਾ ਆਦਿ ਸ਼ਾਮਿਲ ਸੀ। ਅਕਬਰ ਆਗਰੇ ਤੋਂ ਲਾਹੌਰ ਆਇਆ ਤੇ ਗੁਰੂ ਜੀ ਨੂੰ ਅੱਖੀਂ ਸੇਵਾ ਕਰਦੇ ਵੇਖ ਬਹੁਤ ਖ਼ੁਸ਼ ਹੋਇਆ। ਇਸੇ ਲਈ ਉਹ ਗੋਇੰਦਵਾਲ ਵਿਖੇ ਵੀ ਗੁਰੂ ਜੀ ਨੂੰ ਮਿਲਣ ਆਇਆ ਸੀ ਤੇ ਗੁਰੂ ਜੀ ਦੇ ਆਖਣ ’ਤੇ ਪੰਜਾਬ ਦਾ ਉਸ ਸਾਲ ਦਾ ਮਾਲੀਆ ਵੀ ਮੁਆਫ਼ ਕਰ ਦਿੱਤਾ ਸੀ। (ਅੱਜ ਸਾਡੇ ਕਾਰ ਸੇਵਾ ਵਾਲੇ ਬਾਬਿਆਂ ਨੂੰ ਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਇਹ ਸਿੱਖਣ ਦੀ ਬਹੁਤ ਲੋੜ ਹੈ ਕਿ ਕੌਮੀ ਧਨ ਨੂੰ ਖ਼ਰਚਣ ਸਮੇਂ ਤਰਜੀਹ ਕਿਹੜੀ ਹੋਣੀ ਚਾਹੀਦੀ ਹੈ।)

ਅਕਾਲ ਸੈਨਾ-ਅਸੀਂ ਸਾਰੇ ਇਹ ਤਾਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਗਤੀ ਤੇ ਸ਼ਕਤੀ ਨੂੰ ਬਰਾਬਰ ਰੱਖਣ ਲਈ ਮੀਰੀ-ਪੀਰੀ ਸਿਧਾਂਤ ਦਿੱਤਾ। ਸਿੱਖਾਂ ਨੂੰ ਘੋੜ ਸਵਾਰੀ ਤੇ ਸ਼ਸਤਰ ਵਿੱਦਿਆ ਵੀ ਸਿਖਾਈ। ਉਨ੍ਹਾਂ ਨੇ 1620 ਈ. ’ਚ ਸ਼ਸਤਰਧਾਰੀ ਸਿੱਖਾਂ ਦੀ ਫੌਜ ਸਥਾਪਤ ਕੀਤੀ, ਜਿਸ ਨੂੰ ਅਕਾਲ ਸੈਨਾ ਕਿਹਾ ਜਾਂਦਾ ਸੀ। ਸ਼ੁਰੂ ’ਚ 300-500 ਘੋੜ ਸਵਾਰ, 60 ਬੰਦੂਕਧਾਰੀ ਤੇ 60 ਤੋਪਾਂ ਸਨ। ਬਾਅਦ ’ਚ ਇਹ ਗਿਣਤੀ ਘਟਦੀ-ਵਧਦੀ ਵੀ ਰਹੀ। ਗੁਰੂ ਜੀ ਦੇ ਸਮੇਂ ਇਸ ਸੈਨਾ ਨੇ ਜੰਗਾਂ ’ਚ ਵੀ ਹਿੱਸਾ ਲਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1606 ਤੋਂ 1644, ਗੁਰੂ ਹਰਿਰਾਇ ਜੀ ਨੇ 1644 ਤੋਂ 1661, ਗੁਰੂ ਹਰਿਕ੍ਰਿਸ਼ਨ ਜੀ ਨੇ 1661 ਤੋਂ 1664, ਗੁਰੂ ਤੇਗ਼ ਬਹਾਦਰ ਜੀ ਨੇ 1664-1675 ਤੱਕ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ 1675 ਤੋਂ 1699 ਤੱਕ ਇਸ ਸੈਨਾ ਦੀ ਅਗਵਾਈ ਕੀਤੀ। ਇਸ ਸੈਨਾ ਦੇ ਉੱਘੇ ਜਥੇਦਾਰ ਭਾਈ ਬਿਧੀ ਚੰਦ, ਭਾਈ ਗੋਰਾ, ਭਾਈ ਪਰਾਗਾ, ਭਾਈ ਜੱਟੂ, ਭਾਈ ਲੰਗਾਹ, ਭਾਈ ਲੱਖੀ, ਬਾਬਾ ਗੁਰਦਿੱਤਾ ਜੀ ਅਤੇ ਪੈਂਦੇ ਖ਼ਾਂ (ਜੋ ਬਾਅਦ ’ਚ ਮੁਗ਼ਲਾਂ ਨਾਲ ਮਿਲ ਗਿਆ ਸੀ) ਰਹੇ ਹਨ। ਵੱਖ-ਵੱਖ ਸਮੇਂ ਛੋਟੀਆਂ-ਵੱਡੀਆਂ ਮਿਲਾ ਕੇ 17 ਜੰਗਾਂ ਲੜੀਆਂ ਗਈਆਂ, ਜਿਨ੍ਹਾਂ ’ਚ ਮਹਿਰਾਜ, ਅੰਮ੍ਰਿਤਸਰ, ਗੁਰੂਸਰ, ਕਰਤਾਰਪੁਰ, ਅਨੰਦਪੁਰ, ਭੰਗਾਣੀ, ਨਦੌਣ ਆਦਿ ਮੁੱਖ ਹਨ। ਇਸ ਸੈਨਾ ਦਾ ਆਪਣਾ ਬਸੰਤੀ ਰੰਗ ਦਾ ਨਿਸ਼ਾਨ ਸਾਹਿਬ ਵੀ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਖ਼ਾਲਸਾ ਸਾਜਿਆ ਤਾਂ ਉਦੋਂ ਇਹ ਸੈਨਾ ਖ਼ਾਲਸਾ ਫੌਜ ਵਿਚ ਮਿਲਾ ਲਈ ਗਈ ਤੇ ਸ਼ਬਦ ਅਕਾਲ ਸੈਨਾ ਦੀ ਵਰਤੋਂ ਬੰਦ ਹੋ ਗਈ।

ਜਸਵਿੰਦਰ ਸਿੰਘ ਰੁਪਾਲ
9814715796



ਮਨੁੱਖੀ ਅਧਿਕਾਰਾਂ ਦੇ ਰਾਖੇ ਗੁਰੂ ਹਰਿਗੋਬਿੰਦ ਸਾਹਿਬ-ਗੁਰੂ ਹਰਿਗੋਬਿੰਦ ਸਾਹਿਬ ਜੀ ਜਹਾਂਗੀਰ ਦੇ ਹੁਕਮ ਅਨੁਸਾਰ ਗਵਾਲੀਅਰ ਦੀ ਕੈਦ ਵਿਚ ਹੋਣ ਬਾਰੇ ਤੇ 52 ਕੈਦੀਆਂ ਨੂੰ ਛੁਡਵਾਉਣ ਬਾਰੇ ਸਾਨੂੰ ਸਭ ਨੂੰ ਪਤਾ ਹੈ। ਇਸ ਦੇ ਵਿਸਥਾਰ ਵਿਚ ਜਾਈਏ ਤਾਂ ਪਤਾ ਲਗਦਾ ਹੈ ਕਿ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਹਿੰਦੂ ਰਾਜਿਆਂ ਨੂੰ ਆਪਣੇ ਖ਼ਿਲਾਫ਼ ਬਗ਼ਾਵਤ ਦੇ ਸ਼ੱਕ ਵਿਚ ਕੈਦ ਕੀਤਾ ਹੋਇਆ ਸੀ। ਕੁਝ ਰਾਜੇ ਆਪਣਾ ਕਰਜ਼ਾ ਜਾਂ ਟੈਕਸ ਨਹੀਂ ਦੇ ਸਕੇ ਸਨ। ਕੁਝ ’ਤੇ ਮੁਗ਼ਲਾਂ ਨੂੰ ਸੈਨਿਕ ਸਹਾਇਤਾ ਨਾ ਦੇਣ ਦਾ ਦੋਸ਼ ਵੀ ਸਨ। ਉਹ ਬਿਨਾਂ ਸੁਣਵਾਈ ਦੇ ਸਾਲਾਂ ਤੱਕ ਕੈਦ ਸਨ। ਉਨ੍ਹਾਂ ’ਚੋਂ ਕੁਝ ਆਪਣੀ ਬਣਦੀ ਸਜ਼ਾ ਤੋਂ ਵੀ ਵੱਧ ਸਮੇਂ ਤੋਂ ਕੈਦ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਦੋਂ ਰਿਹਾਈ ਦਾ ਹੁਕਮ ਹੋਇਆ ਤਾਂ ਗੁਰੂ ਜੀ ਨੇ ਇਹ ਸ਼ਰਤ ਰੱਖੀ ਕਿ ਮੇਰੇ ਨਾਲ ਇਨ੍ਹਾਂ ਰਾਜਿਆਂ ਨੂੰ ਵੀ ਛੱਡਿਆ ਜਾਵੇ। ਇਸ ਤਰਾਂ ਇਨ੍ਹਾਂ ਰਾਜਿਆਂ ਦੀ ਅਨਿਆਇਕ ਕੈਦ ਦਾ ਵਿਰੋਧ ਕਰਕੇ ਗੁਰੂ ਸਾਹਿਬ ਨੇ ਮਨੁੱਖੀ ਆਜ਼ਾਦੀ ਨੂੰ ਧਰਮ ਜਾਂ ਜਾਤ ਤੋਂ ਉੱਪਰ ਮੰਨਣ ਦਾ ਸਬੂਤ ਦਿੱਤਾ। ਗੁਰੂ ਜੀ ਦੇ ਮਨੁੱਖੀ ਅਧਿਕਾਰਾਂ ਲਈ ਚੁੱਕੇ ਗਏ ਕਦਮ ਨੂੰ 300 ਸਾਲ ਬਾਅਦ ਜਾਰੀ ਹੋਏ ਯੂ.ਐਨ.ਓ. ਦੇ ਆਰਟੀਕਲ-9 (ਕਿਸੇ ਨੂੰ ਵੀ ਮਨਮਾਨੀ ਨਾਲ ਗ੍ਰਿਫ਼ਤਾਰ, ਨਜ਼ਰਬੰਦ ਜਾਂ ਦੇਸ਼ ਨਿਕਾਲਾ ਨਹੀਂ ਦਿੱਤਾ ਜਾਵੇਗਾ।) ਨਾਲ ਮੇਲ ਕੇ ਦੇਖਿਆ ਜਾ ਸਕਦਾ ਹੈ।

# ਬਣਾਉਟੀ ਬੁੱਧੀ ਦਾ ‘ਆਪਣਾ’ ਕ੍ਰਿਸ਼ਮਾ

ਅਰਵਿੰਦਰ ਜੌਹਲ

ਨਵੀਂ ਦਿੱਲੀ ਵਿੱਚ ਇਸੇ ਹਫ਼ਤੇ ਹੋਏ ਕੌਮਾਂਤਰੀ ਪੱਧਰ ਦੇ ‘ਇੰਡੀਆ ਏ ਆਈ ਇੰਪੈਕਟ ਸਮਿੱਟ’ ਵਿੱਚ ਦੁਨੀਆ ਭਰ ਤੋਂ ਆਗੂਆਂ ਅਤੇ ਏ ਆਈ ਖੇਤਰ ਦੀਆਂ ਵੱਡੀਆਂ ਹਸਤੀਆਂ ਨੇ ਸ਼ਿਰਕਤ ਕੀਤੀ। ਕੌਮਾਂਤਰੀ ਪੱਧਰ ’ਤੇ ਜਿੰਨੀ ਚਰਚਾ ਇਸ ਸੰਮੇਲਨ ਦੀ ਹੋਈ, ਓਨੀ ਹੀ ਗਲਗੋਟੀਆ ਯੂਨੀਵਰਸਿਟੀ ਵੱਲੋਂ ਆਪਣਾ ਦੱਸ ਕੇ ਪੇਸ਼ ਕੀਤੇ ਗਏ ਰੋਬੋਟਿਕ ਡੌਗ ‘ਓਰਾਇਨ’ ਦੀ ਵੀ ਹੋਈ। ਗਲਗੋਟੀਆ ਯੂਨੀਵਰਸਿਟੀ ਵੱਲੋਂ ਇਸ ਰੋਬੋਟਿਕ ਡੌਗ ਬਾਰੇ ਦਾਅਵਾ ਸੀ ਕਿ ਇਹ ਡੌਗ ਉਨ੍ਹਾਂ ਨੇ ਡਿਵੈਲਪ ਕੀਤਾ ਹੈ। ਦੂਰਦਰਸ਼ਨ ਦੇ ਰਿਪੋਰਟਰ ਵੱਲੋਂ ਪੈਵੇਲੀਅਨ ’ਚ ਜਾ ਕੇ ਗਲਗੋਟੀਆ ਦੀ ਪ੍ਰੋਫੈਸਰ ਨੇਹਾ ਸਿੰਘ ਨਾਲ ਬਾਕਾਇਦਾ ਇੰਟਰਵਿਊ ਕੀਤੀ ਗਈ, ਜਿਸ ਵਿੱਚ ਉਸ ਨੇ ਬਹੁਤ ਉਤਸ਼ਾਹ ਨਾਲ ਪੱਤਰਕਾਰ ਨੂੰ ਕਿਹਾ, ‘‘ਤੁਹਾਨੂੰ ਓਰਾਇਨ ਨੂੰ ਮਿਲਣਾ ਚਾਹੀਦਾ ਹੈ, ਜਿਸ ਨੂੰ ਸਾਡੇ ਸੈਂਟਰ ਔਫ ਐਕਸੀਲੈਂਸ ਵੱਲੋਂ ਡਿਵੈਲਪ ਕੀਤਾ ਗਿਆ ਹੈ। ਸਾਡੀ ਪਹਿਲੀ ਪ੍ਰਾਈਵੇਟ ਯੂਨੀਵਰਸਿਟੀ ਹੈ, ਜਿਸ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਬਣਾਉਟੀ ਬੁੱਧੀ) ’ਚ 350 ਕਰੋੜ ਰੁਪਏ ਨਿਵੇਸ਼ ਕੀਤੇ ਹਨ।’’ ਪ੍ਰੋ. ਨੇਹਾ ਸਿੰਘ ਜਿਸ ਵੇਲੇ ਪੱਤਰਕਾਰ ਨੂੰ ਓਰਾਇਨ ਦੇ ਗੁਣਾਂ ਦਾ ਵਿਖਿਆਨ ਕਰਦਿਆਂ ਦੱਸ ਰਹੀ ਸੀ ਕਿ ਇਹ ਕਈ ਤਰ੍ਹਾਂ ਦੇ ਆਕਾਰ ਤੇ ਰੂਪ ਲੈ ਲੈਂਦਾ ਹੈ ਤਾਂ ਉਨ੍ਹਾਂ ਦੋਹਾਂ ਤੋਂ ਮਹਿਜ਼ ਕੁਝ ਫੁੱਟ ਦੂਰ ਖੜ੍ਹਾ ਓਰਾਇਨ ਕਦੇ ਆਪਣੀ ਇੱਕ ਬਾਂਹ ਉੱਚੀ ਚੁੱਕ ਲੈਂਦਾ, ਕਦੇ ਅੱਗੇ ਹੁੰਦਾ ਤੇ ਕਦੇ ਪਿੱਛੇ, ਕਦੇ ਇੱਕ ਪਾਸੇ ਨੂੰ ਝੁਕ ਜਾਂਦਾ। ਪੱਤਰਕਾਰ ਓਰਾਇਨ ਦੀਆਂ ਇਨ੍ਹਾਂ ਪੇਸ਼ਕਾਰੀਆਂ ਨੂੰ ਮੰਤਰ-ਮੁਗਧ ਹੋ ਕੇ ਦੇਖਦਿਆਂ ਕਹਿੰਦਾ ਹੈ, “ਇਹ ਸ਼ਰਾਰਤੀ (Naughty) ਹੈ।” ਗਲਗੋਟੀਆ ਦੀ ਮਾਣਮੱਤੀ ਪ੍ਰੋਫੈਸਰ ਓਰਾਇਨ ਦੇ ਹੋਰ ਗੁਣ ਗਿਣਾਉਂਦਿਆਂ ਕਹਿੰਦੀ ਹੈ ਕਿ ਇਹ ਸਰਵੇਲੈਂਸ ਅਤੇ ਮੋਨੀਟਰਿੰਗ ਕਰਨ ਦੇ ਨਾਲ ਨਾਲ ਮੂਨ ਵਾਕ (ਉੱਘੇ ਅਮਰੀਕੀ ਗਾਇਕ ਮਾਈਕਲ ਜੈਕਸਨ ਦੇ ਨੱਚਣ ਦੇ ਵਿਸ਼ੇਸ਼ ਅੰਦਾਜ਼ ਨੂੰ ‘ਮੂਨ ਵਾਕ’ ਕਿਹਾ ਜਾਂਦਾ ਹੈ) ਵੀ ਕਰ ਲੈਂਦਾ ਹੈ।

ਜਿਉਂ ਹੀ ਸ਼ਰਾਰਤੀ ਓਰਾਇਨ ਦੀ ਨੱਚਦੇ ਦੀ ਵੀਡੀਓ ਵਾਇਰਲ ਹੋਈ ਤਾਂ ਥੋੜ੍ਹੇ ਹੀ ਸਮੇਂ ਬਾਅਦ ਸੋਸ਼ਲ ਮੀਡੀਆ ਦੇ ਵਰਤੋਂਕਾਰਾਂ ਨੇ ਉਸ ਦੀ ‘ਜਨਮ ਪੱਤਰੀ ਦੇ ਸਾਰੇ ਗ੍ਰਹਿ ਨਛੱਤਰਾਂ ਦਾ ਅਧਿਐਨ’ ਕਰ ਕੇ ਜੱਗ ਸਾਹਮਣੇ ਇਸ ਗੱਲ ਦਾ ਖ਼ੁਲਾਸਾ ਕੀਤਾ ਕਿ ਇਸ ਦੀ ਮਲਕੀਅਤ ਗਲਗੋਟੀਆ ਯੂਨੀਵਰਸਿਟੀ ਦੀ ਨਹੀਂ, ਸਗੋਂ ਇਹ ਬਾਜ਼ਾਰ ’ਚ ਮਿਲਦਾ ਯੂਨੀਟਰੀ ਗੋ 2 ਰੋਬੋਟ ਹੈ, ਜੋ ਅਸਲ ਵਿੱਚ ਚੀਨ ਦੀ ਕੰਪਨੀ ਯੂਨੀਟਰੀ ਰੋਬੋਟਿਕਸ ਵੱਲੋਂ ਤਿਆਰ ਕੀਤਾ ਗਿਆ ਹੈ। ਸੋਸ਼ਲ ਮੀਡੀਆ ਵਰਤੋਂਕਾਰਾਂ ਨੇ ਬਾਜ਼ਾਰ ਵਿੱਚ ਮਿਲਦੇ ਗੋ 2 ਰੋਬੋਟ ਦੀ ਤਸਵੀਰ ਓਰਾਇਨ ਦੇ ਬਰਾਬਰ ਹੀ ਲਾ ਕੇ ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ। ਦੋਵੇਂ ਤਸਵੀਰਾਂ ਦੇਖ ਕੇ ਲਗਦਾ ਸੀ ਜਿਵੇਂ ਦੋਵੇਂ ਜੌੜੇ ਭਰਾ ਹੋਣ ਤੇ ਇੱਕ ਵਿਛੜ ਕੇ ਚੀਨ ਦੀ ਯੂਨੀਟਰੀ ਰੋਬੋਟਿਕਸ ਕੋਲ ਪੁੱਜ ਗਿਆ ਹੋਵੇ ਅਤੇ ਦੂਜਾ ਗਲਗੋਟੀਆ ਯੂਨੀਵਰਸਿਟੀ ਵਾਲਿਆਂ ਕੋਲ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਯੁੱਗ ’ਚ ਚਾਹੁੰਦਿਆਂ ਵੀ ਗੱਲਾਂ ਗੁੱਝੀਆਂ ਨਹੀਂ ਰੱਖੀਆਂ ਜਾ ਸਕਦੀਆਂ। ਗੱਲ ਝੱਟ ਚੀਨ ਤੱਕ ਜਾ ਪੁੱਜੀ ਅਤੇ ਚੀਨ ਦੇ ਅਧਿਕਾਰਕ ਸੋਸ਼ਲ ਮੀਡੀਆ ਪਲੈਟਫਾਰਮਾਂ ਨੇ ‘ਆਪਣੇ ਓਰਾਇਨ’ (ਸ਼ਾਇਦ ਉਨ੍ਹਾਂ ਲਾਡ ਨਾਲ ਕੋਈ ਹੋਰ ਨਾਂ ਰੱਖਿਆ ਹੋਵੇ) ਦੇ ਸਾਰੇ ਵੇਰਵੇ ਕੁੱਲ ਦੁਨੀਆ ਨਾਲ ਸਾਂਝੇ ਕੀਤੇ ਅਤੇ ਇਹ ਵੀ ਦੱਸਿਆ ਕਿ ਜੇਕਰ ਕੋਈ ਉਨ੍ਹਾਂ ?ਦੇ ਓਰਾਇਨ ਨੂੰ ਖਰੀਦਣਾ ਚਾਹੇ ਤਾਂ ਕਿੰਨੀ ਕੀਮਤ ਤਾਰ ਕੇ ਇਸ ਨੂੰ ਬਾਜ਼ਾਰ ’ਚੋਂ ਖਰੀਦ ਕੇ ਆਪਣੇ ਘਰ ਲਿਜਾ ਸਕਦਾ ਹੈ। ਇਸ ਮਗਰੋਂ ਦੁਨੀਆ ਭਰ ਦੇ ਮੀਡੀਆ ’ਚ ਓਰਾਇਨ ਦੇ ਚਰਚੇ ਹਨ। ਇਸ ਸਮੁੱਚੇ ਘਟਨਾਕ੍ਰਮ ਅਤੇ ਸਬੂਤਾਂ ਮਗਰੋਂ ਗਲਗੋਟੀਆ ਵਾਲਿਆਂ ਨੇ ਇਸ ਮਾਮਲੇ ਤੋਂ ਭਾਵੇਂ ਇਹ ਕਹਿ ਕੇ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਤਾਂ ਕਦੇ ਓਰਾਇਨ ’ਤੇ ਆਪਣੀ ਮਾਲਕੀ ਜਤਾਈ ਹੀ ਨਹੀਂ, ਪਰ ਜੋ ਕੁਝ ਪਹਿਲਾਂ ਕਿਹਾ ਜਾ ਚੁੱਕਿਆ ਸੀ ਉਸ ਦੀਆਂ ਪੈੜਾਂ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਤੋਂ ਹਟਾਉਣਾ ਸੰਭਵ ਨਹੀਂ। ਦੁਨੀਆ ਭਰ ’ਚ ਗਲਗੋਟੀਆ ਦੇ ਨਾਲ ਨਾਲ ਭਾਰਤ ਦੀ ਉੱਡ ਰਹੀ ਖਿੱਲੀ ਕਾਰਨ ਸਰਕਾਰ ਨੇ ਆਖ਼ਰ ਗਲਗੋਟੀਆ ਯੂਨੀਵਰਸਿਟੀ ਤੋਂ ਪੈਵੇਲੀਅਨ ਖਾਲੀ ਕਰਵਾ ਲਿਆ ਅਤੇ ਉੱਥੋਂ ਦੀ ਬਿਜਲੀ ਕੱਟ ਦਿੱਤੀ।

ਇੱਥੇ ਹੈਰਾਨੀ ਦੀ ਗੱਲ ਇਹ ਸੀ ਕਿ ਭਾਰਤ ਮੰਡਪਮ ਦੇ ਪੈਵੇਲੀਅਨ ’ਚ ਜਿੰਨੀ ਜਗ ?ਹਾ ਇਸ ਇੱਕ ਪ੍ਰਾਈਵੇਟ ਯੂਨੀਵਰਸਿਟੀ ਨੂੰ ਅਲਾਟ ਕੀਤੀ ਗਈ ਸੀ, ਉਹ ਚਾਰ ਆਈ ਆਈ ਟੀਜ਼ ਨੂੰ ਅਲਾਟ ਕੀਤੀ ਜਗ ?ਹਾ ਤੋਂ ਵੀ ਵੱਧ ਸੀ। ਨਵੀਂ ਦਿੱਲੀ ’ਚ ਹੋਏ ਇਸ ‘ਇੰਡੀਆ ਏ ਆਈ ਇੰਪੈਕਟ ਐਕਸਪੋ’ ਵਿੱਚ ਪ੍ਰਦਰਸ਼ਨੀ ਲਈ ਜਗ ?ਹਾ ਦੀ ਅਲਾਟਮੈਂਟ ਇਲੈਕਟ ?ਰੌਨਿਕਸ ਅਤੇ ਆਈ ਟੀ ਮੰਤਰਾਲੇ ਅਧੀਨ ਆਉਂਦੀ ਖ਼ੁਦਮੁਖ਼ਤਿਆਰ ਸੰਸਥਾ ‘ਸੌਫਟਵੇਅਰ ਟੈਕਨੋਲੋਜੀ ਪਾਰਕਸ ਔਫ ਇੰਡੀਆ’ ਵੱਲੋਂ ‘ਪਹਿਲਾਂ ਆਓ ਪਹਿਲਾਂ ਪਾਓ’ ਦੇ ਨਿਯਮ ਤਹਿਤ ਕੀਤੀ ਗਈ ਸੀ।



ਖ਼ੈਰ, ਕਿਸੇ ਹੋਰ ਵੱਲੋਂ ਤਿਆਰ ਕੀਤੇ ਉਤਪਾਦ ਉੱਤੇ ਖੋਜ ਅਤੇ ਕਾਢ ਦੇ ਨਾਂ ’ਤੇ ਆਪਣਾ ਠੱਪਾ ਲਾ ਕੇ ਪੇਸ਼ ਕਰਨ ਬਾਰੇ ਇਹ ਸਵਾਲ ਉੱਠਿਆ ਕਿ ਅਜਿਹੀਆਂ ਪ੍ਰਦਰਸ਼ਨੀਆਂ ’ਚ ਜਿਨ੍ਹਾਂ ਕਾਢਾਂ ਜਾਂ ਉਤਪਾਦਾਂ ਦੀ ਨੁਮਾਇਸ਼ ਲਗਾਈ ਗਈ ਸੀ, ਉਨ੍ਹਾਂ ਦੀ ਮੌਲਿਕਤਾ ਦੀ ਜਾਂਚ ਪੜਤਾਲ ਲਈ ਕੀ ਪੈਮਾਨਾ ਤੈਅ ਕੀਤਾ ਗਿਆ ਸੀ ? ਪ੍ਰਦਰਸ਼ਨੀ ਲਾਉਣ ਵਾਲਿਆਂ ਦੀ ਚੋਣ ਦੇ ਅਮਲ ’ਚ ਸ਼ਾਮਲ ਇੱਕ ਅਧਿਕਾਰੀ ਦਾ ਜਵਾਬ ਸੀ, “ਸਾਡਾ ਖ਼ ?ਆਲ ਸੀ ਕਿ ਇਸ ਪ੍ਰਦਰਸ਼ਨੀ ’ਚ ਹਿੱਸਾ ਲੈਣ ਵਾਲੇ ਸਵੈ-ਜ਼ਾਬਤਾ ਲਾਗੂ ਕਰਦਿਆਂ ਕੋਈ ਅਜਿਹੀ ਚੀਜ਼ ਜਾਂ ਉਤਪਾਦ ਪ੍ਰਦਰਸ਼ਿਤ ਨਹੀਂ ਕਰਨਗੇ, ਜਿਨ੍ਹਾਂ ’ਤੇ ਉਨ੍ਹਾਂ ਦੀ ਮਾਲਕੀ ਦਾ ਕੋਈ ਦਾਅਵਾ ਨਹੀਂ। ਅਸੀਂ ਨਹੀਂ ਸੀ ਚਾਹੁੰਦੇ ਕਿ ਅਸੀਂ ਇਹ ਹਦਾਇਤਾਂ ਦੇਈਏ ਕਿ ਉਹ ਕੀ ਪ੍ਰਦਰਸ਼ਿਤ ਕਰ ਸਕਦੇ ਹਨ ਅਤੇ ਕੀ ਨਹੀਂ।”

ਹੁਣ ਜਦੋਂ ਸਾਰਾ ਮਾਮਲਾ ਕੌਮਾਂਤਰੀ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਤਾਂ ਗਲਗੋਟੀਆ ਯੂਨੀਵਰਸਿਟੀ ਵਾਲਿਆਂ ਨੂੰ ਵੀ ਤਰ੍ਹਾਂ-ਤਰ੍ਹਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਓਰਾਇਨ ਦੇ ਮਾਮਲੇ ’ਚ ਸ਼ਬਦਾਂ ਨੂੰ ਸਹੀ ਤਰ੍ਹਾਂ ਨਾ ਸਮਝਣ ਦੀ ‘ਠੋਸ’ ਦਲੀਲ ਘੜੀ ਗਈ ਹੈ। ਗਲਗੋਟੀਆ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪ੍ਰੋਫੈਸਰ ਨੇ ‘ਡਿਵੈਲਪ’ ਨਹੀਂ ਸਗੋਂ ‘ਡਿਵੈਲਪਮੈਂਟ’ ਸ਼ਬਦ ਵਰਤਿਆ ਸੀ। ਡਿਵੈਲਪਮੈਂਟ ਦਾ ਮਤਲਬ ਬਣਾਉਣਾ ਨਹੀਂ ਹੁੰਦਾ ਸਗੋਂ ਇਹ ਸਮਝਣਾ ਹੁੰਦਾ ਹੈ ਕਿ ਵੱਖ-ਵੱਖ ਉਤਪਾਦਾਂ ’ਚ ਕਿਹੜੀ ਤਕਨਾਲੋਜੀ ਵਰਤੀ ਗਈ ਹੈ ਅਤੇ ਯੂਨੀਵਰਸਿਟੀ ਦੀ ਉਸ ਪ੍ਰਤੀਨਿਧੀ ਨੂੰ ਪ੍ਰੋਡਕਟ ਦੀ ਤਕਨੀਕੀ ਜਾਣਕਾਰੀ ਨਹੀਂ ਸੀ। ਜੇਕਰ ਯੂਨੀਵਰਸਿਟੀ ਦੀ ਇਹ ਦਲੀਲ ਮੰਨ ਲਈ ਜਾਵੇ ਤਾਂ ਇਹ ਹੋਰ ਵੀ ਹੈਰਾਨੀ ਦੀ ਗੱਲ ਹੈ ਕਿ ਇਸ ਵੱਕਾਰੀ ਕੌਮਾਂਤਰੀ ਪੱਧਰ ਦੇ ਸੰਮੇਲਨ ’ਚ ਉਸ ਨੇ ਵਿਸ਼ੇ ਤੋਂ ਅਣਜਾਣ ਪ੍ਰੋਫੈਸਰ ਨੂੰ ਆਪਣੀ ਨੁਮਾਇੰਦਗੀ ਕਰਨ ਲਈ ਭੇਜਿਆ। ਓਦਾਂ ਵੀ ਨੇਹਾ ਸਿੰਘ ਯੂਨੀਵਰਸਿਟੀ ਦੇ ਮਾਸ ਕਮਿਊਨੀਕੇਸ਼ਨ ਵਿਭਾਗ ’ਚ ਪੜ੍ਹਾਉਂਦੀ ਹੈ ਨਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਵਿਭਾਗ ਵਿੱਚ।

ਪ੍ਰੋ. ਨੇਹਾ ਸਿੰਘ ਨੇ ਵੀ ਪੱਤਰਕਾਰਾਂ ਸਿਰ ਠੀਕਰਾ ਭੰਨਦਿਆਂ ਕਿਹਾ ਹੈ ਕਿ ਉਹ ਬਹੁਤ ਜਲਦੀ ’ਚ ਸਵਾਲ ਪੁੱਛਦੇ ਹਨ ਅਤੇ ਕਈ ਵਾਰੀ ਜਲਦੀ ’ਚ ਜਵਾਬ ਦੇਣ ਵੇਲੇ ਕੁਝ ਇੱਧਰ ਉੱਧਰ ਹੋ ਜਾਂਦਾ ਹੈ। ਓਦਾਂ ਉਸ ਦੀ ਜਿਹੜੀ ਇੰਟਰਵਿਊ ਵਾਇਰਲ ਹੋਈ ਹੈ ਉਸ ਵਿੱਚ ਨਾ ਤਾਂ ਪੱਤਰਕਾਰ ਨੇ ਕਾਹਲੀ ’ਚ ਕੋਈ ਸਵਾਲ ਪੁੱਛਿਆ ਤੇ ਨਾ ਹੀ ਪ੍ਰੋ. ਨੇਹਾ ਸਿੰਘ ਨੇ ਕਾਹਲੀ ’ਚ ਕੋਈ ਜਵਾਬ ਦਿੱਤਾ ਹੈ। ਹੁਣ ਪ੍ਰੋ. ਨੇਹਾ ਸਿੰਘ ਦੀ ਪੱਤਰਕਾਰਾਂ ਨੂੰ ਸਲਾਹ ਹੈ ਕਿ ਉਹ ਇਸ ਸੰਦਰਭ ਵਿੱਚ ਸਾਰੇ ਸ਼ਬਦ ਬਹੁਤ ਜ਼ਿੰਮੇਵਾਰੀ ਨਾਲ ਵਰਤਣ। ਆਪਣੇ ਹੱਕ ’ਚ ਦਲੀਲ ਦਿੰਦਿਆਂ ਉਸ ਨੇ ਕਿਹਾ ਕਿ ਉਸ ਵੱਲੋਂ ਸਮੇਂ ਦੀ ਘਾਟ ਕਾਰਨ ਜਾਂ ਆਸ-ਪਾਸ ਦੇ ਸ਼ੋਰ ਕਾਰਨ ਵਿਆਖਿਆ ਕਰਨ ’ਚ ਕੋਈ ਉਕਾਈ ਹੋਈ ਹੈ ਅਤੇ ਅਗਲੇ ਹੀ ਸਾਹ ਉਸ ਨੇ ਨਵੀਂ ਦਲੀਲ ਦਿੱਤੀ, “ਯੂਅਰ ਸਿਕਸ ਕੈਨ ਬੀ ਮਾਇ ਨਾਈਨ” (ਸਭ ਦਾ ਆਪੋ ਆਪਣਾ ਨਜ਼ਰੀਆ ਹੈ)।

ਵਾਕਈ ਗੱਲ ਤਾਂ ਨਜ਼ਰ ਤੇ ਨਜ਼ਰੀਏ ਦੀ ਹੀ ਹੈ। ਕਿਸੇ ਲਈ ‘ਓਰਾਇਨ’ ਨੂੰ ਇਉਂ ‘ਆਪਣਾ’ ਦੱਸਣਾ ਨੈਤਿਕਤਾ ਦਾ ਮਸਲਾ ਹੋ ਸਕਦਾ ਹੈ, ਪਰ ਹੁਣ ਜਦੋਂ ਅਸੀਂ ਇਸ ਨੂੰ ਆਪਣਾ ਸਮਝ ਕੇ ਅਪਣਾ ਹੀ ਲਿਆ ਤਾਂ ਫਿਰ ਮਸਨੂਈ ਬੁੱਧੀ ਦੇ ਇਸ ਕ੍ਰਿਸ਼ਮੇ ਦੀ ਮਾਲਕੀ ਬਾਰੇ ਰੌਲਾ ਪਾਉਣ ਵਾਲੇ ਭਲੇ ਲੋਕੋ, ਇਹ ਤਾਂ ਹੁਣ ‘ਆਪਣਾ’ ਹੀ ਹੋਇਆ!

# ‘ਸਵੱਛ ਭਾਰਤ’ ਦਾ ਅਧੂਰਾ ਸੁਪਨਾ

-ਡੇਜ਼ੀ ਵਾਲੀਆ



ਸਾਡਾ ਦੇਸ਼ ਜਿਸ ਨਾਲ ਸਾਨੂੰ ਬਹੁਤ ਪਿਆਰ ਹੈ, ਕੁਦਰਤ ਨੇ ਵੀ ਇਸ ਨੂੰ ਬਹੁਤ ਸੋਹਣਾ ਬਣਾਇਆ ਹੈ। ਸਮੁੰਦਰ, ਨਦੀਆਂ, ਝਰਨੇ ਤੇ ਹਰਿਆਲੀ ਸਭ ਕੁਝ ਦਿੱਤਾ ਹੈ। ਇਸ ਨੂੰ ਤਰ੍ਹਾਂ-ਤਰ੍ਹਾਂ ਦੀਆਂ ਰੁੱਤਾਂ ਨਾਲ ਨਿਵਾਜ਼ਿਆ ਹੈ ਪਰ ਅਸੀਂ ਇਸ ਨੂੰ ਸੰਭਾਲ ਨਾ ਸਕੇ। ਅਸੀਂ ਆਪਣੇ ਦੇਸ਼ ਨੂੰ ਗੰਦਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਕਿਸੇ ਵੀ ਸ਼ਹਿਰ ਨੂੰ ਅਸੀਂ ਸਾਫ਼-ਸੁਥਰਾ ਰੱਖਣ ਵਿਚ ਅਸਫਲ ਰਹੇ।

ਕੁਝ ਸਾਲ ਪਹਿਲਾਂ ਇਕ ਸਰਕਾਰ ਨੇ ਕੁਝ ਸ਼ਹਿਰਾਂ ਨੂੰ ਵਿਸ਼ਵ ਪੱਧਰ ਦੇ ਬਣਾਉਣ ਦਾ ਵਾਅਦਾ ਕੀਤਾ ਸੀ। ਕੀ ਉਹ ਵਾਅਦਾ ਪੂਰਾ ਹੋ ਪਾਇਆ ? ਕੀ ਕੋਈ ਵੀ ਸ਼ਹਿਰ ਸਾਫ਼-ਸੁਥਰਾ ਹੋਏ ਬਿਨਾਂ ਵਰਲਡ ਕਲਾਸ ਦਾ ਸ਼ਹਿਰ ਬਣ ਸਕਦਾ ਹੈ ? ਵਿਸ਼ਵ ਪੱਧਰ ਦਾ ਬਣਾਉਣ ਵਾਸਤੇ ਬਹੁਤ ਸਾਰੇ ਮਿਆਰਾਂ ’ਤੇ ਖ਼ਰਾ ਉਤਰਨਾ ਪੈਂਦਾ ਹੈ ਜਿਨ੍ਹਾਂ ’ਚੋਂ ਸਭ ਤੋਂ ਵੱਡਾ ਤੇ ਪ੍ਰਮੁੱਖ ਮਿਆਰ ਹੈ ਸ਼ਹਿਰਾਂ ਦਾ ਸਾਫ਼ ਹੋਣਾ।

ਸਭ ਤੋਂ ਪਹਿਲਾਂ ਅਸੀਂ ਦੇਸ਼ ਦੀ ਰਾਜਧਾਨੀ ਨੂੰ ਹੀ ਲੈ ਲਈਏ। ਬਸ ਕੁਝ ਇਲਾਕਿਆਂ ਨੂੰ ਛੱਡ ਕੇ ਬਾਕੀ ਜਗ ?ਹਾ ਤਾਂ ਟੁੱਟੀਆਂ ਸੜਕਾਂ, ਤਾਰਾਂ ਦੇ ਵਿਛੇ ਜਾਲ ? ’ਤੇ ਗੰਦ-ਮੰਦ ਦੇ ਢੇਰ ਨੇ। ਸਰਕਾਰਾਂ ਨੂੰ ਲੱਗਦਾ ਹੈ ਕਿ ਜੋ ਵੀ ਬਾਹਰੋਂ ਵੱਡੇ ਅਹੁਦੇਦਾਰ ਆਉਂਦੇ ਨੇ, ਉਹ ਸਿਰਫ਼ ਖ਼ਾਸ ਥਾਵਾਂ ਤੋਂ ਹੀ ਲੰਘਦੇ ਨੇ। ਬਸ ਉਨ੍ਹਾਂ ਥਾਵਾਂ ਨੂੰ ਸਾਫ਼ ਦਿਖਾਉਣਾ ਚਾਹੀਦਾ ਹੈ। ਬਾਕੀ ਥਾਵਾਂ ’ਤੇ ਤਾਂ ਆਮ ਜਨਤਾ ਹੀ ਜਾਂਦੀ ਹੈ। ਉਸ ਨੂੰ ਸਫ਼ਾਈ ਦਾ ਕੀ ਫ਼ਰਕ ਪੈਂਦਾ ਹੈ। ਇਲੈਕਸ਼ਨ ਦੇ ਨੇੜੇ ਕੋਈ ਯਮੁਨਾ ਨੂੰ ਸਾਫ਼ ਕਰਨ ਦੀ ਗੱਲ ਕਰਦਾ, ਕੋਈ ਕੂੜੇ-ਕਰਕਟ ਦੇ ਢੇਰਾਂ ਨੂੰ ਹਟਾਉਣ ਦੇ ਵਾਅਦੇ ਕਰਦੇ ਨੇ ਤੇ ਬਾਅਦ ਵਿਚ ਪੰਜ ਸਾਲ ਕੀ ਹੁੰਦਾ ਹੈ, ਕੋਈ ਅਤਾ-ਪਤਾ ਨਹੀਂ।

ਜੇ ਪੰਜਾਬ ਦੀ ਗੱਲ ਕਰੀਏ ਤਾਂ ਸਰਕਾਰ ਸੂਬੇ ਨੂੰ ‘ਰੰਗਲਾ ਪੰਜਾਬ’ ਬਣਾਉਣ ਜੇ ਦਾਅਵੇ-ਵਾਅਦੇ ਕਰਦੀ ਹੈ। ਉਸ ਨੂੰ ਲੱਗਦਾ ਹੈ ਕਿ ਗਿੱਧੇ ਪਾਉਂਦੀਆਂ ਮੁਟਿਆਰਾਂ ਤੇ ਭੰਗੜੇ ਪਾਉਂਦੇ ਗੱਭਰੂਆਂ ਦੇ ਪੋਸਟਰ ਦਿਖਾ ਕੇ ਜਾਂ ਕੁਝ ਤਿਉਹਾਰ ਮਨਾ ਕੇ ‘ਰੰਗਲਾ ਪੰਜਾਬ’ ਬਣ ਗਿਆ। ਇਸ ‘ਰੰਗਲੇ ਪੰਜਾਬ’ ਵਿਚ ਇਕ ਵੀ ਸ਼ਹਿਰ ਨਹੀਂ ਹੈ ਜੋ ਸਾਫ਼ ਹੋਵੇ। ਬਾਕੀ ਥਾਵਾਂ ਦੀ ਤਾਂ ਗੱਲ ਬਾਅਦ ਵਿਚ ਹੈ। ਆਪਣਾ ‘ਅੰਮ੍ਰਿਤਸਰ ਸਿਫਤੀ ਦਾ ਘਰ’ ਦੀ ਗੱਲ ਕਰੀਏ ਜਿੱਥੇ ਦੇਸ਼-ਵਿਦੇਸ਼ ਤੋਂ ਸਿੱਖ ਸੰਗਤ ਤੇ ਸੈਲਾਨੀ ਆਉਂਦੇ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ। ਸਰਕਾਰ ਨੂੰ ਸਭ ਤੋਂ ਜ਼ਿਆਦਾ ਸੈਰ-ਸਪਾਟੇ ਤੋਂ ਪੈਸਾ ਅੰਮ੍ਰਿਤਸਰ ਤੋਂ ਮਿਲਦਾ ਹੈ। ਫਿਰ ਵੀ ਇਹ ਸ਼ਹਿਰ ਸਾਫ਼-ਸੁਥਰਾ ਨਹੀਂ ਹੈ। ਜਗ ?ਹਾ-ਜਗ ?ਹਾ ਕੂੜਾ-ਕਰਕਟ ਦੇ ਢੇਰ ਲੱਗੇ ਹੋਏ ਹਨ। ਸ਼ਹਿਰ ਵਿਚ ਪ੍ਰਵੇਸ਼ ਕਰਦੇ ਹੀ ਤੁਹਾਨੂੰ ਭੀੜ-ਭੜੱਕਾ ਤੇ ਟੁੱਟੀਆਂ ਸੜਕਾਂ ਦਿਸਣ ਲੱਗ ਪੈਣਗੀਆਂ। ਸੜਕਾਂ ਦੇ ਦੋਵੇਂ ਪਾਸੇ ਕੂੜੇ ਦੇ ਢੇਰ ਦਿਸਣ ਲੱਗ ਜਾਂਦੇ ਹਨ। ਹਰਿਮੰਦਰ ਸਾਹਿਬ ਦੀ ਬਦੌਲਤ ਹੀ ਘੱਟੋ-ਘੱਟ ਇਕ ਸ਼ਹਿਰ ਨੂੰ ਤਾਂ ਸਾਫ਼ ਕਰ ਲਓ। ਹੁਣ ਇਕ ਹੋਰ ਸ਼ਹਿਰ ਦੀ ਗੱਲ ਕਰ ਲੈਂਦੇ ਹਾਂ, ਉਹ ਹੈ ਰਿਆਸਤੀ ਸ਼ਹਿਰ ਪਟਿਆਲਾ। ਕਾਂਗਰਸ ਦੀ ਸਰਕਾਰ ਦੇ ਵਕਤ ਇੱਥੋਂ ਦੇ ਰਾਜਾ ਅਮਰਿੰਦਰ ਸਿੰਘ ਜੋ ਪੰਜਾਬ ਦੇ ਮੁੱਖ ਮੰਤਰੀ ਸਨ, ਉਹ ਇਕ ਆਪਣੇ ਸ਼ਹਿਰ ਨੂੰ ਸਾਫ਼-ਸੁਥਰਾ ਨਾ ਬਣਾ ਸਕੇ। ਅੱਜ ਦੀ ਸਰਕਾਰ ਦੇ ਸਿਹਤ ਮੰਤਰੀ ਪਟਿਆਲੇ ਤੋਂ ਹਨ। ਉਨ੍ਹਾਂ ਨੂੰ ਵੀ ਸਿਹਤ ਲਈ ਸਫ਼ਾਈ ਦੀ ਕੋਈ ਮਹੱਤਤਾ ਨਜ਼ਰ ਨਹੀਂ ਆਈ। ਹਰ ਸ਼ਹਿਰ ਵਿਚ ਤਰੱਕੀ ਤਾਂ ਬਹੁਤ ਹੈ ਪਰ ਸਫ਼ਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਸਾਡੇ ਦੇਸ਼ ਵਿਚ 28 ਰਾਜ ਹਨ। 8 ਕੇਂਦਰ ਸ਼ਾਸਿਤ ਪ੍ਰਦੇਸ਼ ਹਨ। ਵੈਸੇ ਤਾਂ ਹਰ ਸ਼ਹਿਰ ਦਾ ਸਾਫ਼ ਹੋਣਾ ਬਹੁਤ ਜ਼ਰੂਰੀ ਹੈ ਅਤੇ ਸਫ਼ਾਈ ਕਰਨਾ ਬਹੁਤ ਆਸਾਨ ਵੀ ਹੈ ਪਰ ਸ਼ਾਸਨ-ਪ੍ਰਸ਼ਾਸਨ ਦੀ ਨਾਅਹਿਲੀਅਤ ਕਾਰਨ ਕੋਈ ਵੀ ਸਰਕਾਰੀ ਕੰਮ ਚੱਜ ਨਾਲ ਨਹੀਂ ਹੁੰਦਾ। ਸਫ਼ਾਈ ਰੱਖਣ ਲਈ ਸਾਰੇ ਸ਼ਹਿਰਾਂ ਵਿਚ ਸਭ ਤੋਂ ਸੌਖਾ ਅਤੇ ਮਹੱਤਵਪੂਰਨ ਕਦਮ ਹੈ ‘ਵਨ ਟਾਈਮ ਯੂਜ਼ ਪੋਲੀਥੀਨ’ ਪੂਰੀ ਤਰ੍ਹਾਂ ਬੈਨ ਕਰਨਾ ਆਦਿ ਪਰ ਨਾ ਹੀ ਸਰਕਾਰੀ ਨੁਮਾਇੰਦੇ ਇਸ ਗੱਲ ਵੱਲ ਕੋਈ ਤਵੱਜੋ ਦਿੰਦੇ ਹਨ ਅਤੇ ਨਾ ਹੀ ਸਾਡੇ ਸਿਆਸਤਦਾਨ ਅਤੇ ਨਾ ਹੀ ਜਨਤਾ। ਚਲੋ ਸਾਰੇ ਸ਼ਹਿਰਾਂ ਦੀ ਗੱਲ ਛੱਡ ਹੀ ਦੇਈਏ ਪਰ ਜੇ ਹਰ ਸੂਬੇ ਦਾ ਮੁੱਖ ਮੰਤਰੀ ਆਪਣੇ ਸੂਬੇ ਦੀ ਰਾਜਧਾਨੀ ਨੂੰ ਹੀ ਸਫ਼ਾਈ ਵਿਚ ਵਰਲਡ ਕਲਾਸ ਬਣਾ ਦੇਵੇ ਤਾਂ 28 ਸ਼ਹਿਰ ਤਾਂ ਸਾਫ਼ ਹੋ ਹੀ ਜਾਣਗੇ। ਅੱਠ ਕੇਂਦਰ ਸ਼ਾਸਿਤ ਪ੍ਰਦੇਸ਼ ਕੇਂਦਰ ਸਰਕਾਰ ਸਾਫ਼ ਬਣਾਉਣ ਦਾ ਬੀੜਾ ਚੁੱਕ ਲਵੇ ਤਾਂ 8 ਹੋਰ ਸ਼ਹਿਰ ਸਾਫ਼ ਹੋ ਜਾਣਗੇ। ਕਿਸੇ ਵੀ ਗਲੀ-ਕੂਚੇ ’ਚ ਚਲੇ ਜਾਓ, ਸਾਈਡਾਂ ’ਤੇ ਤੁਹਾਨੂੰ ਪੋਲੀਥੀਨ ਬੈਗਜ਼ ਦੇ ਢੇਰਾਂ ਦੇ ਢੇਰ ਨਜ਼ਰ ਆਉਂਦੇ ਨੇ ਜਦਕਿ ਵਿਦੇਸ਼ਾਂ ਵਿਚ ਹਰਿਆਲੀ ਨਾਲ ਹਰੇ-ਭਰੇ ਗਲੀਚੇ ਵਿਛੇ ਨਜ਼ਰ ਆਉਂਦੇ ਨੇ। ਜੇ ਸਾਰੇ ਐੱਮਪੀ ਆਪੋ-ਆਪਣੇ ਹਲਕੇ ਨੂੰ ਸਾਫ਼ ਕਰਵਾ ਦੇਣ ਤਾਂ ਸੋਚੋਂ ਕਿੰਨੇ ਹੋਰ ਸ਼ਹਿਰ ਸਾਫ਼-ਸੁਥਰੇ ਸ਼ਹਿਰਾਂ ਵਿਚ ਸ਼ਾਮਲ ਹੋ ਸਕਦੇ ਹਨ। ਅੱਧੇ ਤੋਂ ਜ਼ਿਆਦਾ ਸ਼ਹਿਰ ਸਾਫ਼ ਹੋ ਸਕਦੇ ਹਨ। ਹਰ ਸਟੇਟ ਵਿਚ ਕੁਝ ਖ਼ਾਸ ਸ਼ਹਿਰ ਜੋ ਸੈਰ-ਸਪਾਟੇ ਲਈ ਜਾਣੇ ਜਾਂਦੇ ਹਨ, ਉਨ੍ਹਾਂ ਨੂੰ ਹੀ ਸਾਫ਼-ਸੁਥਰਾ ਰੱਖਿਆ ਜਾਵੇ ਤਾਂ ਜੋ ਦੁਨੀਆ ਭਰ ਤੋਂ ਆਉਂਦੇ ਸੈਲਾਨੀ ਸਾਡੇ ਦੇਸ਼ ਦੀ ਸ਼ਲਾਘਾ ਕਰ ਸਕਣ। ਹੁਣ ਮੈਂ ਆਪਣੇ ਸ਼ਹਿਰ ਚੰਡੀਗੜ੍ਹ ਦੀ ਗੱਲ ਕਰਾਂ ਜੋ ਸਭ ਤੋਂ ਸੋਹਣਾ ਹੈ ਪਰ ਜੇ ਇਸ ਦੀਆਂ ਮਾਰਕੀਟਾਂ ਦੀਆਂ ਪਿਛਲੀ ਗਲੀਆਂ ਨੂੰ ਦੇਖਿਆ ਜਾਵੇ ਜਾਂ ਆਸੇ-ਪਾਸੇ ਪਿੰਡ ਜੋ ਚੰਡੀਗੜ੍ਹ ਦਾ ਹੀ ਹਿੱਸਾ ਹਨ, ਤਾਂ ਉੱਥੇ ਗੰਦਗੀ ਦੇ ਢੇਰ, ਗੰਦੀਆਂ ਗਲੀਆਂ, ਟੁੱਟੀਆਂ-ਫੁੱਟੀਆਂ ਸੜਕਾਂ ਦੇਖਣ ਨੂੰ ਮਿਲ ਜਾਂਦੀਆਂ ਹਨ। ਇਹ ਆਸੇ-ਪਾਸੇ ਦੇ ਪਿੰਡ ਜੋ ਚੰਡੀਗੜ੍ਹ ਦਾ ਹਿੱਸਾ ਹਨ, ਉਨ੍ਹਾਂ ਦੀ ਉਸਾਰੀ ਚੰਡੀਗੜ੍ਹ ਦੀ ਯੋਜਨਾ ਮੁਤਾਬਕ ਨਹੀਂ ਕੀਤੀ ਹੋਈ ਹੈ। ਹਾਲੇ ਤੱਕ ਤਾਂ ਕਈਆਂ ਪਿੰਡਾਂ ਵਿਚ ਸੀਵਰੇਜ ਤੱਕ ਨਹੀਂ ਪਾਇਆ ਗਿਆ ਹੈ। ਆਪਣੇ ਦੇਸ਼ ਨੂੰ ਸੁੰਦਰ ਬਣਾਉਣ ਲਈ ਕੁਦਰਤ ਦੀਆਂ ਨੇਮਤਾਂ ਨੂੰ ਸੰਭਾਲਿਆ ਜਾਵੇ ਤੇ ਸਾਫ਼-ਸੁਥਰਾ ਰੱਖਿਆ ਜਾਵੇ। ਇਹ ਕੰਮ ਸਭ ਤੋਂ ਸੌਖਾ ਹੈ ਕਿ ਜੇ ਸਰਕਾਰਾਂ ਇਸ ਲਈ ਜੀਅ-ਜਾਨ ਲਗਾ ਕੇ ਕੰਮ ਕਰਨ ਤੇ ਇਸ ਲਈ ਸਖ਼ਤ ਕਾਨੂੰਨ ਬਣਾ ਕੇ ਜਨਤਾ ’ਤੇ ਵੀ ਲਾਗੂ ਕੀਤੇ ਜਾਣ। ਤਾਂ ਹੀ ਇਹ ਕੰਮ ਬਹੁਤ ਜਲਦੀ ਤੇ ਆਸਾਨੀ ਨਾਲ ਹੋ ਸਕਦਾ ਹੈ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

# ਸੰਧੂ ਪਰਿਵਾਰ ਨੂੰ ਭਾਰੀ ਸਦਮਾ

# ਸਤਿਕਾਰਯੋਗ ਮਾਤਾ ਸੁਰਜੀਤ ਕੌਰ ਸੰਧੂ ਨਹੀਂ ਰਹੇ



ਸਵ. ਸੁਰਜੀਤ ਕੌਰ ਸੰਧੂ

ਸਟਾਕਟਨ : ਸੰਧੂ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਸਤਿਕਾਰਯੋਗ ਮਾਤਾ ਸੁਰਜੀਤ ਕੌਰ ਸੰਧੂ 20 ਫਰਵਰੀ 2026 ਅਚਾਨਕ ਸਦੀਵੀ ਵਿਛੋੜਾ ਦੇ ਗਏ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਨਾਲ ਬਲਾਉਣ ਵਾਲੇ ਅਤੇ ਹਰ ਲੋੜਵੰਦ ਦੀ ਹਮੇਸ਼ਾ ਮਦਦ ਕਰਨ ਵਾਲੇ ਮਾਤਾ ਸੁਰਜੀਤ ਕੌਰ ਸੰਧੂ ਇੱਕ ਸੱਚੇ ਸੁੱਚੇ ਨੇਕ ਠੰਡੇ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ। ਭਾਵੇਂ ਅੱਜ ਮਾਤਾ ਸੁਰਜੀਤ ਕੌਰ ਸੰਧੂ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਨਿੱਘੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੀ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੀ।

## ਅੰਤਿਮ ਸੰਸਕਾਰ

**1 ਮਾਰਚ, 2026, ਦਿਨ ਐਤਵਾਰ**
**ਦੁਪਹਿਰ 2.00 ਵਜੇ ਤੋਂ ਸ਼ਾਮ 4.00 ਵਜੇ ਤੱਕ**
PARK VIEW CHMETERY & FUNERAL HOME
3661 FRENCH CAMP RD, MANTECA, CA

## ਭੋਗ ਅਤੇ ਅੰਤਿਮ ਅਰਦਾਸ

**ਗੁਰਦੁਆਰਾ ਸਾਹਿਬ ਸਟਾਕਟਨ**
1930 SIKH TEMPLE ST, STOCKTON, CA

## ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ

ਡਾ. ਭੁਪਿੰਦਰ ਸਿੰਘ
209-505-1988

ਸ੍ਰ. ਜਤਿੰਦਰ ਸਿੰਘ
209-993-6358

ਸ੍ਰ. ਬਲਦੇਵ ਸਿੰਘ
ਬੀਬੀ ਦਵਿੰਦਰ ਕੌਰ
661-717-2695

ਬੀਬੀ ਸੁਖਵਿੰਦਰ ਕੌਰ
209-933-1066

# ਚਿੱਠੀ ਲੈ ਜਾ ਵੇ ਕਾਸਦਾ ਮੇਰੀ



ਜਗਤਾਰ ਸਿੰਘ ਮਾਨਸਾ

ਚਿੱਠੀ, ਖ਼ਤ, ਪੱਤਰ ਦਾ ਇਹ ਤਾਂ ਨਹੀਂ ਪਤਾ ਕਿ ਇਸ ਦਾ ਮਨੁੱਖ ਨਾਲ ਕਦੋਂ ਦਾ ਸਬੰਧ ਹੈ? ਪਰ ਇਹ ਹੈ ਬਹੁਤ ਪੁਰਾਣਾ। ਚਿੱਠੀ ਦਾ ਸ਼ਬਦੀ ਅਰਥ ਸੰਦੇਸ਼ ਭੇਜਣਾ ਜਾਂ ਪ੍ਰਾਪਤ ਕਰਨਾ ਅਤੇ ਸੰਦੇਸ਼ ਰਾਹੀਂ ਹੀ ਆਪਸੀ ਗੱਲਬਾਤ ਕਰਨ ਤੋਂ ਹੈ। ਇਤਿਹਾਸ ਵਿੱਚ ਵੀ ਬਹੁਤ ਸਾਰੇ ਇਸ ਤਰ੍ਹਾਂ ਦੇ ਲਿਖੇ ਸੰਦੇਸ਼ ਪੱਤਰ ਮਿਲਦੇ ਹਨ। ਜਦੋਂ ਤੋਂ ਲਿੱਪੀ ਹੋਂਦ ਵਿੱਚ ਆ ਗਈ, ਸੰਦੇਸ਼ ਭੇਜਣੇ ਸ਼ੁਰੂ ਹੋ ਗਏ ਸਨ। ਚਿੱਠੀਆਂ ਪਹਿਲਾਂ ਕਬੂਤਰਾਂ ਜਾਂ ਕਾਸਦਾਂ ਦੁਆਰਾ ਭੇਜੀਆਂ ਜਾਂਦੀਆਂ ਸਨ। ਇਸ ਤੋਂ ਹੀ ਮੌਜੂਦਾ ਡਾਕਖਾਨਾ ਪੈਦਾ ਹੋਇਆ। ਡਾਕੀਏ ਨੂੰ ਪ੍ਰਾਹੁਣੇ ਵਾਂਗ ਉਡੀਕਿਆ ਜਾਂਦਾ ਸੀ। ਉਸ ਦੀ ਟਹਿਲ ਸੇਵਾ ਵੀ ਹੁੰਦੀ ਸੀ। ਉਸ ਨੂੰ ਚੰਗੀ ਖ਼ਬਰ ਲਈ ਸ਼ਗਨ ਵੀ ਦਿੱਤੇ ਜਾਂਦੇ ਸਨ। ਇਹ ਕੰਮ ਵੱਡੀ ਪੱਧਰ ’ਤੇ ਸਮਾਜ ਦਾ ਹਿੱਸਾ ਬਣਿਆ। ਵੀਹ ਕੁ ਸਾਲ ਪਹਿਲਾਂ ਇਨ੍ਹਾਂ ਦਾ ਪ੍ਰਚਲਣ ਆਮ ਸੀ। ਟੈਲੀਫੋਨ ਦਾ ਯੁੱਗ ਸ਼ੁਰੂ ਹੋਇਆ ਤਾਂ ਚਿੱਠੀ ਹਾਸ਼ੀਏ ’ਤੇ ਜਾਣ ਲੱਗੀ ਤਾਂ ਸੱਜਣਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਨੇ ਚਿੱਠੀਆਂ ਲਿਖਣੀਆਂ ਛੱਡ ਦਿੱਤੀਆਂ। ਗੀਤ ਆਉਣ ਲੱਗੇ;

**ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ**
**ਜਦੋਂ ਦਾ ਟੈਲੀਫੋਨ ਲੱਗਿਆ।**

ਚਿੱਠੀ ਮਿੱਤਰ, ਰਿਸ਼ਤੇਦਾਰ ਨੂੰ ਲਿਖੀ ਹੋਈ, ਦਫ਼ਤਰੀ ਚਿੱਠੀ, ਪ੍ਰੇਮ ਪੱਤਰ, ਸਿਫਾਰਸ਼ੀ ਚਿੱਠੀ, ਬੇਰੰਗ ਚਿੱਠੀ, ਦੁੱਖ ਦੀ ਚਿੱਠੀ, ਨੌਕਰੀ ਦੀ ਚਿੱਠੀ, ਵਿਆਹ ਦੀ ਸਾਹਿ ਚਿੱਠੀ, ਬੈਂਕ ਦੀ ਚਿੱਠੀ ਦੇ ਰੂਪ ਵਿੱਚ ਮਿਲਦੀਆਂ ਹਨ। ਇਤਿਹਾਸ ਵਿੱਚ ਕਈ ਪ੍ਰਸਿੱਧ ਚਿੱਠੀਆਂ ਦਾ ਜ਼ਿਕਰ ਮਿਲਦਾ ਹੈ। ਨਹਿਰੂ ਦੀਆਂ ਧੀ ਨੂੰ ਲਿਖੀਆਂ ਚਿੱਠੀਆਂ ਅਤੇ ਹੋਰ ਇਤਿਹਾਸਕ ਪ੍ਰਸਿੱਧੀ ਪ੍ਰਾਪਤ ਬੰਦਿਆਂ ਦੀਆਂ ਲਿਖੀਆਂ ਚਿੱਠੀਆਂ ਦਾ ਜ਼ਿਕਰ ਆਮ ਹੀ ਮਿਲਦਾ ਹੈ। ਆਇਨਸਟਾਈਨ ਦੇ ਅਧਿਆਪਕ ਦੁਆਰਾ ਆਇਨਸਟਾਈਨ ਦੀ ਨਾਲਾਇਕੀ ਬਾਰੇ ਉਸ ਦੀ ਮਾਤਾ ਨੂੰ ਲਿਖੀ ਚਿੱਠੀ, ਜਿਸ ਨੂੰ ਉਸ ਦੀ ਮਾਂ ਨੇ ਲੁਕੋ ਲਿਆ ਸੀ, ਪਰ ਉਹ ਇੱਕ ਵੱਡਾ ਵਿਗਿਆਨੀ ਬਣਿਆ। ਉਹ ਚਿੱਠੀ ਬਾਅਦ ਵਿੱਚ ਆਇਨਸਟਾਈਨ ਨੇ ਪੜ੍ਹੀ, ਜਿਸ ਵਿੱਚ ਉਸ ਨੂੰ ਨਾਲਾਇਕ ਲਿਖਿਆ ਗਿਆ ਸੀ, ਪਰ ਉਸ ਦੀ ਮਾਂ ਦੀ ਮਿਹਨਤ ਨੇ ਉਹ ਪੱਤਰ ਗ਼ਲਤ ਸਾਬਤ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਭੇਜਿਆ ਜ਼ਫ਼ਰਨਾਮਾ, ਉਸ ਦੇ ਜ਼ੁਲਮ ਦੇ ਖਿਲਾਫ਼ ਫ਼ਤਿਹ ਦੀ ਚਿੱਠੀ ਦੇ ਤੌਰ ’ਤੇ ਮੰਨਿਆ ਜਾਂਦਾ ਹੈ। ਇਹ ਸਿੱਖ ਇਤਿਹਾਸ ਵਿੱਚ ਵੱਡਾ ਤੇ ਉੱਚਾ ਪੱਤਰ ਮੰਨਿਆ ਜਾਂਦਾ ਹੈ। ਮਹਾਰਾਣੀ ਜਿੰਦਾਂ, ਖਾਲਸਾ ਰਾਜ ਦੀ ਚਿੰਤਾਜਨਕ ਸਥਿਤੀ ਉੱਤੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਚਿੱਠੀ ਲਿਖਦੀ ਹੈ।

ਕਾਲੇ ਪਾਣੀ ਵਿੱਚੋਂ ਕਿਸ਼ਨੇ ਦੀ ਲਿਖੀ ਚਿੱਠੀ ਜਿਉਣੇ ਮੌੜ ਨੂੰ ਬਦਲਾ ਲੈਣ ਲਈ ਪ੍ਰੇਰਿਤ ਕਰਦੀ ਹੈ। ਇਹ ਡੋਗਰ ਦੀ ਮੌਤ ਦਾ ਕਾਰਨ ਬਣਦੀ ਹੈ:

**ਕਾਲੇ ਪਾਣੀਓਂ ਮੌੜ ਨੂੰ ਖ਼ਤ ਕਿਸ਼ਨੇ ਪਾਇਆ**
**ਬਦਲਾ ਲੈ ਲਈਂ ਜਿਉਂਣਿਆ ਜੇ ਮਾਂ ਦਾ ਜਾਇਆ।**

ਅੱਜਕੱਲ੍ਹ ਰਾਜਨੀਤੀ ਵਿੱਚ ਸਿਫਾਰਸ਼ੀ ਚਿੱਠੀਆਂ ਦੀ ਚਰਚਾ ਬਹੁਤ ਰਹਿੰਦੀ ਹੈ ਕਿ ਕਿਸੇ ਅਹੁਦੇ ਲਈ ਚਿੱਠੀ ਵਿੱਚੋਂ ਕਿਸ ਦਾ ਨਾਮ ਨਿਕਲਦਾ ਹੈ। ਪਹਿਲਾਂ ਘਰਾਂ ਵਿੱਚ ਭੈਣ-ਭਾਈ ਦੀ ਖੈਰ ਸੁੱਖ ਵਜੋਂ ਫ਼ੌਜੀ ਦੀ ਚਿੱਠੀ ਬਹੁਤ ਉਡੀਕੀ ਜਾਂਦੀ ਸੀ। ਜੇਕਰ ਆ ਜਾਂਦੀ ਤਾਂ ਜ਼ਿਆਦਾਤਰ ਲੋਕ ਅਨਪੜ੍ਹ ਹੋਣ ਕਾਰਨ ਆਂਢ ਗੁਆਂਢ ਵਿੱਚੋਂ ਕੋਈ ਨਾ ਕੋਈ ਪੰਜ ਚਾਰ ਜਮਾਤਾਂ ਪੜ੍ਹਿਆ ਬੰਦਾ ਲੱਭਿਆ ਜਾਂਦਾ ਸੀ। ਪੜ੍ਹਕੇ ਚਿੱਠੀ ਕਿਸੇ ਤਾਰ ਵਿੱਚ ਪਾ ਕੇ ਟੰਗ ਦਿੱਤੀ ਜਾਂਦੀ। ਵਰ੍ ?ਆਂ ਤੱਕ ਇਹ ਇੰਝ ਹੀ ਸੰਭਾਲੀਆਂ ਹੋਈਆਂ ਪਈਆਂ ਰਹਿੰਦੀਆਂ ਸਨ। ਵਾਪਸੀ ਚਿੱਠੀ ਵੀ ਭੇਜੀ ਜਾਂਦੀ ਸੀ।

ਚਿੱਠੀ ਲਿਖਣੀ ਵੀ ਕਲਾ ਹੈ, ਕਈਆਂ ਨੂੰ ਬੜੀਆਂ ਸੋਹਣੀਆਂ ਚਿੱਠੀਆਂ ਲਿਖਣੀਆਂ ਆਉਂਦੀਆਂ ਹੁੰਦੀਆਂ ਹਨ। ਸੋਹਣੇ ਸ਼ਬਦਾਂ ਦੀ ਚੋਣ ਵੀ ਇੱਕ ਕਲਾ ਹੈ। ਵਧੀਆ ਢੰਗ ਨਾਲ ਲਿਖੀ ਚਿੱਠੀ ਵੱਡੇ ਵੱਡੇ ਕੰਮ ਕਰਵਾ ਦਿੰਦੀ ਹੈ। ਲਿਖਤੁਮ ਮਤਲਬ ਪਹਿਲਾਂ ਲਿਖਣ ਵਾਲੇ ਦਾ ਨਾਮ ਲਿਖਿਆ ਜਾਂਦਾ, ਫਿਰ ਖੈਰ ਸੁੱਖ, ਫਿਰ ਘਰਾਂ ਦੇ ਫ਼ ?ਕਰ ਫਾਕੇ। ਇਸ ਲਈ ਚਿੱਠੀ ਲਿਖਣ ਵਾਲਾ ਪਹਿਲਾਂ ਕੋਈ ਵਿਸ਼ਵਾਸਯੋਗ ਵਿਅਕਤੀ ਲੱਭਣਾ ਜਾਂ ਫਿਰ ਇਹ ਕੰਮ? ਡਾਕੀਏ ਤੋਂ ਕਰਵਾਇਆ ਜਾਂਦਾ ਸੀ;

**ਚਿੱਠੀ ਲਿਖਦੇ ਪਾੜ੍ਹਿਆ ਮੇਰੀ**
**ਪਤਾਸੇ ਪੰਜ ਤੂੰ ਲੈ ਲਈਂ।**

ਆਸ਼ਕ ਦੀ ਮਸ਼ੂਕ ਨੂੰ ਪਹਿਲੀ ਚਿੱਠੀ ਸਭ ਤੋਂ ਔਖੀ ਲਿਖੀ ਜਾਂਦੀ ਸੀ। ਉਸ ਨੂੰ ਪਤਾ ਨਹੀਂ ਕਿੰਨੇ ਕਾਗਜ਼ ਖ਼ਰਾਬ ਕਰਨੇ ਪੈਂਦੇ ਸਨ। ਇਹੀ ਸੁਆਲ ਵੱਡਾ ਹੁੰਦਾ ਸੀ ਕਿ ਕਿਵੇਂ ਤੇ ਕੀ ਲਿਖਾਂ? ਹੁਣ ਮੋਬਾਈਲ ਨੇ ਸਭ ਆਸਾਨ ਕਰ ਦਿੱਤਾ ਹੈ। ਨਾਲ ਹੀ ਲਿਖੇ ਲਿਖਾਏ ਫਾਰਮੈੱਟ ਵੀ ਮਿਲ ਜਾਂਦੇ ਹਨ। ਈਮੇਲ ਵੀ ਇਸੇ ਦਾ ਰੂਪ ਹੈ। ਬਹੁਤੀ ਵਾਰ ਚਿੱਠੀ ਕਿਸੇ ਖ਼ਾਸ ਵਿਅਕਤੀ ਲਈ ਭੇਜੀ ਹੋਵੇ ਤਾਂ ਬਾਹਰ ਲਿਖਿਆ ਹੁੰਦਾ ਹੈ ਕਿ ਇਸ ਨੂੰ ਉਹੀ ਵਿਅਕਤੀ ਖੋਲ੍ਹੇ, ਪਰ ਅਸੀਂ ਇਹ ਸਲੀਕੇ ਘੱਟ ਹੀ ਸਿੱਖੇ ਹਨ। ਲੋਕ ਚੋਰੀ ਚੋਰੀ ਦੂਜਿਆਂ ਦੇ ਦਸਤਾਵੇਜ਼ ਪੜ੍ਹਨ ਲਈ ਮੌਕੇ ਦੀ ਤਾਕ ਵਿੱਚ ਰਹਿੰਦੇ ਹਨ। ਪਹਿਲਾਂ ਕਈ ਵਾਰੀ ਸਾਦੇ ਕਾਗਜ਼ ’ਤੇ ਲਿਖ ਕੇ ਵੀ ਚਿੱਠੀ ਪਾ ਦਿੱਤੀ ਜਾਂਦੀ ਸੀ, ਇਸ ਨੂੰ ਬੇਰੰਗ ਚਿੱਠੀ ਕਿਹਾ ਜਾਂਦਾ ਸੀ;

**ਜਦ ਆਉਂਦੀਆਂ ਕਲੇਜੇ ਸੱਲ ਪਾਉਂਦੀਆਂ**
**ਤੇਰੀਆਂ ਬੇਰੰਗ ਚਿੱਠੀਆਂ।**

ਸਾਹਿ ਬੰਨ੍ਹੀ ਚਿੱਠੀ ਸਾਦੇ ਕਾਗਜ਼ ’ਤੇ ਮੌਲੀਆਂ ਬੰਨ੍ਹ ਕੇ ਹਲਦੀ ਲਾ ਕੇ ਭੇਜੀਆਂ ਜਾਂਦੀਆਂ ਹਨ। ਅਜਿਹੀ ਚਿੱਠੀ ਨੂੰ ਲੋਕ ਬੇਸਬਰੀ ਨਾਲ ਉਡੀਕਦੇ ਹਨ। ਅੱਜਕੱਲ੍ਹ ਬਾਜ਼ਾਰ ਵਿੱਚ ਸੋਹਣੀਆਂ ਸੋਹਣੀਆਂ ਰੇਡੀਮੇਡ ਚਿੱਠੀਆਂ ਮਿਲਦੀਆਂ ਹਨ। ਅਜਿਹੀਆਂ ਚਿੱਠੀਆਂ ਆਉਣ ’ਤੇ ਭੰਗੜੇ ਪੈਂਦੇ ਨੇ ਅਤੇ ਗੀਤ ਗਾਏ ਜਾਂਦੇ ਨੇ;

**ਸ਼ਗਨਾਂ ਵਾਲੀ ਵੀਰ ਦੀ**
**ਸਾਹਿ ਚਿੱਠੀ ਮੈਂ ਤੇਲ ਚੋ ਚੋ ਲੰਘਾਈ**
**ਮੈਂ ਵਾਰੀ।**

***

**ਸਹੁਰੇ ਰਾਜੇ ਸਾਹਿ ਬੰਨ੍ਹਿਆ**
**ਵੀਰੇ ਬਾਬਲ ਸ਼ਗਨ ਮਨਾਏ**
**ਮੈਂ ਵਾਰੀ।**

***

**ਮੰਨ ਵਧਾਈਆਂ ਮਾਂ ਰਾਣੀਏ**
**ਤੇਰੇ ਘਰ ਸ਼ਗਨ ਆਏ**
**ਮੈਂ ਵਾਰੀ।**

ਇਸ ਤਰ੍ਹਾਂ ਹੀ ਪਾਟੀ ਹੋਈ ਚਿੱਠੀ ਕਿਸੇ ਦੇ ਮਰਨ ਦਾ ਸੁਨੇਹਾ ਮੰਨੀ ਜਾਂਦੀ ਸੀ। ਬਹੁਤੀ ਵਾਰ ਵੈਸੇ ਹੀ ਚਿੱਠੀ ਪਾਟ ਜਾਂਦੀ ਤਾਂ ਰੋਣੇ ਧੋਣੇ ਸ਼ੁਰੂ ਹੋ ਜਾਂਦੇ ਸਨ। ਕਹਿੰਦੇ ਨੇ ਇੱਕ ਵਾਰ ਕਿਸੇ ਮਹਾਜਨ ਪਰਿਵਾਰ ਦੇ ਘਰ ਲੰਡੇ ਇਬਾਰਤ ਵਿੱਚ ਲਿਖੀ ਹੋਈ ਚਿੱਠੀ ਆਈ ਕਿ ਲਾਲਾ ਜੀ ਅਜਮੇਰ ਗਏ। ਅੱਗੇ ਵਾਲਿਆਂ ਨੇ ਲਗਾਂ-ਮਾਤਰਾਂ ਗ਼ਲਤ ਸਮਝ ਲਈਆਂ। ਉਨ੍ਹਾਂ ਲਿਖਿਆ ਹੋਇਆ ਪੜ੍ਹਿਆ ਕਿ ਲਾਲਾ ਜੀ ਅੱਜ ਮਰ ਗਏ। ਰੋਣੇ ਧੋਣੇ ਸ਼ੁਰੂ ਹੋ ਗਏ। ਮੇਰੇ ਮਾਮਾ ਜੀ ਨੇ ਫ਼ੌਜ ਵਿੱਚੋਂ ਚਿੱਠੀ ਲਿਖੀ ਕਿ ਮੇਰਾ ਟੌਵਲ (towel) ਭੇਜ ਦਿਓ, ਪੜ੍ਹਨ ਵਾਲੇ ਨੂੰ ਅੰਗਰੇਜ਼ੀ ਨਾ ਆਵੇ। ਉਹ ਟੁੱਟੀ ਫੁੱਟੀ ਅੰਗਰੇਜ਼ੀ ਪੜ੍ਹ ਕਹਿੰਦਾ ਤਬਲਾ ਮੰਗਵਾਇਆ ਹੈ। ਮੇਰੀ ਨਾਨੀ ਮਿੱਟੀ ਦਾ ਵਧੀਆ ਤਬਲਾ ਚੁੱਕੀ ਫਿਰੇ।

ਪੰਜਾਬੀ ਸਾਹਿਤ ਵਿੱਚ ਵੀਹ ਕੁ ਸਾਲ ਪਹਿਲਾਂ ਤੱਕ ਚਿੱਠੀ ਸ਼ਬਦ ’ਤੇ ਆਮ ਗੀਤ, ਟੱਪੇ, ਬੋਲੀਆਂ ਤੇ ਬਾਤਾਂ ਲਿਖੀਆਂ ਜਾਂਦੀਆਂ ਸਨ, ਪਰ ਟੈਲੀਫੋਨ, ਮੋਬਾਈਲ ਦੇ ਰੁਝਾਨ ਨੇ ਇਹ ਖ਼ਤਮ ਕਰ ਦਿੱਤੇ ਹਨ। ਹੁਣ ਇਸ ਤਰ੍ਹਾਂ ਦੀਆਂ ਰਚਨਾਵਾਂ ਨਹੀਂ ਸੁਣਨ ਨੂੰ ਮਿਲਦੀਆਂ;

**ਚਿੱਠੀ ਲਿਖਤੀ ਮੈਂ ਸਾਰੀ**
**ਮੇਰੀ ਮੱਤ ਗਈ ਮਾਰੀ**
**ਪੂਰੀ ਕਰਕੇ ਤਿਆਰੀ**
**ਜਦ ਲਿਖਣ ਲੱਗੀ ਮੈਂ ਤੇਰਾ ਨਾਂ**
**ਚੰਨਾ ਮੈਂ ਤੇਰਾਂ ਨਾ ਭੁੱਲਗੀ।**

***

**ਚਿੱਠੀਏ ਨੀਂ ਚਿੱਠੀਏ**
**ਹੰਝੂਆਂ ਨਾਲ ਲਿਖੀਏ।**

***

**ਮੈਂ ਚਿੱਠੀ ਲਿਖਾਂ ਤੈਨੂੰ**
**ਹੱਥਾਂ ਗੋਰਿਆਂ ਦੇ ਨਾਲ ਵੇ**
**ਹੋਰ ਸਾਰੇ ਸੁੱਖ ਚੰਨਾ**
**ਸਾਡਾ ਬੁਰਾ ਹਾਲ ਵੇ।**

***

**ਐਡਾ ਖ਼ਤ ਲਿਖਕੇ ਪਾ ਸੱਜਣਾ**
**ਮੇਰੀ ਉਮਰ ਬੀਤ ਜਾਏ ਪੜ੍ਹਦੀ ਦੀ।**

***

**ਚਿੱਠੀਆਂ ਸਾਹਿਬਾਂ ਜੱਟੀ ਨੇ**
**ਲਿਖ ਮਿਰਜ਼ੇ ਨੂੰ ਪਾਈਆਂ।**

***

**ਕਾਵਾਂ ਵੇ ਸੁਣ ਕਾਵਾਂ**
**ਜਾਂਦਾ ਹੋਇਆ ਦੱਸ ਨਾ ਗਿਆ**
**ਲਿਖ ਚਿੱਠੀਆਂ ਕਿੱਧਰ ਨੂੰ ਪਾਵਾਂ।**

***

**ਚਿੱਠੀ ਪਾ ਵੇ ਅੰਮਾਂ ਦਿਆ ਜਾਇਆ**
**ਭੈਣ ਪ੍ਰਦੇਸਣ ਨੂੰ।**

ਚਿੱਠੀ ਦੁੱਖ-ਸੁੱਖ ਤੇ ਪੰਜਾਬੀ ਸੱਭਿਆਚਾਰ, ਪੰਜਾਬੀ ਜੀਵਨ ਤੇ ਪੰਜਾਬੀ ਸਾਹਿਤ ਦਾ ਬਹੁਤ ਪਿਆਰਾ ਤੇ ਨਾ ਭੁੱਲਣਯੋਗ ਹਿੱਸਾ ਰਿਹਾ ਹੈ। ਤਕਨੀਕ ਨੇ ਬਹੁਤ ਕੁਝ ਬਦਲ ਦਿੱਤਾ। ਉੱਥੇ ਹੀ ਇਹ ਚਿੱਠੀ ਨੂੰ ਨਿਗਲ ਗਈ। ਹੁਣ ਚਿੱਠੀ ਸਿਰਫ਼ ਸਕੂਲਾਂ ਦੀਆਂ ਕਿਤਾਬਾਂ ਵਿੱਚ ਬੱਚਿਆਂ ਦੇ ਲਿਖਣ ਦੀ ਸ਼ੈਅ ਬਣ ਕੇ ਰਹਿ ਗਈ ਹੈ, ਜਿਸ ਪ੍ਰਤੀ ਨਾ ਅਧਿਆਪਕ ਅਤੇ ਨਾ ਹੀ ਬੱਚੇ ਸੁਹਿਰਦ ਹਨ। ਹਾਂ ਅੱਜਕਲ੍ਹ ਕਦੇ ਕਦੇ ਬੈਂਕ ਤੋਂ ਜਾਂ ਸਰਕਾਰੀ ਚਿੱਠੀਆਂ ਆ ਜਾਂਦੀਆਂ ਹਨ। ਉਨ੍ਹਾਂ ਦਾ ਬੱਚਿਆਂ ਨਾਲ ਕੋਈ ਸਬੰਧ ਨਹੀਂ ਹੁੰਦਾ। ਨਵੇਂ ਬੱਚੇ ਇਸ ਤੋਂ ਦੂਰ ਹਨ। ਉਹ ਇਸ ਦਾ ਇਤਿਹਾਸ ਜਾਂ ਮਹੱਤਵ ਨਹੀਂ ਜਾਣਦੇ। ਸਕੂਲਾਂ ਵਿੱਚ ਇਹ ਕਲਾ ਜ਼ਰੂਰ ਸਿਖਾਉਣੀ ਚਾਹੀਦੀ ਹੈ ਤਾਂ ਕਿ ਇਸ ਦਾ ਵਜੂਦ ਕਾਇਮ ਰਹਿ ਸਕੇ।







# ਵਿਸਰੀਆਂ ਪੁਰਾਤਨ ਕਦਰਾਂ ਕੀਮਤਾਂ



ਸੂਚਨਾ ਤਕਨਾਲੋਜੀ ਤੇ ਅੱਜ ਦੇ ਡਿਜ਼ੀਟਲ ਜ਼ਮਾਨੇ ਵਿੱਚ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਨੂੰ ਮਨੋਂ ਲਗਭਗ ਵਿਸਾਰ ਹੀ ਚੁੱਕੇ ਹਾਂ। ਨਵੀਂ ਪੀੜ੍ਹੀ ਤਾਂ ਉਨ੍ਹਾਂ ਰੀਤੀ-ਰਿਵਾਜਾਂ ਦੇ ਨਾਮ ਹੀ ਨਹੀਂ ਜਾਣਦੀ। ਭਾਵੇਂ ਬਦਲਾਅ ਮਨੁੱਖ ਦਾ ਸੁਭਾਅ ਤੇ ਕੁਦਰਤ ਦਾ ਨਿਯਮ ਹੈ, ਪ੍ਰੰਤੂ ਜਿਉਂ-ਜਿਉਂ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ, ਤਿਉਂ-ਤਿਉਂ ਅਸੀਂ ਆਪਣਿਆਂ ਤੋਂ ਵੀ ਦੂਰ ਹੋ ਰਹੇ ਹਾਂ। ਪਹਿਲਾਂ ਜਦ ਕਿਸੇ ਦੇ ਘਰ ਨਿੱਕਾ ਨਿਆਣਾ ਜੰਮਦਾ ਸੀ ਤਾਂ ਕਿਸੇ ਚੰਗੇ ਤੇ ਠੰਢੇ ਸੁਭਾਅ ਵਾਲੇ ਇਨਸਾਨ ਤੋਂ ਗੁੜ੍ਹਤੀ ਦਿਵਾਈ ਜਾਂਦੀ ਸੀ ਕਿ ਇਹ ਵੀ ਵੱਡਾ ਹੋ ਕੇ ਚੰਗੇ ਗੁਣਾਂ ਵਾਲਾ ਇਨਸਾਨ ਬਣੇ। ਤੇਰਾਂ ਦਿਨਾਂ ਬਾਅਦ ਜਣੇਪੇ ਵਾਲੀ ਔਰਤ ਨੂੰ ਬਾਹਰ ਵਧਾਇਆ ਜਾਂਦਾ ਸੀ ਤੇ ਉਸ ਦਿਨ ਸਾਰੇ ਸ਼ਰੀਕੇ ਦੀ ਰੋਟੀ ਹੁੰਦੀ ਸੀ। ਆਂਢ-ਗੁਆਂਢ ਕੜਾਹ ਪ੍ਰਸ਼ਾਦ ਵੰਡਿਆ ਜਾਂਦਾ ਸੀ। ਪੰਜ ਸਾਲ ਤੱਕ ਤਾਂ ਜਵਾਕ ਆਪਣੀ ਮਾਂ ਦਾ ਦੁੱਧ ਹੀ ਚੁੰਘਦਾ ਰਹਿੰਦਾ ਸੀ ਤੇ ਘਰੇ ਹੀ ਦੜੰਗੇ ਮਾਰਦਾ ਸੀ। ਉਸ ਤੋਂ ਬਾਅਦ ਉਸ ਨੂੰ ਸਕੂਲ ਲਾਉਣ ਬਾਰੇ ਸੋਚਿਆ ਜਾਂਦਾ ਸੀ। ਅੱਜਕੱਲ੍ਹ ਦੀਆਂ ਔਰਤਾਂ ਆਧੁਨਿਕ ਜ਼ਮਾਨੇ ਦੀ ਹਨੇਰੀ ਵਿੱਚ ਬੱਚੇ ਨੂੰ ਮਸਾਂ ਹੀ ਛੇ ਮਹੀਨੇ ਦੁੱਧ ਚੁੰਘਾਉਂਦੀਆਂ ਹਨ। ਬਹੁਤੀਆਂ ਦੇ ਤਾਂ ਦੁੱਧ ਆਉਂਦਾ ਹੀ ਨਹੀਂ। ਵਿਚਾਰੇ ਜਵਾਕਾਂ ਨੂੰ ਕੈਮੀਕਲ ਵਾਲਾ ਦੁੱਧ ਸ਼ੀਸ਼ੀ ਰਾਹੀਂ ਪਿਆਉਣ ਕਾਰਨ ਉਨ੍ਹਾਂ ਦੀ ਸਿਹਤ ਪੱਖੋਂ ਨੀਂਹ ਪਹਿਲਾਂ ਹੀ ਕਮਜ਼ੋਰ ਰਹਿ ਜਾਂਦੀ ਹੈ, ਜਿਸ ਕਾਰਨ ਉਸ ਨੂੰ ਹਮੇਸ਼ਾਂ ਬਿਮਾਰੀਆਂ ਹੀ ਘੇਰੀ ਰੱਖਦੀਆਂ ਹਨ। ਖ਼ੈਰ! ਅੱਜਕੱਲ੍ਹ ਵਾਲੇ ਮਾਪੇ ਸਿਰਫ਼ ਢਾਈ ਸਾਲਾਂ ਦੇ ਜਵਾਕ ਨੂੰ ਕਰੈੱਚ ਵਿੱਚ ਛੱਡ ਆਉਂਦੇ ਹਨ ਤੇ ਤਿੰਨ ਤੋਂ ਚਾਰ ਸਾਲਾਂ ਦੇ ਦਰਮਿਆਨ ਵਾਲੇ ਜਵਾਕ ਨੂੰ ਪ੍ਰਾਈਵੇਟ ਸਕੂਲ ਵਿੱਚ ਪੜ੍ਹਨੇ ਪਾ ਦਿੱਤਾ ਜਾਂਦਾ ਹੈ। ਇਸ ਨਾਲ ਬੱਚੇ ਦਾ ਮਾਨਸਿਕ ਬੋਝ ਕਾਰਨ ਸਰੀਰਕ ਤੇ ਦਿਮਾਗ਼ੀ ਤੌਰ 'ਤੇ ਵਿਕਾਸ ਘੱਟ ਹੁੰਦਾ ਹੈ। ਉਸ ਦਾ ਅਸਲ ਕਾਰਨ ਮਾਂ ਨਾਲੋਂ ਬੱਚੇ ਦਾ ਛੋਟੀ ਉਮਰ ਵਿੱਚ ਦੂਰ ਰਹਿਣਾ ਹੀ ਹੈ, ਜਿਸ ਕਾਰਨ ਬੱਚੇ ਦਾ ਸੁਭਾਅ ਚਿੜਚਿੜਾ ਰਹਿੰਦਾ ਹੈ।

ਪੁਰਾਤਨ ਦੌਰ ਸਮੇਂ ਮੁੰਡੇ ਜਾਂ ਕੁੜੀ ਦੇ ਵਿਆਹ ਸਮੇਂ ਨਾਨਕਿਆਂ ਦਾ ਟੱਬਰ ਤਕਰੀਬਨ ਮਹੀਨਾ ਪਹਿਲਾਂ ਹੀ ਆ ਜਾਂਦਾ ਸੀ ਤੇ ਕੰਮਾਂ ਕਾਰਾਂ ਵਿੱਚ ਹੱਥ ਵਟਾਉਂਦਾ ਸੀ। ਉਦੋਂ ਅੱਜ ਦੀ ਤਰ੍ਹਾਂ ਭਾਜੀ ਮੁੱਲ ਨਹੀਂ ਖ਼ਰੀਦੀ ਜਾਂਦੀ ਸੀ। ਘਰੇ ਹੀ ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਕੜਾਹੀ ਚੜ੍ਹਾ ਕੇ ਪਕਾਈ ਜਾਂਦੀ ਸੀ। ਇਕੱਠੇ ਬਹਿ ਕੇ ਲੱਡੂ ਵੱਟਦੇ, ਸੁੱਖ ਸਾਂਦ ਪੁੱਛਦੇ, ਕਿਸੇ ਦੀ ਬਿਮਾਰੀ ਦਾ ਦੇਸੀ ਇਲਾਜ ਦੱਸੀ ਜਾਂਦੇ, ਕਈ ਆਪਸੀ ਜਵਾਕਾਂ ਦੇ ਰਿਸ਼ਤੇ ਵੀ ਤੈਅ ਕਰ ਲੈਂਦੇ ਸਨ। ਬਰਾਤ ਚਾਰ-ਚਾਰ ਦਿਨ ਰਹਿੰਦੀ ਸੀ। ਸਾਰੇ ਬਰਾਤੀ, ਘਰ ਵਾਲੇ ਤੇ ਪਿੰਡ ਵਾਲੇ ਆਪਸ ਵਿੱਚ ਰਿਸ਼ਤੇਦਾਰੀਆਂ ਕੱਢ ਕੇ ਗੂੜ੍ਹੀਆਂ ਸਾਂਝਾਂ ਪਾ ਲੈਂਦੇ ਤੇ ਤਾਕੀਦ ਕਰਦੇ ਕਿ ਭਾਈ ਜਦੋਂ ਕਦੇ ਉੱਧਰ ਨੂੰ ਆਏ ਤਾਂ ਸਾਡੇ ਘਰ ਜ਼ਰੂਰ ਰਾਤ ਰਹਿ ਕੇ ਜਾਇਓ।

ਆਵਾਜਾਈ ਦੇ ਸਾਧਨ ਬਹੁਤ ਘੱਟ ਹੋਣ ਦੇ ਬਾਵਜੂਦ ਲੋਕਾਂ ਦਾ ਦੂਰ ਤੱਕ ਦੀਆਂ ਰਿਸ਼ਤੇਦਾਰੀਆਂ ਵਿੱਚ ਵਰਤ-ਵਰਤਾਵਾ ਬਹੁਤ ਹੀ ਨੇੜੇ ਦਾ ਹੁੰਦਾ ਸੀ। ਅੱਜ ਦੇ ਮੋਬਾਈਲ ਯੁੱਗ ਵਿੱਚ ਤਾਂ ਬਹੁਤ ਹੀ ਨੇੜੇ ਦੇ ਰਿਸ਼ਤੇਦਾਰ ਭਾਵੇਂ ਇੱਕ ਹੀ ਸ਼ਹਿਰ ਵਿੱਚ ਰਹਿੰਦੇ ਹੋਣ, ਪਰ ਇੱਕ ਦੂਜੇ ਦੇ ਘਰ ਰਾਤ ਰਹਿਣ ਦੀ ਗੱਲ ਦੂਰ ਰਹੀ, ਕਿਸੇ ਨੂੰ ਬਿਨਾਂ ਕੰਮ ਤੋਂ ਫੋਨ ਵੀ ਨਹੀਂ ਕਰਦੇ। ਇਸ ਮੋਬਾਈਲ ਨੇ ਸਾਨੂੰ ਜਿੱਥੇ ਵਿਦੇਸ਼ਾਂ ਵਿੱਚ ਵੱਸਦੇ ਧੀਆਂ-ਪੁੱਤਾਂ ਨਾਲ ਵੀਡੀਓ ਕਾਲ ਕਰਨ ਦੀ ਸਹੂਲਤ ਨੇ ਸੁੱਖ ਦਿੱਤਾ ਹੈ, ਉੱਥੇ ਬਾਕੀ ਰਿਸ਼ਤਿਆਂ ਵਿੱਚ ਨੇੜੇ ਹੋਣ ਦੇ ਬਾਵਜੂਦ ਦੂਰੀਆਂ ਨੂੰ ਬਹੁਤ ਵਧਾਇਆ ਹੈ। ਭਾਵ ਉਹ ਕਿਹੜਾ ਫੋਨ ਕਰਦੇ ਹਨ, ਅਸੀਂ ਹਰ ਵਾਰੀ ਹੀ ਕਿਉਂ ਕਰੀਏ, ਸਾਨੂੰ ਕਿਹੜਾ ਚੱਟੀ ਪਈ ਏ, ਆਦਿ ਗੱਲਾਂ ਨਾਲ ਅਸੀਂ ਆਪਣਿਆਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਪਹਿਲਾਂ ਅਜਿਹਾ ਕਲਚਰ ਨਹੀਂ ਸੀ। ਸਾਰੇ ਇੱਕ ਦੂਜੇ ਨਾਲ ਦਿਲੋਂ ਵਰਤਦੇ ਸਨ। ਪਿੰਡੋਂ ਆਏ ਲਾਗੀ ਨੂੰ ਵੀ ਬਹੁਤ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਰਿਸ਼ਤੇਦਾਰ ਨੂੰ ਤਾਂ ਅਗਲੇ ਹੱਥੀਂ ਛਾਵਾਂ ਕਰਦੇ ਸਨ। ਉਦੋਂ ਜੇਕਰ ਕੋਈ ਕਿਸੇ ਦੀ ਬਰਾਤ ਜਾਂਦਾ। ਉਸ ਪਿੰਡ ਜੇਕਰ ਪਿੰਡ ਦੀ ਕੋਈ ਕੁੜੀ ਵਿਆਹੀ ਹੁੰਦੀ ਤਾਂ ਜੰਨ

ਇੰਜ. ਜਗਜੀਤ ਸਿੰਘ ਕੰਡਾ

ਗਏ ਉਸ ਨੂੰ ਪੱਤਲ ਦੇਣ ਜਾਂਦੇ ਸੀ। ਪੱਤਲ ਦੇ ਨਾਲ ਸ਼ਗਨ ਵੀ ਦਿੱਤਾ ਜਾਂਦਾ ਸੀ ਤੇ ਉਹ ਕੁੜੀ ਫੁੱਲੀ ਨਾ ਸਮਾਉਂਦੀ ਕਿ ਮੇਰੇ ਪੇਕਿਆਂ ਦੇ ਪਿੰਡੋਂ ਪੱਤਲ ਦੇਣ ਆਏ ਹਨ। ਅੱਜ ਵਾਲੇ ਤਾਂ ਬਰਾਤ ਗਏ ਸਕੀਆਂ ਭੈਣਾਂ ਨੂੰ ਨਹੀਂ ਪੁੱਛਦੇ, ਬਲਕਿ ਉਨ੍ਹਾਂ ਨੂੰ ਵੀ ਸ਼ਰੀਕ ਸਮਝਦੇ ਹਨ। ਅੱਜਕੱਲ੍ਹ ਦੇ ਮਹਿੰਗੇ ਮੈਰਿਜ ਪੈਲੇਸਾਂ ਵਾਲੇ ਵਿਆਹ ਵੀ ਬਸ ਚਾਰ ਕੁ ਘੰਟਿਆਂ ਦੇ ਹੀ ਰਹਿ ਗਏ ਹਨ। ਕਈ ਰਿਸ਼ਤੇਦਾਰ ਤਾਂ ਐਨ ਮੌਕੇ 'ਤੇ ਹੀ ਆਉਂਦੇ ਹਨ, ਸ਼ਗਨ ਦਿੱਤਾ ਤੇ ਰੋਟੀ ਖਾਧੀ, ਬਸ ਘਰ ਨੂੰ ਚਾਲੇ ਪਾ ਦਿੱਤੇ। ਹੁਣ ਕਾਹਦੇ ਵਿਆਹ ਤੇ ਕਿਹੜੇ ਮੰਗਣੇ ਰਹਿ ਗਏ। ਪਹਿਲਾਂ ਵਾਲੀ ਰੋਪਨਾ ਤਾਂ ਅੱਜਕੱਲ੍ਹ ਦੀ ਨਵੀਂ ਪੀੜ੍ਹੀ ਨੂੰ ਯਾਦ ਹੀ ਨਹੀਂ। ਬਸ ਹੁਣ ਤਾਂ ਵੈਡਿੰਗ ਤੇ ਪ੍ਰੀ-ਵੈਡਿੰਗ ਹੀ ਚੇਤੇ ਰਹਿੰਦਾ ਹੈ। ਉਦੋਂ ਤਾਂ ਕੁੜੀ ਨੂੰ ਸਿਰਫ਼ ਵਿਚੋਲਾ ਹੀ ਦੇਖ ਕੇ ਸ਼ਗਨ ਕਰ ਆਉਂਦਾ ਸੀ। ਮੁੰਡੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ ਕਿ ਵਿਆਹ ਤੋਂ ਪਹਿਲਾਂ ਕੁੜੀ ਦਾ ਮੂੰਹ ਦੇਖ ਲਵੇ। ਅੱਜਕੱਲ੍ਹ ਤਾਂ ਫਿਲਮੀ ਸਟਾਈਲ ਵਿੱਚ ਪ੍ਰੀ-ਵੈਡਿੰਗ ਹੁੰਦੀ ਹੈ, ਇਉਂ ਲੱਗਦਾ ਹੈ ਪਤਾ ਨਹੀਂ ਜੋੜੀ ਕਦੋਂ ਕੁ ਦੀ ਆਪਸ ਵਿੱਚ ਇੱਕ ਦੂਜੇ ਨੂੰ ਜਾਣਦੀ ਹੈ। ਮੌਜੂਦਾ ਦੌਰ ਵਿੱਚ ਬਹੁਤੇ ਲੋਕਾਂ ਕੋਲ ਕਿਸੇ ਦੇ ਦਾਹ ਸੰਸਕਾਰ 'ਤੇ ਜਾਣ ਦਾ ਸਮਾਂ ਨਹੀਂ ਰਹਿ ਗਿਆ। ਉੱਥੇ ਮੌਜੂਦ ਕਿਸੇ ਨੇੜਲੇ ਸੱਜਣ ਮਿੱਤਰ ਨੂੰ ਫੋਨ 'ਤੇ ਪੁੱਛਦੇ ਰਹਿੰਦੇ ਹਨ ਕਿ ਘਰੋਂ ਚੱਲ ਪਏ ਜਾਂ ਚੱਲਣ ਲੱਗੇ, ਮੈਨੂੰ ਮਿਸਡ ਕਾਲ ਮਾਰ ਦਈਂ, ਮੈਂ ਸਿੱਧਾ ਸ਼ਮਸ਼ਾਨਘਾਟ ਵਿੱਚ ਆ ਜਾਊਂ। ਉੱਥੇ ਪਹੁੰਚ ਕੇ ਵੀ ਮੋਬਾਈਲ ਹੱਥ ਵਿੱਚ ਰੱਖਦਾ ਹੈ ਕਿ ਕਿਸੇ ਦਾ ਫੋਨ ਸੁਣਨੋਂ ਨਾ ਰਹਿ ਜਾਵਾਂ। ਮ੍ਰਿਤਕ ਦੇ ਸਰੀਰ ਨੂੰ ਅਜੇ ਚਿਖਾ 'ਤੇ ਰੱਖਿਆ ਹੀ ਹੁੰਦਾ ਹੈ, ਤੁਰੰਤ ਉੱਥੋਂ ਵੀ ਛੇਤੀ-ਛੇਤੀ ਭੱਜ ਪੈਂਦਾ ਹੈ। ਕਿਤੇ ਪੈਸੇ ਕਮਾਉਣੋਂ ਰਹਿ ਨਾ ਜਾਵਾਂ, ਕੋਈ ਗਾਹਕ ਮੁੜ ਨਾ ਜਾਵੇ। ਮ੍ਰਿਤਕ ਦੇ ਪਰਿਵਾਰ ਵਾਲੇ ਵੀ ਉਸ ਦੀਆਂ ਅੰਤਿਮ ਰਸਮਾਂ ਪਹਿਲਾਂ ਦੀ ਤਰ੍ਹਾਂ ਅੱਠ ਜਾਂ ਦਸ ਦਿਨਾਂ ਵਿੱਚ ਨਿਬੇੜਨ ਦੀ ਥਾਂ ਹੁਣ ਤੀਜੇ ਦਿਨ ਫੁੱਲ ਚੁਗਣ ਤੋਂ ਬਾਅਦ ਹੀ ਭੋਗ ਪਾ ਕੇ ਸੁਰਖ਼ਰੂ ਹੋ ਜਾਂਦੇ ਹਨ ਤੇ ਹਵਾਲਾ ਇਹ ਦਿੰਦੇ ਹਨ ਕਿ ਭਾਈ ਇਹ ਤਾਂ ਘਰ ਦਾ 'ਕੱਲਾ-'ਕੱਲਾ ਕਮਾਊ ਹੈ। ਜੇ ਇਹ ਇੰਨੇ ਦਿਨ ਸੱਥਰ 'ਤੇ ਬੈਠਾ ਰਿਹਾ ਤਾਂ ਰੋਟੀ ਕਿੱਥੋਂ ਖਾਵਾਂਗੇ? ਇਸ ਦੇ ਅਸਲ ਕਾਰਨ ਸੰਯੁਕਤ ਪਰਿਵਾਰਾਂ ਦਾ ਤਿੜਕਣਾ ਹੈ।

ਪਹਿਲਾਂ ਵਾਲੇ ਸਮਿਆਂ ਵਿੱਚ ਜਿਨ੍ਹਾਂ ਦੇ ਘਰ ਮਾਲਕ ਦੇ ਵਾਪਰੇ ਭਾਣੇ ਕਾਰਨ ਸੋਗ ਪੈ ਜਾਂਦਾ ਸੀ, ਉਨ੍ਹਾਂ ਦੇ ਆਂਢੀ ਗੁਆਂਢੀ ਭੋਗ ਤੱਕ ਨਾ ਤਾਂ ਉਨ੍ਹਾਂ ਨੂੰ ਚੁੱਲ੍ਹੇ ਵਿੱਚ ਅੱਗ ਪਾਉਣ ਦਿੰਦੇ ਸਨ ਤੇ ਨਾ ਹੀ ਦਿਨ ਰਾਤ ਉਨ੍ਹਾਂ ਦੇ ਘਰ ਨੂੰ ਸੁੰਨਾ ਛੱਡਦੇ ਸਨ। ਭਾਵ ਭੋਗ ਤੱਕ ਰਿਸ਼ਤੇਦਾਰ ਤੇ ਗੁਆਂਢੀ ਰਾਤਾਂ ਕਟਾਉਂਦੇ ਸਨ। ਪੁਰਾਤਨ ਵਿਰਸੇ ਨੂੰ ਭੁੱਲ ਕੇ ਤੇ ਨੈਤਿਕਤਾ ਨੂੰ ਵਿਸਾਰ ਕੇ ਅਸੀਂ ਪੱਛਮ ਦੀ ਸੱਭਿਅਤਾ ਨੂੰ ਅਪਣਾ ਕੇ ਆਧੁਨਿਕਤਾ ਦੇ ਡੂੰਘੇ ਸਮੁੰਦਰ ਵਿੱਚ ਡੁੱਬਦੇ ਜਾ ਰਹੇ ਹਾਂ, ਜਿਸ ਕਾਰਨ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਵੱਸ ਵਿੱਚ ਹੀ ਨਹੀਂ ਰਹਿਣਗੀਆਂ।

ਆਪਸੀ ਸਾਂਝ ਤਾਂ ਉਦੋਂ ਇਸ ਕਦਰ ਸੀ ਕਿ ਇੱਕ ਘਰ ਗੱਡੇ ਤੰਦੂਰ ਤੇ ਆਂਢ-ਗੁਆਂਢ ਦੇ ਕਈ-ਕਈ ਘਰਾਂ ਦੀਆਂ ਔਰਤਾਂ ਰੋਟੀਆਂ ਲਾਹ ਕੇ ਲੈ ਜਾਂਦੀਆਂ ਸਨ ਤੇ ਰੋਟੀਆਂ ਲਾਹੁਣ ਵਿੱਚ ਇੱਕ-ਦੂਜੇ ਦੀ ਮਦਦ ਵੀ ਕਰ ਦਿੰਦੀਆਂ ਸਨ। ਆਂਢੀ-ਗੁਆਂਢੀ ਇੱਕ ਦੂਜੇ ਦੇ ਘਰੋਂ ਦਾਲ? ਦੀ ਕੌਲੀ ਮੰਗ ਕੇ ਲੈ ਜਾਂਦੇ ਸੀ, ਕਦੇ ਕੋਈ ਨਿੰਦ-ਵਿਚਾਰ ਨਹੀਂ ਕੀਤੀ ਜਾਂਦੀ ਸੀ। ਅੱਜ ਵਾਲੇ ਤਾਂ ਨੈਤਿਕਤਾ ਭੁੱਲ ਚੁੱਕੇ ਹਨ। ਕਈ ਕਲੋਨੀਆਂ ਵਿੱਚ ਤਾਂ ਕਿਸੇ ਨੂੰ ਪਤਾ ਹੀ ਨਹੀਂ ਹੁੰਦਾ ਕਿ ਸਾਡੇ ਗੁਆਂਢ ਕੌਣ ਰਹਿੰਦਾ ਹੈ ਕਿਉਂਕਿ ਕਿਸੇ ਨਾਲ ਆਪਸੀ ਮਿਲਵਰਤਨ ਵਾਲੀ ਸਾਂਝ ਖ਼ਤਮ ਹੋ ਚੁੱਕੀ ਹੈ। ਪਿੰਡ ਵਿੱਚ ਕਿਸੇ ਗ਼ਰੀਬ ਦੀ ਧੀ ਦੇ ਵਿਆਹ 'ਤੇ ਸਾਰੇ ਪਿੰਡ ਨੇ ਸੂਟ, ਬਿਸਤਰੇ ਤੇ ਦੁੱਧ ਆਦਿ ਦੇ ਕੇ ਆਉਣਾ ਕਿ ਭਾਈ ਪੁੰਨ ਲੱਗੂਗਾ। ਕਿਸੇ ਦੀ ਧੀ ਨੂੰ ਪਿੰਡ ਦੀ ਧੀ-ਧਿਆਣੀ ਸਮਝਿਆ ਜਾਂਦਾ ਸੀ। ਅੱਜ ਵਾਲੇ ਤਾਂ ਭੁੱਖੀਆਂ ਨਜ਼ਰਾਂ ਨਾਲ ਨੋਚਣ ਨੂੰ ਫਿਰਦੇ ਹਨ।

ਅੱਜ ਖ਼ੂਨ ਦੇ ਰਿਸ਼ਤਿਆਂ ਦਾ ਵੀ ਘਾਣ ਹੋ ਰਿਹਾ ਹੈ। ਬਜ਼ੁਰਗਾਂ ਨੂੰ ਘਰੋਂ ਕੱਢ ਕੇ ਬਿਰਧ ਜਾਂ ਅਨਾਥ ਆਸ਼ਰਮਾਂ ਵਿੱਚ ਭੇਜਿਆ ਜਾ ਰਿਹਾ ਹੈ। ਲਾਲਚ ਵੱਸ ਹਰ ਕੰਮ ਪਿੱਛੇ ਪੈਸੇ ਪ੍ਰਤੀ ਸੋਚ ਨੇ ਜ਼ੋਰਾਵਰ ਨਾਲ ਖੜ੍ਹਨਾ, ਸੱਚੇ ਨੂੰ ਦਬਾਉਣਾ ਤੇ ਮਾੜੇ ਨੂੰ ਖ਼ਤਮ ਕਰਨ ਵਾਲੇ ਪਾਸੇ ਅੱਜ ਦੀ ਪੀੜ੍ਹੀ ਤੁਰ ਪਈ ਹੈ। ਪੁਰਾਤਨ ਸਮਿਆਂ ਵਿੱਚ ਗੁਰਦੁਆਰੇ ਦੇ ਭਾਈ ਜੀ ਨੂੰ, ਡੇਰੇ ਦੇ ਸੇਵਾਦਾਰ ਆਦਿ ਨੂੰ ਦੁੱਧ, ਰੋਟੀ, ਸਬਜ਼ੀ ਆਦਿ ਰੋਜ਼ਾਨਾ ਬਿਨਾਂ ਨਾਗਾ ਦਿੱਤਾ ਜਾਂਦਾ ਸੀ ਕਿਉਂਕਿ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਉੱਥੇ ਹੀ ਪੜ੍ਹਾਇਆ ਜਾਂਦਾ ਸੀ। ਪਿੰਡ ਗ਼ਜ਼ਾ ਕਰਨ ਆਏ ਕਿਸੇ ਵੀ ਗ਼ਰੀਬ ਨੂੰ ਕੋਈ ਵੀ ਘਰ ਖਾਲੀ ਨਹੀਂ ਮੋੜਦਾ ਸੀ। ਭਾਵੇਂ ਕੌਲੀ ਆਟਾ ਹੀ ਪਾਉਂਦੇ। ਅੱਜ ਵਾਲੇ ਤਾਂ ਅੰਦਰੋਂ ਬੈਠੇ ਕੈਮਰੇ ਵਿੱਚ ਦੇਖ ਕੇ ਕਿ ਕੋਈ ਬਾਹਰ ਗ਼ਰੀਬ ਆਇਆ ਹੈ, ਅੰਦਰੋਂ ਕੁੰਡਾ ਨਹੀਂ ਖੋਲ੍ਹਦੇ। ਖ਼ੈਰ! ਜ਼ਮਾਨਾ ਵੀ ਠੀਕ ਨਹੀਂ ਹੈ। ਭਾਵੇਂ ਅਸੀਂ ਆਧੁਨਿਕਤਾ ਦੇ ਦੌਰ ਵਿੱਚ ਪੜ੍ਹਾਈ ਦੇ ਅਖੀਰਲੇ ਡੰਡੇ ਨੂੰ ਫੜਨ ਵਾਲੇ ਪਾਸੇ ਤੁਰ ਪਏ ਹਾਂ, ਪ੍ਰੰਤੂ ਜੇਕਰ ਉਸ ਪੁਰਾਤਨ ਵਿਰਸੇ ਵੱਲ ਝਾਤ ਮਾਰੀਏ ਤਾਂ ਨੈਤਿਕਤਾ ਬਾਰੇ ਸੈਂਕੜੇ ਸਾਲ ਪਿੱਛੇ ਨੂੰ ਜਾ ਰਹੇ ਹਾਂ, ਜਿਸ ਕਾਰਨ ਸੰਯੁਕਤ ਪਰਿਵਾਰ ਤਿੜਕ ਕੇ ਇਕੱਲਤਾ ਦਾ ਸੰਤਾਪ ਭੋਗ ਰਹੇ ਹਾਂ।

ਸਾਨੂੰ ਸਮੇਂ ਦੇ ਦੌਰ ਵਿੱਚ ਰੁਕ ਕੇ ਵਿਚਾਰਾਂ ਕਰ ਲੈਣੀਆਂ ਚਾਹੀਦੀਆਂ ਹਨ ਕਿ ਅੱਜ ਦੇ ਮੋਬਾਈਲ, ਕੰਪਿਊਟਰ ਯੁੱਗ ਵਿੱਚ ਤੇ ਸੋਸ਼ਲ ਮੀਡੀਆ ਦੇ ਪਲੈਟਫਾਰਮਾਂ ਰਾਹੀਂ ਕੀ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਦੇ ਲਿਹਾਜ ਨਾਲ ਠੀਕ ਕਰ ਰਹੇ ਹਾਂ? ਕਿਤੇ ਅਸੀਂ ਆਪਣੀਆਂ ਸੋਨੇ ਵਰਗੀਆਂ ਕਦਰਾਂ ਕੀਮਤਾਂ ਨੂੰ ਛੱਡ ਕੇ ਕੋਲਿਆਂ ਦੀ ਨਿਆਈ ਪੱਛਮੀ ਸੱਭਿਅਤਾ ਨੂੰ ਅਪਣਾ ਕੇ ਪੁਰਾਤਨ ਕਦਰਾਂ ਕੀਮਤਾਂ ਦਾ ਘਾਣ ਤਾਂ ਨਹੀਂ ਕਰ ਰਹੇ? ਸਾਨੂੰ ਖ਼ਾਸ ਕਰਕੇ ਪੰਜਾਬੀਆਂ ਨੂੰ ਇਹ ਸੋਚਣ ਦੀ ਲੋੜ ਹੈ! ਇੱਕ ਪਾਸੇ ਤਾਂ ਅਸੀਂ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਵਾਲੀਆਂ ਗੱਲਾਂ ਕਰਦੇ ਹਾਂ, ਦੂਜੇ ਪਾਸੇ ਅਸੀਂ ਆਪਣੇ ਸੱਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ। ਭਾਵੇਂ ਆਧੁਨਿਕਤਾ ਵਾਸਤੇ ਸਾਇੰਸ ਦੀ ਆਧੁਨਿਕ ਤਕਲਾਲੋਜੀ ਦੀ ਸਖ਼ਤ ਲੋੜ ਹੈ, ਪ੍ਰੰਤੂ ਜੇਕਰ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਨੂੰ ਭੁੱਲ ਕੇ ਅਜਿਹਾ ਕਰਾਂਗੇ ਤਾਂ ਫਿਕਰਮੰਦੀ ਵਾਲੀ ਗੱਲ ਤਾਂ ਹੈ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਹਰ ਗੱਲ ਪ੍ਰਤੀ ਘਾਟ ਦਿਸੇਗੀ, ਭਾਵੇਂ ਕੋਈ ਲੱਖ ਲੁਕਾਉਣ ਦੀ ਕੋਸ਼ਿਸ਼ ਕਰੇ!


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਉਹ ਕੁੜੀ

ਉਹ ਕੁੜੀ

ਫੁੱਲਾਂ ਨੂੰ ਮਹਿਕਣਾ ਸਿਖਾਉਂਦੀ
ਪੰਛੀਆਂ ਨੂੰ
ਉੱਚੀਆਂ ਉਡਾਣਾਂ ਭਰਨਾ ਦੱਸਦੀ

ਆਪਣੇ ਸਤਰੰਗੇ ਦੁਪੱਟੇ ਨੂੰ
ਲਹਿਰਾ ਸਾਗਰਾਂ ਦੀ ਭੁੱਖ ਮਿਟਾਉਂਦੀ

ਠਰੇ ਬਰਫੀਲੇ ਪ੍ਰਬਤਾਂ ਨੂੰ
ਆਪਣੀ ਸੁਖਦੀ ਹਿੱਕ ਚੋਂ ਨਿੱਘ ਵੰਡਦੀ

ਸੱਜਰੀ ਸਵੇਰ ਵਿਛਦੀ
ਤਾਂ ਤ੍ਰੇਲ ਤੁਪਕਿਆਂ ਨੂੰ
ਮੁਸਕਰਾਹਟਾਂ ਦੀ ਭਾਸ਼ਾ ਦੱਸਦੀ
ਰੰਗ ਖਲਾਰਦੀ ਪਹਿਲੀਆਂ ਰਿਸ਼ਮਾਂ ਨੂੰ ਲੈ ਕੇ

ਪੰਛੀਆਂ ਨੂੰ ਉੱਚੀਆਂ ਉਡਾਣਾਂ
ਭਰਨ ਲਈ
ਅਸਮਾਨ ਦੀ ਨੀਲੀ ਚਾਦਰ
ਖੋਲ੍ਹ ਕੇ ਦਿੰਦੀ

ਕੁੜੀ ਕਾਲੀਆਂ ਰਾਤਾਂ ਦੀਆਂ
ਤਰੰਗਾਂ ਵਿੱਚ
ਨਵੇਂ ਸੁਪਨਿਆਂ ਦੀ ਕਸ਼ੀਦਗੀ ਕਰ ਦੇਵੇ

ਅੱਲ੍ਹੜ ਮੁਟਿਆਰ
ਕੀ ਕੀ ਨਾ ਕਰਦੀ

ਤਿੱਖੀਆਂ ਨਜ਼ਰਾਂ ਨਾਲ
ਉਹ ਕੁਆਰੀਆਂ ਪੌਣਾਂ ਨੂੰ
ਉਹਨਾਂ ਦੇ ਰਾਜ਼ ਪੁੱਛਦੀ ਆਪਣੇ ਸਮਝਾਉਂਦੀ

ਨਦੀਏ ਨਹਾ
ਆਪਣੇ ਭਿੱਜੇ ਕੇਸ ਛੰਡਦੀ
ਤਾਂ ਬੱਦਲਾਂ ਨੂੰ ਕਾਲੀਆਂ ਘੋਰ ਘਟਾਵਾਂ ਨਸੀਬ ਹੁੰਦੀਆਂ

ਉਹਦੀ ਇੱਕ ਇੱਕ ਤੱਕਣੀ
ਸਮੁੰਦਰਾਂ ਦੀ ਗਹਿਰਾਈ ਮਿਣਦੀ
ਨਖ਼ਰਿਆਂ ਚ ਘੁਲੀ ਮੁਹੱਬਤ
ਗੱਭਰੂਆਂ ਦੇ ਸਾਹ ਗਿਣਦੀ

ਰੁੱਖਾਂ ਦੀਆਂ ਉਦਾਸੀਆਂ ਖੋਰਦੀ
ਉਹਦੇ ਨਰਮ ਪੋਟਿਆਂ ਦੀ ਹਰੇਕ ਛੋਹ

ਚੰਦ ਤਾਰਿਆਂ ਨੂੰ
ਉਹ ਆਪਣੇ ਅਣਛੂਹੇ ਅੰਗਾਂ 'ਚੋਂ ਅੰਗੜਾਈਆਂ ਬਖ਼ਸ਼ਦੀ

ਦਿਨ ਚੜਦੇ ਚਿੱਟੇ
ਉਹਦੇ ਹੱਸਦੇ ਦੰਦਾਂ ਨੂੰ ਦੇਖ ਦੇਖ

ਸਮੇਂ ਦੀ ਰਫ਼ਤਾਰ ਮਾਪਦੀ
ਨਦੀਆਂ ਦੀਆਂ ਲਹਿਰਾਂ ਦੇ ਸੰਤਾਪ ਸੁਣਦੀ

ਉਹਦੀ ਟੋਰ ਦੇਖ ਕੇ
ਅੰਬਰ ਵੀ ਝੁਕ ਜਾਵੇ

ਉਸਦਾ ਖਿੜ ਖਿੜ ਹੱਸਣਾ
ਪਿੰਡ ਨੂੰ ਜਾਂਦੇ ਰਾਹ 'ਤੇ ਵੱਜਦਾ
ਸ਼ਹਿਨਾਈ ਦਾ ਪਹਿਲਾ ਸੁਰ ਬਣਦਾ

ਕੁੜੀ ਮੁਸਕਰਾਹਟਾਂ ਨੂੰ ਅਰਥ ਦਿੰਦੀ
ਕਦਮਾਂ ਨਾਲ ਚੱਲਣ ਲਈ ਕਹਿੰਦੀ

ਮੌਸਮਾਂ ਦੇ ਮੱਥੇ ਤੇ
ਉਹਨਾਂ ਦੀ ਤਕਦੀਰ ਲਿਖਦੀ
ਧੁੱਪ ਦੇ ਤਿੱਖੇ ਤੀਰਾਂ ਨੂੰ
ਹੌਸਲੇ ਦੀ ਛਾਂ ਕਰਦੀ

ਉਹ ਹਨ੍ਹੇਰੀਆਂ ਨੂੰ ਨੱਚਣਾ ਸਿਖਾਵੇ
ਅਰਸ਼ੀ ਬਿਜਲੀਆਂ ਨੂੰ ਫੜ ਕੇ
ਰਾਤਾਂ ਚ ਵਿਯੋਗੇ ਦੀਵੇ ਜਗਾਵੇ
ਮਾਰੂਥਲੀ ਰੇਤਾ 'ਚ
ਧੁੱਪ ਬੀਜ ਜਾਵੇ
ਸੁੰਨੇ ਸੀਨਿਆਂ 'ਚ
ਸਾਹਾਂ ਚੋਂ ਧੜਕਣਾਂ ਪਾਵੇ



ਅਮਰਜੀਤ ਟਾਂਡਾ
ਸਿਡਨੀ ਆਸਟਰੇਲੀਆ
+61 412913021

## ਹੋਲੀ ਕਸ਼ਮੀਰੀ

1) ਰੰਗਾ ਦਾ ਮੇਲਾ
ਮਹਿਕਦਾ ਚਮਨ
ਰੰਗਾਂ ਦੇ ਨਾਲ
2) ਪ੍ਰੀਤ ਬਹਾਰ
ਹੋਲੀ ਦਾ ਤਿਉਹਾਰ
ਮਨ ਦੁਆਰ
3) ਰੰਗ ਹਜ਼ਾਰ
ਛਾਈ ਰੰਗ ਬਹਾਰ
ਮਨ ਪਿਆਰ
4) ਰੰਗਾਂ ਦੀ ਪ੍ਰੀਤ
ਹਰ ਮਨ ਪਹੁੰਚੇ
ਬਣ ਕੇ ਗੀਤ
5) ਪਰੰਪਰਾ ਹੈ
ਹੋਲਿਕਾ ਦਾ ਦਹਨ
ਸੰਸਕ੍ਰਿਤੀ ਹੈ
6) ਹੋਲੀ ਦੇ ਰੰਗ
ਭਾਰਤੀ ਸੰਸਕ੍ਰਿਤੀ
ਕਰੇ ਨਿਵਾਸ
7) ਰੰਗਾਂ ਦੀ ਹੋਲੀ
ਹਰਾ ਬਸੰਤੀ ਲਾਲ
ਭਰੇ ਗੁਲਾਲ
8) ਰੰਗਾਂ ਦੇ ਨਾਲ
ਰਿਸ਼ਤੇ ਮਹਿਕਦੇ
ਜਿਵੇਂ ਬਹਾਰ
9) ਰੰਗਾਂ ਦਾ ਸਾਥ
ਸਤਰੰਗੀ ਪੀਂਘ ਤਾਂ
ਭੂਮੀ ਤੇ ਆਈ
10) ਖੁਸ਼ੀਆਂ ਨਾਲ
ਮਿਲਦਾ ਉਪਹਾਰ
ਹੋਲੀ ਆਈ ਹੈ
11) ਹੋਲੀ ਆਉਂਦੀ
ਹੋਲੀ ਦਾ ਤਿਓਹਾਰ
ਸਾਰੇ ਮਨਾਂਦੇ
12) ਪਿਚਕਾਰੀ ਤੋਂ
ਰੰਗ ਪਾਉਂਦੇ ਜਾਂਦੇ
ਸ਼ੋਰ ਮਚਾਂਦੇ
13) ਰੰਗਾਂ ਦੇ ਨਾਲ
ਬਣਦੀ ਰੰਗਸ਼ਾਲਾ
ਭਾਰਤ ਭੂਮੀ
14) ਰੰਗਾਂ ਦੇ ਨਾਲ
ਰੰਗਾਂ ਦਾ ਗਹਿਣਾ ਹੈ
ਭਾਰਤ ਭੂਮੀ
15) ਹੋਲੀ ਦੇ ਰੰਗ
ਜਾਤ ਪਾਤ ਦੇ ਭੇਦ
ਸਭ ਮਿਟਾਂਦੇ
16) ਰੰਗਾਂ ਦੀ ਸ਼ਾਨ
ਬੱਚੇ ਬੁੱਢੇ ਜਵਾਨ
ਖੇਡਦੇ ਹੋਲੀ
17) ਹੋਲੀ ਦੇ ਰੰਗ
ਜੀਵਨ ਅੰਗ ਸੰਗ
ਭਰੇ ਉਮੰਗ
18) ਮਿੱਤਰ ਟੋਲੀ
ਪਿਚਕਾਰੀ ਦੇ ਨਾਲ
ਬਣੀ ਰੰਗੋਲੀ
19) ਤਿਉਹਾਰ ਹੈ
ਜੋ ਰੰਗਾਂ ਦੀ ਬਹਾਰ ਹੈ
ਸਤਿਕਾਰ ਹੈ
20) ਹੋਲੀ ਦੇ ਰੰਗ
ਹਰ ਮਨ ਦੇ ਵਿਚ
ਭਰੇ ਉਮੰਗ

ਕਸ਼ਮੀਰੀ ਲਾਲ ਚਾਵਲਾ
9814814791

## ਖ਼ਬਰ ਹੋ ਗਏ

ਤੇਰੇ ਸ਼ਹਿਰ ਦੇ ਅਖਬਾਰ ਦੇ ,
ਪਹਿਲੇ ਪੰਨੇ ਦੀ ਖ਼ਬਰ ਹੋ ਗਏ।
ਜਾ ਕੇ ਦੇਖ ਸਮਸ਼ਾਨ ਅੰਦਰ,
ਸੱਜਣਾ ਅਸੀ ਕਬਰ ਹੋ ਗਏ।
ਹੰਝੂ, ਹੌਕੇ ਤੇ ਦਰਦਾਂ ਨੇ ਸਤਾਇਆ,
ਕਿਸੇ ਵਿਧਵਾ ਦਾ ਹੁਣ ਸਬਰ ਹੋ ਗਏ।
ਚੁੱਪ ਤੇ ਸਾਂਤ ਰਹਿੰਦੇ ਹਾਂ ਹਮੇਸ਼ਾ ਹੀ,
ਤਾਲਾ ਲੱਗਿਆ ਘਰ ਹੋ ਗਏ।
ਦੁੱਖਾਂ ਦੀ ਦਾਸਤਾਂ ਪੇਸ਼ ਕਰਦਾ ਸਦੀਆਂ ਤੋਂ,
ਉਜੜਿਆ ਕੋਈ ਨਗਰ ਹੋ ਗਏ।
ਬਿਰਹੋ ਦੀ ਮਾਰ ਨੇ ਕੀਤਾ ਮਦਹੋਸ਼,
ਹੁਣ ਹਰ 'ਦਰਦੀ' ਦੇ ਮਗਰ ਹੋ ਗਏ।

ਸ਼ਿਵਨਾਥ ਦਰਦੀ ਫ਼ਰੀਦਕੋਟ
9855155392

## ਅੱਜ ਕੱਲ ਦਾ ਬੰਦਾ

ਦਗੇਬਾਜ਼ ਕਮਾਊ ਜ਼ਰੂਰ ਦਗਾ,
ਭਾਵੇਂ ਲੱਖ ਹੀ ਪਿਆਰ ਜਿਤਾ ਦੇਈਏ।
ਚੁਗਲਖੋਰ ਨੇ ਕਰਨੀ ਜਰੂਰ ਚੁਗਲੀ,
ਭਾਵੇਂ ਲੱਖ ਹੀ ਸੌਹਾਂ ਖੁਆ ਦੇਈਏ।

ਬੇਈਮਾਨ ਤਕਾਊ ਜਰੂਰ ਧਿੱਛਾ,
ਭਾਵੇਂ ਲੱਖ ਹੀ ਯਾਰੀ ਨਿਭਾਅ ਦੇਈਏ।
ਘਰ ਵੜੇ ਨਾ ਨਾਰ ਜੋ ਬਾਹਰ ਘੁੰਮੇ,
ਭਾਵੇਂ ਲੱਖ ਹੀ ਮਹਿਲ ਬਣਾ ਦੇਈਏ।

ਵਿਹਲਾ ਬੰਦਾ ਨਾ ਕੰਮ ਦਾ ਤੋੜੇ ਡੱਕਾ,
ਲੱਖ ਲਾ ਏ.ਸੀ. ਵੀ ਬਹਾ ਦੇਈਏ।
ਨੰਗ ਬੰਦੇ ਨੇ ਚੱਕਣਾ ਜਰੂਰ ਝੱਗਾ,
ਭਾਵੇਂ ਲੱਖ ਸਤਿਕਾਰ ਦਵਾ ਦੇਈਏ।

ਕੌੜਾ ਬੋਲਣੋਂ ਹਟਦਾ ਨਹੀਂ ਬੰਦਾ,
ਹੱਦੋਂ ਵੱਧ ਵੀ ਖੰਡ ਖੁਆ ਦੇਈਏ।
ਅਹਿੜਾ ਯਾਰ ਜੇ ਰੁੱਸ ਜਾਏ ਮੰਨਦਾ ਨ੍ਹੀਂ,
ਭਾਵੇਂ ਕੱਢ ਦਿਲ ਤਲੀ ਟਿਕਾ ਦੇਈਏ।



-ਜਸਵਿੰਦਰ ਪੰਜਾਬੀ

## ਨਕਲ

ਬੱਚਿਓ ਨਕਲ ਨੂੰ ਦਿਲੋਂ ਮਿਟਾਈਏ,
ਪੇਪਰ 'ਚ ਵਿਸ਼ਵਾਸ ਨਾਲ ਜਾਈਏ।
ਨਕਲ ਨੂੰ ਜਿਹੜੇ ਬੱਚੇ ਅਪਣਾਉਂਦੇ,
ਕੰਪੀਟੀਸ਼ਨ ਵਿੱਚ ਓਹ ਘਬਰਾਉਂਦੇ।
ਈਮਾਨਦਾਰੀ ਦਾ ਰਾਹ ਅਪਣਾਈਏ,
ਬੱਚਿਓ ਨਕਲ ਨੂੰ.....

ਝੂਠ ਬੋਲਣ ਦੀ ਆਦਤ ਹੈ ਪਾਉਂਦੀ,
ਫੜ੍ਹੇ ਜਾਣ ਤੇ ਬਦਨਾਮੀ ਕਰਾਉਂਦੀ।
ਮਿਹਨਤ ਨਾਲ ਹੀ ਮੰਜ਼ਿਲਾਂ ਪਾਈਏ।
ਬੱਚਿਓ ਨਕਲ ਨੂੰ.....

ਸ਼ਖ਼ਸ਼ੀਅਤ 'ਚ ਨਿਘਾਰ ਲਿਆਉਂਦੀ,
ਸਮਾਜ 'ਚ ਸਤਿਕਾਰ ਹੈ ਘਟਾਉਂਦੀ,
ਗਲਤ ਰਸਤੇ ਨੂੰ ਫੌਰਨ ਛੱਡ ਜਾਈਏ।
ਬੱਚਿਓ ਨਕਲ ਨੂੰ.....

ਮਾਤਾ-ਪਿਤਾ ਦੀ ਚਿੰਤਾ ਹੈ ਵਧਾਉਂਦੀ,
ਸੁਸਾਇਟੀ ਉਨ੍ਹਾਂ ਦਾ ਮਖੌਲ ਉਡਾਉਦੀ,
ਉਨ੍ਹਾਂ ਦੀ ਪੱਗ ਨੂੰ ਦਾਗ ਨਾ ਲਵਾਈਏ,
ਬੱਚਿਓ ਨਕਲ ਨੂੰ ਦਿਲੋਂ ਮਿਟਾਈਏ,
ਪੇਪਰ ਵਿੱਚ ਵਿਸਵਾਸ਼ ਨਾਲ ਜਾਈਏ।

ਚਮਨਦੀਪ ਸ਼ਰਮਾ
95010 33005

## ਖ਼ੁਸ਼ਆਮਦੀਦ ਸੁਬਾਹ

ਮੁੱਕਾ ਸਫ਼ਰ ਕਾਲਖ਼ ਦਾ, ਚਾਨਣ ਨੇ ਦਸਤਕ ਹੈ ਦਿੱਤੀ,
ਸੰਭਾਲ ਸਮਾਨ ਰਾਤ ਨੇ, ਮਾਣੋ ਮਨ ਮਸਤਕ ਹੈ ਜਿੱਤੀ।
ਚੌਪਾਸੇ ਸ਼ਾਂਤੀ ਦਾ ਆਲਮ, ਮਹਿਕਾਂ ਵੰਡਦਾ ਹੈ ਸਵੇਰਾ,
ਚਹਿਚਹਾ ਰਹੇ ਨੇ ਪਰਿੰਦੇ, ਸਵਰਗ ਲਾਇਆ ਹੈ ਡੇਰਾ।

ਤੱਕਕੇ ਕਾਦਰ ਰੁੱਝ ਰਿਹਾ ਹੈ, ਅਜਬ ਲੱਗਦਾ ਹੈ ਨਜ਼ਾਰਾ,
ਕਿਧਰੇ ਸਰਘੀ ਵੇਲ਼ੇ ਪੌਣਾਂ, ਵਗੇ ਲਾਲ ਲੋਅ ਦਾ ਫੁਹਾਰਾ।
ਉੱਡਣ ਅਕਾਸ਼ੀਂ ਬੰਨ੍ਹ ਕੂੰਜਾਂ, ਤੀਰ ਨੋਕ ਜਿਹੀਆਂ ਡਾਰਾਂ,
ਲੰਬੇ ਪੈਂਡੇ ਅਣਗਾਹੇ ਰਾਸਤੇ, ਵੱਜਣ ਬੱਚਿਆਂ 'ਚ ਤਾਰਾਂ।

ਪੈ ਗਏ ਵਿਛੋੜੇ ਸਬੱਬੀਂ ਮੇਲੇ, ਰੱਬ ਡਾਢੇ ਦੇ ਹੱਥ ਡੋਰਾਂ,
ਰੁੱਤ ਫਿਰੀ ਤਾਂ ਮੁੜ ਆਉਣਾ, ਜੇ ਹੋਣੀ ਨਾ ਬਦਲੇ ਤੋਰਾਂ।
ਜਾਗੀ ਹੈ ਸਮੁੱਚੀ ਕਾਇਨਾਤ, ਸਿਰ ਚੁੱਕਿਆ ਹੈ ਸ਼ੋਰਾਂ।
ਘੁੱਗੀ ਦੀ ਘੂੰ 2 ਕੋਇਲ ਕੂਕੇ, ਪੈਲਾਂ ਪਾਈਆਂ ਨੇ ਮੋਰਾਂ।

ਲਾਹੋ ਚਾਦਰ ਹਨ੍ਹੇਰ ਦੀ ਉੱਤੋਂ, ਦੇਖੋ ਚਾਨਣ ਮਾਰੇ ਝਾਤਾਂ।
ਜਾਗਦੇ ਦੀਆਂ ਕੱਟੀਆਂ ਹੋਵਣ ਅਤੇ ਕੱਟੇ ਜੋ ਸੁੱਤੇ ਰਾਤਾਂ।

ਰਾਹੀਆਂ ਨੇ ਆ ਕੇ ਰਾਹ ਮੱਲੇ,ਚਹਿਲ ਪਹਿਲ ਬਰਾਤਾਂ,
ਰੋਸ਼ਨੀਆਂ ਆ ਖੁਦ ਦਰ ਖੋਲ੍ਹੇ, ਚਾਅ ਚੜ੍ਹੇ ਤੱਕ ਪ੍ਰਭਾਤਾਂ।

-ਸੇਵਾ ਸਿੰਘ 'ਨੂਰਪੁਰੀ'

## ਬੰਦੇ ਦੇ ਰੰਗ

ਝੂਠ ਨੂੰ ਇਹ ਸੱਚ ਬਣਾਉਂਦਾ
ਸੱਚ ਨੂੰ ਝੂਠ ਦਿਖਾਉਂਦਾ
ਤਰੀਕੇ ਕਮਾਲ ਨੇ
ਬੰਦੇ ਦੇ ਰੰਗ ਵੇਖ ਕੇ
ਗਿਰਗਿਟ ਵੀ ਹੈਰਾਨ ਨੇ।
ਮੂੰਹ ਤੋਂ ਰੱਬ ਦਾ ਨਾਮ ਹੈ ਲੈਂਦਾ
ਬਗਲ ਵਿੱਚ ਛੁਰੀ ਵੀ ਰੱਖਦਾ
ਛੱਡ ਦਿਓ ਨਸ਼ਾ ਲੋਕੋ ਕਹਿ ਕੇ
ਖੁਦ ਨਸ਼ੇ ਦਾ ਸਵਾਦ ਵੀ ਚੱਖਦਾ,
ਤੁਰੇ ਜਾਂਦੇ ਦੀ ਲੁੱਟ ਹੋ ਜਾਏ
ਕਿਸੇ ਨੂੰ ਦੱਸੇ ਆਪਣੀ ਹੱਡ ਬੀਤੀ
ਥਾਂ ਥਾਂ ਲਾ ਕੇ ਸੀਸੀਟੀਵੀ
ਬੰਦੇ ਤੋਂ ਬੰਦੇ ਨੇ ਰਾਖੀ ਕੀਤੀ,
ਗੱਲ ਕਹਿ ਕੇ ਅਮਲ ਨਾ ਕਰਨਾ
ਰੀਤ ਹੁਣ ਆਮ ਹੋ ਗਈ
ਮਿਲਾਵਟ ਕਰਕੇ ਚੀਜ਼ ਵੇਚਣੀ
ਬੰਦੇ ਦੀ ਲੁੱਟ ਸ਼ਰੇਆਮ ਹੋ ਗਈ,
ਮੂੰਹ ਤੇ ਮੀਆਂ ਮਿੱਠੂ ਬਣਦਾ
ਪਿੱਠ ਤੇ ਕਰ ਜਾਵੇ ਵਾਰ
ਧਰਮਿੰਦਰ ਨੂੰ ਵੀ ਸਮਝ ਨਾ ਆਵੇ
ਕੈਸਾ ਹੋਇਆ ਬੰਦੇ ਦਾ ਕਿਰਦਾਰ,
ਸੱਚੇ ਦੀ ਇਸ ਦੁਨੀਆ ਅੰਦਰ
ਝੂਠੇ ਕਿਉਂ ਪ੍ਰਧਾਨ ਨੇ
ਬੰਦੇ ਦੇ ਰੰਗ ਵੇਖ ਕੇ
ਗਿਰਗਿਟ ਵੀ ਹੈਰਾਨ ਨੇ।

- ਧਰਮਿੰਦਰ ਸਿੰਘ

## ਰੁੱਖ

ਚਾਰੇ ਪਾਸੇ ਜਿੰਨੇ ਜ਼ਿਆਦਾ ਹੋਣਗੇ ਰੁੱਖ,
ਇਹ ਸਾਨੂੰ ਉਨੇ ਜ਼ਿਆਦਾ ਦੇਣਗੇ ਸੁੱਖ।
ਇਨ੍ਹਾਂ ਲਈ ਨਾ ਕੋਈ ਛੋਟਾ, ਨਾ ਕੋਈ ਵੱਡਾ ਏ,
ਇਨ੍ਹਾਂ ਦਾ ਆਕਸੀਜਨ ਭੰਡਾਰ ਸਭ ਲਈ ਖੁੱਲ੍ਹਾ ਏ।
ਜਿਹੜਾ ਪ੍ਰਦੂਸ਼ਣ ਮਨੁੱਖ ਦੇ ਕੰਮ ਫੈਲਾਂਦੇ ਨੇ,
ਉਸ ਨੂੰ ਇਹ ਆਕਸੀਜਨ ਨਾਲ ਘਟਾਂਦੇ ਨੇ।
ਇਹ ਤੇਜ਼ ਹਵਾਵਾਂ ਦੀ ਗਤੀ ਨੂੰ ਘਟਾਂਦੇ ਨੇ,
ਏਦਾਂ ਉਪਜਾਊ ਮਿੱਟੀ ਉੱਡਣ ਤੋਂ ਬਚਾਂਦੇ ਨੇ।
ਇਹ ਚਾਰੇ ਪਾਸੇ ਠੰਢੀਆਂ ਹਵਾਵਾਂ ਚਲਾਂਦੇ ਨੇ,
ਇਹ ਧਰਤੀ ਦੇ ਉੱਤੇ ਵਰਖਾ ਲਿਆਂਦੇ ਨੇ।
ਇਹ ਅਨੇਕਾਂ ਦਵਾਈਆਂ ਦਾ ਭੰਡਾਰ ਨੇ,
ਇਹ ਏਸੇ ਲਈ ਮਨੁੱਖ ਦੇ ਸੱਚੇ ਯਾਰ ਨੇ।
'ਮਾਨ' ਇਨ੍ਹਾਂ ਨੂੰ ਕੱਟਣ ਦੇ ਨਾ ਲੱਭੋ ਬਹਾਨੇ,
ਧੁਰ ਤੱਕ ਨਿਭਾਓ ਪਾ ਕੇ ਇਨ੍ਹਾਂ ਨਾਲ ਯਰਾਨੇ।

ਮਹਿੰਦਰ ਸਿੰਘ ਮਾਨ
9915803554

## ਫ਼ਲ ਖਾਓ ਰੋਗ ਭਜਾਓ

ਅੰਬ, ਕੇਲਾ, ਅੰਗੂਰ ਤੇ ਅਨਾਰ।
ਵਿਕਦੇ ਬੱਚਿਓ ਵਿੱਚ ਬਜ਼ਾਰ।

ਜਦ ਵੀ ਨਾਲ ਪਾਪੇ ਦੇ ਜਾਇਓ।
ਮਨ ਭਾਉਂਦੇ ਫ਼ਲ ਲੈ ਕੇ ਖਾਇਓ।

ਕੁਦਰਤੀ ਤੱਤਾਂ ਨਾਲ ਭਰਪੂਰ।
ਫ਼ਲ ਰੋਗਾਂ ਨੂੰ ਕਰਦੇ ਦੂਰ।

ਜੂਸ ਪੀਓ ਜਾਂ ਕੱਟ ਕੇ ਖਾਓ।
ਸਭ ਰੋਗਾਂ ਨੂੰ ਦੂਰ ਭਜਾਓ।

ਸਿਹਤ ਲਈ ਨੇ ਇਹ ਜ਼ਰੂਰੀ।
ਘਾਟ ਪਈ ਜੋ, ਕਰਦੇ ਪੂਰੀ।

ਫਾਸਟ ਫੂਡ ਤੋਂ ਕਰੋ ਪਰਹੇਜ਼।
ਨਾ ਖਾਓ ਕੁਰਕਰੇ ਅਤੇ ਲੇਜ਼।

ਲੰਬੀ ਜ਼ਿੰਦਗੀ ਜੇ ਕਰ ਜਿਊਣੀ।
ਪੈਣੀ ਫ਼ਲਾਂ ਨਾਲ ਆੜੀ ਪਾਉਣੀ।

'ਪੱਤੋ' ਦਾ ਅੱਜ ਮੰਨ ਲਓ ਕਹਿਣਾ।
ਜੇਕਰ ਤੁਸਾਂ ਨੇ ਤਕੜੇ ਰਹਿਣਾ।

ਹਰਪ੍ਰੀਤ ਪੱਤੋ
94658-21417

# ਪੜ੍ਹਨ ਦਾ ਮਾਹੌਲ: ਗਿਆਨ, ਚਿੰਤਨ ਅਤੇ ਸ਼ਖਸੀਅਤ ਨਿਰਮਾਣ ਦੀ ਆਧਾਰਸ਼ਿਲਾ

ਪੜ੍ਹਨ ਦੀ ਆਦਤ ਮਨੁੱਖ ਦੇ ਬੌਧਿਕ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪਰ ਸਿਰਫ਼ ਪੜ੍ਹਨਾ ਹੀ ਕਾਫ਼ੀ ਨਹੀਂ ਹੈ; ਪੜ੍ਹਨ ਦਾ ਮਾਹੌਲ ਵੀ ਓਨਾ ਹੀ ਜ਼ਰੂਰੀ ਹੈ। ਸ਼ਾਂਤ, ਪ੍ਰੇਰਨਾਦਾਇਕ ਅਤੇ ਸਰੋਤਾਂ ਨਾਲ ਭਰਪੂਰ ਵਾਤਾਵਰਣ ਵਿਅਕਤੀ ਵਿੱਚ ਉਤਸੁਕਤਾ, ਇਕਾਗਰਤਾ ਅਤੇ ਡੂੰਘਾਈ ਨਾਲ ਸੋਚ-ਵਿਚਾਰ ਕਰਨ ਦੀ ਯੋਗਤਾ ਪੈਦਾ ਕਰਦਾ ਹੈ।

**ਪੜ੍ਹਨ ਦਾ ਮਾਹੌਲ ਕੀ ਹੈ?**

ਪੜ੍ਹਨ ਦੇ ਮਾਹੌਲ ਨੂੰ ਉਹ ਵਾਤਾਵਰਣ ਕਿਹਾ ਜਾਂਦਾ ਹੈ ਜਿੱਥੇ ਵਿਅਕਤੀ ਆਸਾਨੀ ਨਾਲ ਪੜ੍ਹ ਸਕਦਾ ਹੈ, ਸਮਝ ਸਕਦਾ ਹੈ ਅਤੇ ਸਿੱਖੀ ਗਈ ਗੱਲ 'ਤੇ ਵਿਚਾਰ ਕਰ ਸਕਦਾ ਹੈ। ਇਸ ਵਿੱਚ ਭੌਤਿਕ ਵਾਤਾਵਰਣ, ਮਾਨਸਿਕ ਸਥਿਤੀ ਅਤੇ ਸਮਾਜਿਕ ਸਹਿਯੋਗ — ਤਿੰਨੋਂ ਯੋਗਦਾਨ ਪਾਉਂਦੇ ਹਨ।

**ਚੰਗਾ ਪੜ੍ਹਨ ਦਾ ਮਾਹੌਲ ਕਿਉਂ ਜ਼ਰੂਰੀ ਹੈ?**

ਇਕਾਗਰਤਾ ਵਧਾਉਂਦਾ ਹੈ। ਸ਼ਾਂਤ ਵਾਤਾਵਰਣ ਧਿਆਨ ਭਟਕਣ ਤੋਂ ਰੋਕਦਾ ਹੈ।

ਸਮਝਣ ਦੀ ਯੋਗਤਾ ਵਿਕਸਤ ਕਰਦਾ ਹੈ।

ਉਤਸੁਕਤਾ ਨੂੰ ਉਤਸ਼ਾਹਿਤ ਕਰਦਾ ਹੈ। ਕਿਤਾਬਾਂ ਤੋਂ ਘਿਰਿਆ ਵਾਤਾਵਰਣ ਸਿੱਖਣ ਦੀ ਇੱਛਾ ਜਗਾਉਂਦਾ ਹੈ।

ਸਵੈ-ਅਨੁਸ਼ਾਸਨ ਵਿਕਸਤ ਕਰਦਾ ਹੈ। ਨਿਯਮਤ ਅਧਿਐਨ ਦੀ ਆਦਤ ਬਣਦੀ ਹੈ।

ਆਦਰਸ਼ ਪੜ੍ਹਨ ਦੇ ਮਾਹੌਲ ਦੀਆਂ ਵਿਸ਼ੇਸ਼ਤਾਵਾਂ

ਸ਼ਾਂਤ ਅਤੇ ਸਾਫ਼ ਜਗ੍ਹਾ

ਸ਼ੋਰ-ਸ਼ਰਾਬੇ ਤੋਂ ਦੂਰ, ਸਾਫ਼ ਅਤੇ ਵਿਵਸਥਿਤ ਜਗ ?ਹਾ ਪੜ੍ਹਨ ਲਈ ਢੁਕਵੀਂ ਹੁੰਦੀ ਹੈ। ਸਫਾਈ ਮਨ ਨੂੰ ਸ਼ਾਂਤ ਕਰਦੀ ਹੈ।

**ਕਾਫ਼ੀ ਰੌਸ਼ਨੀ ਅਤੇ ਹਵਾ**

ਕੁਦਰਤੀ ਰੌਸ਼ਨੀ ਸਭ ਤੋਂ ਵਧੀਆ ਹੁੰਦੀ ਹੈ। ਚੰਗੀ ਰੋਸ਼ਨੀ



ਅੱਖਾਂ 'ਤੇ ਦਬਾਅ ਘਟਾਉਂਦੀ ਹੈ ਅਤੇ ਤਾਜ਼ੀ ਹਵਾ ਦਿਮਾਗ ਨੂੰ ਸਰਗਰਮ ਰੱਖਦੀ ਹੈ।

**ਸਹੀ ਬੈਠਣ ਦੀ ਵਿਵਸਥਾ**

ਆਰਾਮਦਾਇਕ ਕੁਰਸੀ ਅਤੇ ਸਹੀ ਉਚਾਈ ਵਾਲੀ ਮੇਜ਼ ਸਰੀਰ ਨੂੰ ਥਕਾਵਟ ਤੋਂ ਬਚਾਉਂਦੀ ਹੈ, ਜਿਸ ਨਾਲ ਲੰਬੇ ਸਮੇਂ ਤੱਕ ਪੜ੍ਹਨਾ ਸੰਭਵ ਹੁੰਦਾ ਹੈ।



ਡਾ. ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110


**ਕਿਤਾਬਾਂ ਦੀ ਉਪਲਬਧਤਾ**

ਘਰ, ਸਕੂਲ ਅਤੇ ਲਾਇਬ੍ਰੇਰੀਆਂ ਵਿੱਚ ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ ਉਪਲਬਧ ਹੋਣ ਨਾਲ ਬੱਚਿਆਂ ਅਤੇ ਨੌਜਵਾਨਾਂ ਦੀ ਦਿਲਚਸਪੀ ਵਧਦੀ ਹੈ।

**ਡਿਜੀਟਲ ਵਿਘਨ ਤੋਂ ਦੂਰੀ**

ਮੋਬਾਈਲ ਫੋਨ ਅਤੇ ਬੇਲੋੜਾ ਸਕ੍ਰੀਨ ਸਮਾਂ ਪੜ੍ਹਾਈ ਵਿੱਚ ਵਿਘਨ ਪਾਉਂਦਾ ਹੈ। ਪੜ੍ਹਦੇ ਸਮੇਂ ਇਹਨਾਂ ਤੋਂ ਦੂਰੀ ਬਣਾਈ ਰੱਖਣੀ ਜ਼ਰੂਰੀ ਹੈ।

**ਪਰਿਵਾਰ ਅਤੇ ਸਕੂਲ ਦੀ ਭੂਮਿਕਾ**

ਮਾਪੇ ਬੱਚਿਆਂ ਨੂੰ ਕਹਾਣੀ ਦੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰੋ।

ਘਰ ਵਿੱਚ 'ਪੜ੍ਹਨ' ਦਾ ਸਮਾਂ ਨਿਰਧਾਰਤ ਕੀਤਾ ਜਾ ਸਕਦਾ ਹੈ।

ਸਕੂਲਾਂ ਵਿੱਚ ਲਾਇਬ੍ਰੇਰੀ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਅਧਿਆਪਕ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਤੋਂ ਇਲਾਵਾ ਪੜ੍ਹਨ ਲਈ ਉਤਸ਼ਾਹਿਤ ਕਰੋ।

**ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਪੜ੍ਹਨ ਦਾ ਮਾਹੌਲ**

ਪੇਂਡੂ ਖੇਤਰਾਂ ਵਿੱਚ ਸਰੋਤਾਂ ਦੀ ਘਾਟ ਹੋ ਸਕਦੀ ਹੈ, ਪਰ ਭਾਈਚਾਰਕ ਲਾਇਬ੍ਰੇਰੀਆਂ, ਸਕੂਲ ਲਾਇਬ੍ਰੇਰੀ ਅਤੇ ਮੋਬਾਈਲ ਲਾਇਬ੍ਰੇਰੀਆਂ ਇਸ ਕਮੀ ਨੂੰ ਪੂਰਾ ਕਰ ਸਕਦੀਆਂ ਹਨ। ਸ਼ਹਿਰੀ ਖੇਤਰਾਂ ਵਿੱਚ ਸਰੋਤ ਜ਼ਿਆਦਾ ਹੁੰਦੇ ਹਨ, ਪਰ ਡਿਜੀਟਲ ਭਟਕਣਾ ਇੱਕ ਵੱਡੀ ਚੁਣੌਤੀ ਬਣ ਜਾਂਦੀ ਹੈ।

**ਡਿਜੀਟਲ ਯੁੱਗ ਵਿੱਚ ਪੜ੍ਹਨ ਦਾ ਮਾਹੌਲ**

ਈ-ਕਿਤਾਬਾਂ ਅਤੇ ਔਨਲਾਈਨ ਸਰੋਤ ਗਿਆਨ ਨੂੰ ਵਧਾ ਰਹੇ ਹਨ, ਪਰ ਸੰਤੁਲਨ ਜ਼ਰੂਰੀ ਹੈ। ਸਕ੍ਰੀਨ ਅਤੇ ਪ੍ਰਿੰਟ ਕੀਤੀਆਂ ਕਿਤਾਬਾਂ ਦੋਵਾਂ ਦੀ ਸੰਤੁਲਿਤ ਵਰਤੋਂ ਸਭ ਤੋਂ ਵਧੀਆ ਨਤੀਜੇ ਦਿੰਦੀ ਹੈ।

**ਸਿੱਟਾ**

ਪੜ੍ਹਨ ਲਈ ਅਨੁਕੂਲ ਮਾਹੌਲ ਵਿਅਕਤੀ ਦੇ ਬੌਧਿਕ ਅਤੇ ਨੈਤਿਕ ਵਿਕਾਸ ਦੀ ਨੀਂਹ ਰੱਖਦਾ ਹੈ। ਇਹ ਸਿਰਫ਼ ਪ੍ਰੀਖਿਆ ਵਿੱਚ ਕਾਮਯਾਬ ਹੋਣ ਦਾ ਸਾਧਨ ਨਹੀਂ ਹੈ, ਸਗੋਂ ਜੀਵਨ ਭਰ ਸਿੱਖਣ ਦੀ ਆਦਤ ਪੈਦਾ ਕਰਨ ਦਾ ਸਾਧਨ ਹੈ। ਜੇਕਰ ਪਰਿਵਾਰ, ਸਕੂਲ ਅਤੇ ਸਮਾਜ ਇਕੱਠੇ ਹੋ ਕੇ ਪੜ੍ਹਨ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੇ ਹਨ, ਤਾਂ ਇੱਕ ਜਾਗਰੂਕ, ਸੰਵੇਦਨਸ਼ੀਲ ਅਤੇ ਗਿਆਨਵਾਨ ਸਮਾਜ ਦਾ ਨਿਰਮਾਣ ਸੰਭਵ ਹੈ।

ਪੜ੍ਹਨ ਦਾ ਸਹੀ ਮਾਹੌਲ ਸਿਰਫ਼ ਕਿਤਾਬਾਂ ਤੋਂ ਨਹੀਂ ਬਣਦਾ — ਇਹ ਸੋਚ, ਅਨੁਸ਼ਾਸਨ ਅਤੇ ਪ੍ਰੇਰਣਾ ਨਾਲ ਬਣਿਆ ਹੁੰਦਾ ਹੈ।

# ਕੂਟਨੀਤੀ ਦੇ ਬਦਲ ਰਹੇ ਸਮੀਕਰਨ

ਰਾਜਨੀਤੀ ਦੀ ਖੇਡ ਵੀ ਛੇਤੀ ਕੀਤਿਆਂ ਆਮ ਬੰਦੇ ਦੇ ਸਮਝ ਦੇ ਵਿੱਚ ਨਹੀ ਆਉਂਦੀ, ਪਰ ਜਿਹੜੇ ਮਾਮਲਿਆਂ ਵਿੱਚ ਰਾਜਨੀਤੀ ਅਤੇ ਕੂਟਨੀਤੀ ਇੱਕ ਜੁੱਟਤਾ ਨਾਲ ਅੱਗੇ ਵੱਧਦੀਆਂ ਹਨ, ਤਾਂ ਅਜਿਹੇ ਮਾਮਲੇ ਆਮ ਨਹੀ ਰਹਿੰਦੇ, ਬਲਕਿ ਬੇਹੱਦ ਗੰਭੀਰ ਅਤੇ ਚਿੰਤਾਜਨਕ ਹੋ ਜਾਂਦੇ ਹਨ। ਜੇਕਰ ਰਾਜਨੀਤੀ ਅੱਗ ਦਾ ਭਾਂਬੜ ਹੈ ਤਾਂ ਕੂਟਨੀਤੀ ਉਸ ਅੱਗ 'ਚੋਂ ਨਿਕਲਦਾ ਧੂੰਆ ਹੈ, ਜਿਹੜਾ ਅੱਗੇ ਦੇ ਸੇਕ ਤੋ ਦੂਰ ਜਾਕੇ ਵੀ ਮਾਰ ਕਰਦਾ ਹੈ।

ਕੂਟਨੀਤੀ ਮੈਦਾਨ ਦੀ ਜੰਗ ਨਹੀਂ ਹੁੰਦੀ ਬਲਕਿ ਮੇਜ਼ ਦੀ ਗੱਲ ਬਾਤ ਹੁੰਦੀ ਹੈ। ਇੱਥੇ ਤਲਵਾਰਾਂ ਨਹੀਂ ਖਿੱਚੀਆਂ ਜਾਂਦੀਆਂ, ਸਗੋਂ ਹੱਥ ਮਿਲਾਏ ਜਾਂਦੇ ਹਨ। ਪਰ ਹੱਥ ਮਿਲਾਉਣ ਸਮੇ ਆਪਸੀ ਮੁਸਕਾਨ ਦੇ ਪਿੱਛੇ ਲੁਕੇ ਨਾਪਾਕ ਇਰਾਦਿਆਂ ਦਾ ਹਿਸਾਬ ਵੀ ਰੱਖਿਆ ਜਾਂਦਾ ਹੈ। ਕੂਟਨੀਤੀ ਵਿੱਚ ਬੋਲਿਆ ਘੱਟ ਜਾਂਦਾ ਹੈ, ਸਮਝਿਆ ਵੱਧ ਜਾਂਦਾ ਹੈ। ਜੇ ਰਾਜਨੀਤੀ ਆਪਣੇ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਹੈ, ਤਾਂ ਕੂਟਨੀਤੀ ਬਾਹਰਲੇ ਸੰਸਾਰ ਨਾਲ ਸੰਤੁਲਨ ਬਣਾਉਣ ਦੀ ਕਲਾ ਹੈ। ਰਾਜਨੀਤੀ ਭਾਵਨਾਵਾਂ ਨਾਲ ਖੇਡਦੀ ਹੈ, ਕੂਟਨੀਤੀ ਭਾਵਨਾਵਾਂ ਨੂੰ ਲੁਕਾ ਕੇ ਰੱਖਦੀ ਹੈ। ਰਾਜਨੀਤੀ ਵਿੱਚ ਅੱਗ ਦੇ ਪਲੀਤੇ ਬਾਲ ਕੇ ਭੀੜਾਂ ਨੂੰ ਗਰਮ ਕੀਤਾ ਜਾਂਦਾ ਹੈ। ਕੂਟਨੀਤੀ ਵਿੱਚ ਅੱਗ ਲੱਗੇ ਤਾਂ ਉਹਨੂੰ ਬੜੀ ਲੁਕਵੀਂ ਚਤੁਰਾਈ ਨਾਲ ਬਾਹਰੀ ਤੌਰ ਤੇ ਸ਼ਾਂਤ ਕੀਤਾ ਜਾਂਦਾ ਹੈ, ਜਦੋਂਕਿ ਅੰਦਰੂਨੀ ਤੌਰ ਤੇ ਉਹਦਾ ਛੇਕ ਪ੍ਰਚੰਡ ਰਹਿੰਦਾ ਹੈ। ਪਰ ਦੋਵੇਂ ਇੱਕ-ਦੂਜੇ ਤੋਂ ਅਲੱਗ ਨਹੀਂ, ਬਲਕਿ ਇੱਕ ਦੂਜੇ ਦੇ ਪੂਰਕ ਹਨ। ਰਾਜਨੀਤੀ ਰਸਤਾ ਤੈਅ ਕਰਦੀ ਹੈ, ਕੂਟਨੀਤੀ ਉਸ ਰਸਤੇ ਨੂੰ ਪੱਥਰਾਂ ਤੋਂ ਬਚਾਉਂਦੀ ਹੈ।ਰਾਜਨੀਤੀ ਨੀਤੀ ਬਣਾਉਂਦੀ ਹੈ, ਕੂਟਨੀਤੀ ਉਸ ਨੀਤੀ ਨੂੰ ਦੁਨੀਆ ਅੱਗੇ ਵੇਚਦੀ ਹੈ।

ਰਾਜਨੀਤੀ ਅੱਗ ਨਾਲ ਖੇਡਦੀ ਹੈ ਅਤੇ ਕੂਟਨੀਤੀ ਉਸ ਅੱਗ ਨੂੰ ਭਾਂਬੜ ਬਣ ਜਾਣ ਤੋ ਬਾਅਦ ਕੰਟਰੋਲ ਕਰਨ ਵਾਲੀ ਹਵਾ ਹੈ, ਭਾਵਕਿ ਜੇਕਰ ਇੱਕ ਉਬਾਲ ਹੈ ਤਾਂ ਦੂਜਾ ਸੰਤੁਲਨ ਹੈ। ਕੂਟਨੀਤੀ ਉਹ ਹਿੰਮਤ ਹੈ ਜਿਸ ਨਾਲ ਬਿਨਾਂ ਗੋਲੀ ਚਲਾਏ ਆਪਣੇ ਮਕਸਦ ਹਾਸਲ ਕੀਤੇ ਜਾਂਦੇ ਹਨ, ਪਰ ਜਿਸ ਤਰਾਂ ਦਾ ਵਰਤਾਰਾ ਆਪਣੇ ਹੀ ਦੇਸ਼ ਦੇ ਵਿਰੋਧੀ ਵਿਚਾਰ ਰੱਖਣ ਵਾਲੇ, ਵਿਰੋਧੀ ਸੋਚ ਰੱਖਣ ਵਾਲੇ ਲੋਕਾਂ ਦੇ ਵਿਰੁੱਧ ਭਾਰਤੀ ਕੂਟਨੀਤੀ ਦਾ ਸਾਹਮਣੇ ਆਇਆਂ ਹੈ, ਇਹ ਬੇਹੱਦ ਮਾੜਾ, ਖ਼ਤਰਨਾਕ ਅਤੇ ਬੇਈਮਾਨੀ ਵਾਲਾ ਹੈ। ਇਸ ਨੇ ਕੂਟਨੀਤੀ ਨੂੰ ਸਿੱਧੇ ਰੂਪ ਵਿੱਚ ਅੰਤਰਰਾਸ਼ਟਰੀ ਕਾਤਲ ਗਰੋਹ ਬਣਾ ਦਿੱਤਾ ਹੈ।ਅਮਰੀਕਾ ਦੀ ਇੱਕ ਫੈਡਰਲ ਅਦਾਲਤ ਵਿੱਚ 13 ਫਰਵਰੀ 2026 ਨੂੰ ਜਦੋਂ ਨਿਖਿਲ ਗੁਪਤਾ ਨੇ ਤਿੰਨ ਗੰਭੀਰ ਅਪਰਾਧਿਕ ਦੋਸ਼ਾਂ ਨੂੰ ਮੰਨਣ ਦੀ ਗੱਲ ਕਬੂਲ ਕੀਤੀ, ਇਸ ਸਾਜ਼ਿਸ਼ ਵਿੱਚ ਸ਼ਾਮਲ ਸਾਬਕਾ ਭਾਰਤੀ ਅਧਿਕਾਰੀ ਵਿਕਾਸ ਯਾਦਵ ਅਜੇ ਭਾਰਤ ਵਿਚ ਹੈ ਅਤੇ ਅਮਰੀਕੀ ਜਾਂਚ ਏਜੰਸੀ ਐਫ.ਬੀ.ਆਈ ਵੱਲੋਂ ਲੋੜੀਂਦਾ ਘੋਸਿਤ ਕੀਤਾ ਹੋਇਆ ਹੈ। ਇਹ ਕੋਈ ਆਮ ਗੱਲ ਨਹੀ ਸੀ ਅਤੇ ਨ ਹੀ ਨਿਖਲ ਗੁਪਤਾ ਕੋਈ ਆਮ ਦੋਸ਼ੀ ਵਜੋਂ ਅਦਾਲਤ ਸਾਹਮਣੇ ਖੜਾ ਸੀ ਜਿਸ ਨੇ ਕੋਈ ਆਪਣਾ ਛੋਟਾ ਮੋਟਾ ਗੁਨਾਹ ਕਬੂਲ ਕੀਤਾ ਹੋਵੇ, ਬਲਕਿ ਨਿਖਲ ਗੁਪਤਾ ਭਾਰਤੀ ਕੂਟਨੀਤੀ ਦੀ ਪ੍ਰਤੀਨਿਧਤਾ ਦਾ ਪਰਤੀਕ ਹੈ। ਨਿਖਲ ਗੁਪਤਾ ਦੀ ਇਸ ਕਾਰਵਾਈ ਨੇ ਜਿੱਥੇ ਹੁਣ ਤੱਕ ਸਿੱਖ ਜਥੇਬੰਦੀਆਂ ਵੱਲੋਂ ਪਰਗਟ ਕੀਤੇ ਜਾ ਰਹੇ ਖਦਸ਼ਿਆਂ ਨੂੰ ਸੱਚ ਸਾਬਤ ਕਰ ਦਿੱਤਾ ਹੈ, ਓਥੇ ਉਹਦੀ ਇਸ ਕਾਰਵਾਈ ਨੇ ਭਾਰਤੀ ਤੰਤਰ ਨੂੰ ਕਟਹਿਰੇ ਵਿੱਚ ਖੜਾ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਮਾਮਲਾ



ਅਮਰੀਕਾ ਵਿੱਚ ਰਹਿੰਦੇ ਖ਼ਾਲਿਸਤਾਨ ਹਮਾਇਤੀ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਦੇ ਕਥਿਤ ਕਤਲ ਦੀ ਸਾਜ਼ਿਸ਼ ਦੇ ਕਬੂਲ ਨਾਮੇ ਦਾ ਹੈ। ਇਸ ਸਾਜ਼ਿਸ਼ੀ ਕਬੂਲ ਨਾਮੇ ਨੇ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਫ਼ਿਕਰ ਮੰਦ ਕੀਤਾ ਹੈ, ਕਿਉਂਕਿ ਇਸ ਸਿੱਖ ਵਿਰੋਧੀ ਵਰਤਾਰੇ ਵਿੱਚ ਭਾਰਤੀ ਕੂਟਨੀਤੀ ਦਾ ਅਸਲੀ ਚਿਹਰਾ ਨੰਗਾ ਹੋ ਗਿਆ ਹੈ। ਕਿਰਾਏ 'ਤੇ ਕਤਲ ਦੀ ਸਾਜ਼ਿਸ਼, ਕਿਰਾਏ 'ਤੇ ਕਤਲ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਦਾ ਕਬੂਲ ਨਾਮਾ, ਅਮਰੀਕੀ ਅਟਾਰਨੀ ਦਫ਼ਤਰ ਦੇ ਮੁਤਾਬਕ ਇਨ੍ਹਾਂ ਦੋਸ਼ਾਂ ਲਈ 40 ਸਾਲ ਤੱਕ ਦੀ ਸੰਯੁਕਤ ਸਜ਼ਾ ਹੋ ਸਕਦੀ ਹੈ। ਪਰ ਇਸ ਮਾਮਲੇ ਦੀ ਗੂੰਜ ਸਿਰਫ਼ ਕਾਨੂੰਨੀ ਪੰਨਿਆਂ ਤੱਕ ਸੀਮਿਤ ਨਹੀਂ ਰਹੀ; ਇਹ ਕੂਟਨੀਤਿਕ ਦਫ਼ਤਰਾਂ, ਪ੍ਰਵਾਸੀ ਸਿੱਖਾਂ ਦੇ ਘਰਾਂ ਅਤੇ ਰਾਜਨੀਤਿਕ ਮੰਚਾਂ ਤੱਕ ਫੈਲ ਗਈ।


ਬਘੇਲ ਸਿੰਘ ਧਾਲੀਵਾਲ
99142-58142


ਅਮਰੀਕੀ ਪ੍ਰੋਸੀਕਿਊਟਰਾਂ ਨੇ ਦਲੀਲ ਦਿੱਤੀ ਕਿ ਨਿਖਿਲ ਗੁਪਤਾ ਨੇ ਭਾਰਤੀ ਸਰਕਾਰੀ ਅਧਿਕਾਰੀਆਂ ਨਾਲ ਮਿਲ ਕੇ ਨਿਊਯਾਰਕ ਸਿਟੀ ਵਿੱਚ ਗੁਰਪਤਵੰਤ ਸਿੰਘ ਪੰਨੂ ਦੀ ਹਤਿਆ ਦੀ ਯੋਜਨਾ ਘੜੀ ਸੀ। ਕਥਿਤ ਤੌਰ 'ਤੇ ਇੱਕ ਕਿਰਾਏ ਦੇ ਕਾਤਲ ਦੀ ਭਰਤੀ, ਰਕਮ ਦੇ ਲੈਣ-ਦੇਣ ਅਤੇ ਇਲੈਕਟ੍ਰਾਨਿਕ ਸੰਚਾਰ ਇਸ ਯੋਜਨਾ ਦਾ ਹਿੱਸਾ ਸਨ। ਜ਼ਿਕਰ ਏ ਖਾਸ ਹੈ ਕਿ ਅਮਰੀਕਾ ਨਿਵਾਸੀ ਗੁਰਪਤਵੰਤ ਸਿੰਘ ਪੰਨੂ ਦੋਹਰੇ ਅਮਰੀਕੀ-ਕੈਨੇਡੀਅਨ ਨਾਗਰਿਕ ਹਨ ਅਤੇ ਉਹ ਲੰਮੇ ਸਮੇਂ ਤੋਂ ਭਾਰਤ ਸਰਕਾਰ ਦੇ ਨਿਸ਼ਾਨੇ 'ਤੇ ਰਹੇ ਹਨ। ਉਨ੍ਹਾਂ ਉੱਤੇ ਭਾਰਤ ਵਿੱਚ ਗੰਭੀਰ ਦੋਸ਼ ਦਰਜ ਹਨ, ਜਦਕਿ ਉਨ੍ਹਾਂ ਦੇ ਹਮਾਇਤੀ ਉਨ੍ਹਾਂ ਨੂੰ ਰਾਜਨੀਤਿਕ ਅਧਿਕਾਰਾਂ ਦੀ ਆਵਾਜ਼ ਕਹਿੰਦੇ ਹਨ। ਇਸ ਮਾਮਲੇ ਨੇ ਇੱਕ ਵੱਡਾ ਸਵਾਲ ਖੜਾ ਕੀਤਾ ਹੈ, ਕਿ ਕੀ 21ਵੀਂ ਸਦੀ ਵਿੱਚ ਰਾਜਨੀਤਿਕ ਅਸਹਿਮਤੀ ਸਰਹੱਦਾਂ ਤੋਂ ਪਰੇ ਜਾ ਕੇ ਖ਼ਤਰਨਾਕ ਰੂਪ ਧਾਰਨ ਕਰ ਰਹੀ ਹੈ ਅਤੇ ਕੂਟਨੀਤੀ ਗੁਪਤ ਮਾਰੂ ਕਾਰਵਾਈਆਂ ਦੇ ਰੂਪ ਵਿੱਚ ਬਦਲ ਰਹੀ ਹੈ? ਇਹ ਕੇਸ ਇਕੱਲਾ ਨਹੀਂ। ਕੈਨੇਡਾ ਵਿੱਚ ਸਿੱਖ ਕਾਰਕੁਨ ਹਰਦੀਪ ਸਿੰਘ ਨਿਝਰ ਦੀ ਹੱਤਿਆ ਤੋਂ ਬਾਅਦ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਦੋਸ਼ ਲਗਾਇਆ ਸੀ ਕਿ ਇਸ ਵਿੱਚ ਭਾਰਤੀ ਏਜੰਟਾਂ ਦੀ ਸੰਭਾਵਿਤ ਭੂਮਿਕਾ ਬਾਰੇ ਭਰੋਸੇਯੋਗ ਜਾਣਕਾਰੀ ਹੈ, ਪ੍ਰੰਤੂ ਭਾਰਤ ਨੇ ਇਹ ਦੋਸ਼ ਨਕਾਰ ਦਿੱਤੇ ਸਨ। ਇੰਗਲੈਂਡ ਵਿੱਚ ਅਵਤਾਰ ਸਿੰਘ ਖੰਡੇ ਦੀ ਮੌਤ ਅਤੇ ਪਾਕਿਸਤਾਨ ਵਿੱਚ ਕੁਝ ਸਿੱਖ ਕਾਰਕੁਨਾਂ ਦੇ ਕਤਲਾਂ ਨੇ ਵੀ ਪ੍ਰਵਾਸੀ ਭਾਈਚਾਰੇ ਵਿੱਚ ਬੇਚੈਨੀ ਪੈਦਾ ਕੀਤੀ।

ਹਾਲਾਂਕਿ ਹਰ ਮਾਮਲੇ ਦੀ ਆਪਣੀ ਅਲੱਗ ਜਾਂਚ ਅਤੇ ਕਾਨੂੰਨੀ ਸਥਿਤੀ ਹੈ, ਪਰ ਦੁਨੀਆ ਪੱਧਰ ਤੇ ਸਿੱਖਾਂ ਦੇ ਮਾਮਲੇ ਵਿੱਚ ਸੁਰੱਖਿਆ ਦਾ ਸੰਕਟ ਦਰਪੇਸ਼ ਹੈ।

ਅਮਰੀਕੀ ਕਾਨੂੰਨ ਵਿੱਚ ਕਿਰਾਏ 'ਤੇ ਕਤਲ ਦੀ ਸਾਜ਼ਿਸ਼ ਇੱਕ ਭਾਰੀ ਅਪਰਾਧ ਹੈ। ਜੇ ਦੋਸ਼ ਅੰਤਿਮ ਤੌਰ 'ਤੇ ਕਾਇਮ ਰਹਿੰਦੇ ਹਨ, ਤਾਂ ਸਜ਼ਾ ਲੰਮੀ ਅਤੇ ਸਖ਼ਤ ਹੋ ਸਕਦੀ ਹੈ। ਇਸ ਮਾਮਲੇ ਨੇ ਅਮਰੀਕਾ ਅਤੇ ਭਾਰਤ ਸੰਬੰਧਾਂ ਨੂੰ ਇੱਕ ਨਵੀਂ ਪਰਖ 'ਚ ਖੜ੍ਹਾ ਕਰ ਦਿੱਤਾ ਹੈ। ਇੱਕ ਪਾਸੇ ਦੋਵੇਂ ਦੇਸ਼ ਇੰਡੋ-ਪੈਸਿਫਿਕ ਰਣਨੀਤੀ, ਰੱਖਿਆ ਸਹਿਯੋਗ ਅਤੇ ਵਪਾਰ ਵਿੱਚ ਭਾਗੀਦਾਰ ਹਨ; ਦੂਜੇ ਪਾਸੇ ਅਜਿਹੇ ਗੰਭੀਰ ਦੋਸ਼ ਭਰੋਸੇ ਦੀ ਤੰਦ ਨੂੰ ਕਮਜ਼ੋਰ ਕਰ ਸਕਦੇ ਹਨ। ਜਦੋਂ ਦੋਸਤ ਦੇਸ਼ ਦੀ ਧਰਤੀ 'ਤੇ ਕਿਸੇ ਪ੍ਰਵਾਸੀ ਆਗੂ ਦੇ ਕਥਿਤ ਕਤਲ ਦੀ ਯੋਜਨਾ ਦੀ ਗੱਲ ਉਠੇ, ਤਾਂ ਕੂਟਨੀਤੀ ਦੀ ਭਾਸ਼ਾ ਭਾਂਵੇਂ ਨਰਮ ਰਹਿੰਦੀ ਹੈ ਪਰ ਅੰਦਰੋਂ ਅੰਦਰ ਤਣਾਅ ਗਹਿਰਾ ਹੋ ਜਾਂਦਾ ਹੈ। ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਲਈ ਇਹ ਮਾਮਲੇ ਸਿਰਫ਼ ਖ਼ਬਰਾਂ ਨਹੀਂ,ਇਹ ਉਨ੍ਹਾਂ ਦੇ ਅਧਿਕਾਰਾਂ, ਵਿਚਾਰਾਂ ਦੀ ਆਜ਼ਾਦੀ ਅਤੇ ਜਾਨ ਦੀ ਸੁਰੱਖਿਆ ਨਾਲ ਜੁੜੇ ਹੋਏ ਹਨ। ਵੱਖ ਵੱਖ ਸਿੱਖ ਸੰਗਠਨਾਂ ਨੇ ਪੂਰੀ ਅਤੇ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਇਹ ਵੀ ਯਾਦ ਰੱਖਣਾ ਲਾਜ਼ਮੀ ਹੈ ਕਿ ਦੋਸ਼ ਸਾਬਤ ਹੋਣ ਤੱਕ ਹਰ ਵਿਅਕਤੀ ਨੂੰ ਬੇਦੋਸ਼ ਮੰਨਿਆ ਜਾਣਾ ਕਾਨੂੰਨ ਦਾ ਮੂਲ ਸਿਧਾਂਤ ਹੈ, ਜਿਸਦੀ ਪਾਲਣਾ ਭਾਰਤ ਵਰਗੇ ਮੁਲਕ ਵਿੱਚ ਤਾਂ ਭਾਵੇਂ ਨਹੀ ਕੀਤੀ ਜਾਂਦੀ ਪਰ ਕਨੇਡਾ ਅਮਰੀਕਾ ਸਮੇਤ ਦੁਨੀਆ ਦੇ ਬਹੁਤ ਸਾਰੇ ਮੁਲਕ ਇਸ ਸਿਧਾਂਤ ਨੂੰ ਜਿਉਂਦਾ ਰੱਖਣ ਲਈ ਸੰਜੀਦਾ ਹਨ। ਨਿਖਿਲ ਗੁਪਤਾ ਦੀ ਕਬੂਲੀਅਤ ਦੇ ਬਾਵਜੂਦ ਸਜ਼ਾ ਸੁਣਾਉਣ ਅਤੇ ਹੋਰ ਕਾਨੂੰਨੀ ਕਾਰਵਾਈ ਅਜੇ ਬਾਕੀ ਹੈ। ਇਹ ਇੱਕ ਅਜਿਹੀ ਕਹਾਣੀ ਹੈ ਜਿਸ ਵਿੱਚ ਪਾਤਰ ਸਿਰਫ਼ ਆਮ ਮਨੁੱਖ ਜਾਂ ਆਮ ਮੁਲਜ਼ਮ ਨਹੀਂ ਰਹਿੰਦੇ, ਸਗੋਂ ਉਹ ਰਾਜਨੀਤਿਕ ਵਿਚਾਰਧਾਰਾਵਾਂ ਦੇ ਪ੍ਰਤੀਕ ਬਣ ਜਾਂਦੇ ਹਨ। ਅਦਾਲਤ ਦੀ ਇੱਕ ਕਬੂਲੀਅਤ ਕਈ ਦੇਸ਼ਾਂ ਦੇ ਰਿਸ਼ਤਿਆਂ ਦੀ ਦਿਸ਼ਾ ਬਦਲ ਸਕਦੀ ਹੈ। ਹੁਣ ਸਾਰੀ ਨਜ਼ਰ ਅਦਾਲਤ ਦੇ ਅੰਤਿਮ ਫ਼ੈਸਲੇ ਅਤੇ ਸੰਭਾਵਿਤ ਕੂਟਨੀਤਿਕ ਪ੍ਰਭਾਵਾਂ 'ਤੇ ਹੈ, ਕਿ ਕੀ ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਦੀ ਕਬੂਲੀਅਤ 'ਤੇ ਖਤਮ ਹੋਵੇਗਾ ਜਾਂ ਇਸ ਤੋਂ ਵੱਡੀਆਂ ਜਾਂਚਾਂ ਦਾ ਦਰਵਾਜ਼ਾ ਖੁੱਲੇਗਾ?

ਇੱਕ ਗੱਲ ਨਿਸ਼ਚਿਤ ਹੈ, ਇਹ ਘਟਨਾ 21ਵੀਂ ਸਦੀ ਦੀ ਰਾਜਨੀਤੀ ਦਾ ਉਹ ਅਧਿਆਇ ਬਣ ਚੁੱਕੀ ਹੈ ਜਿਸ ਵਿੱਚ ਕਾਨੂੰਨ, ਜਾਸੂਸੀ, ਪ੍ਰਵਾਸੀ ਪਹਿਚਾਣ ਅਤੇ ਰਾਜਸੀ ਸੁਰੱਖਿਆ ਇੱਕ ਹੀ ਪੰਨੇ 'ਤੇ ਲਿਖੇ ਜਾ ਰਹੇ ਹਨ। ਇਹ ਕਹਾਣੀ ਅਜੇ ਅਧੂਰੀ ਹੈ। ਪਰ ਇਸ ਦੀ ਗੂੰਜ ਦੁਨੀਆ ਦੀਆਂ ਕਈ ਰਾਜਧਾਨੀਆਂ ਵਿੱਚ ਸੁਣੀ ਜਾ ਰਹੀ ਹੈ। ਕੁੱਝ ਵੀ ਹੋਵੇ ਅਮਰੀਕਾ ਦੀਆਂ ਖੁਫ਼ੀਆਂ ਜਾਂਚ ਏਜੰਸੀਆਂ ਦੀ ਬਦੌਲਤ ਨਿਖ਼ਿਲ ਗੁਪਤਾ ਦੇ ਕਬੂਲ-ਨਾਮੇ ਨੇ ਭਾਰਤ ਦੇ ਸਿੱਖ ਘੱਟ ਗਿਣਤੀ ਪ੍ਰਤੀ ਨਜ਼ਰੀਏ ਅਤੇ ਸਿੱਖ ਹਿਤਾਂ ਦੀ ਗੱਲ ਨੂੰ ਬਾ ਦਲੀਲ ਦੁਨੀਆ ਸਾਹਮਣੇ ਰੱਖ ਸਕਣ ਦੀ ਯੋਗਤਾ ਰੱਖਣ ਵਾਲੇ ਸਿੱਖਾਂ ਪ੍ਰਤੀ ਵਰਤੇ ਜਾਂਦੇ ਮਾਰੂ ਵਰਤਾਰੇ ਨੂੰ ਜੱਗ ਜ਼ਾਹਰ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਇਸ ਨੈਰੇਟਿਵ ਨੂੰ ਤੋੜ ਦੇਣ ਦੀ ਕਾਬਲੀਅਤ ਅਤੇ ਹਿੰਮਤ ਰੱਖਣ ਵਾਲੇ ਅਮਰੀਕਨ ਸਟੇਟ ਦੀ ਸ਼ਲਾਘਾ ਵੀ ਕਰਨੀ ਬਣਦੀ ਹੈ, ਜਿਸ ਨੇ ਭਾਰਤ ਵਰਗੀ ਮੰਡੀ ਦੇ ਖੁੱਸ ਜਾਣ ਦੀ ਬਗੈਰ ਪ੍ਰਵਾਹ ਕੀਤਿਆਂ ਨਿਖ਼ਿਲ ਗੁਪਤਾ ਤੇ ਸਿਕੰਜਾ ਕੱਸ ਕੇ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਦਾ ਦਾਮਨ ਭਰਿਆ ਹੈ, ਓਥੇ ਭਾਰਤੀ ਕੂਟਨੀਤੀ ਨੂੰ ਸਿੱਧੇ ਰੂਪ ਵਿੱਚ ਚਿਤਾਵਨੀ ਵੀ ਦੇ ਦਿੱਤੀ ਹੈ। ਸੋ ਕਨੇਡਾ ਅਤੇ ਅਮਰੀਕਾ ਦੇ ਸਿੱਖਾਂ ਪ੍ਰਤੀ ਹਾਂ ਪੱਖੀ ਨਜ਼ਰੀਏ ਤੋਂ ਬਾਅਦ ਸਿੱਖਾਂ ਦੇ ਕਤਲਾਂ ਵਿੱਚ ਖੜੋਤ ਆਈ ਹੈ,ਇਸ ਲਈ ਇਹ ਆਸ ਕੀਤੀ ਜਾ ਰਹੀ ਹੈ ਕਿ ਭਵਿੱਖ ਵਿੱਚ ਵੀ ਇਸ ਸਿੱਖ ਵਿਰੋਧੀ ਬਿਰਤਾਂਤ ਨੂੰ ਬਲ ਨਹੀ ਮਿਲੇਗਾ।

Dosanjh Family
AUTO GROUP

Cadillac | CHEVROLET | INFINITI | KIA | NISSAN | BUICK
GMC | LIVERMORE TOYOTA | HYUNDAI Fremont Hyundai | TOYOTA | Ford | ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD